ਕਾਪੀ ਰਾਈਟ

Amrik i A

ਪਹਿਲੀ ਵਾਰ
ਸਤੰਬਰ ੧੯੫੫
ਦੂਜੀ ਵਾਰ
ਅਪਰੈਲ ੧੯੫੯
ਮੁਲ–੧.੮੯

ਪ੍ਰਿੰਟਰ–ਕੁਲਦੀਪ ਸਿੰਘ ਐਮ ਏ.
ਕੁਲਦੀਪ ਈ. ਪ੍ਰੈਸ, ਕਚਹਿਰੀ ਰੋਡ, ਅੰਮ੍ਰਿਤਸਰ.
ਪਬਲਿਸ਼ਰ–ਮੁਬਾਰਕ ਸਿੰਘ ਐਮ. ਏ.
ਸਿਖ ਪਬਲਿਸ਼ਿੰਗ ਹਾਊਸ ਪ੍ਰਾ: ਲਿ: ਕੁਈਨਜ਼ ਰੋਡ, ਅੰਮ੍ਰਿਤਸਰ,

## ਤਤਕਰਾ


ਆਸਾ ਦੇ ਅੰਬਾਰ ੫
ਅਨੁਰਾਗ ੩੮
ਅਖ ਅਗੇ ਕਖ ੫੦
ਤਾਸ਼ ਦੀ ਬਾਜ਼ੀ ੮੦
ਪੀੜਾਂ ੧੧੨
ਮਹਾਰਾਜਾ ਦੀ ਜੈ ੧੨੭

## ਪ੍ਰੋ. ਅਮਰੀਕ ਸਿੰਘ ਲਿਖਤ
## ਹੋਰ ਨਾਟਕ

| | |
|---|---|
| ਕੰਮ ਕਿ ਘੜੰਮ | (ਪੂਰਾ ਨਾਟਕ) |
| ਰਾਹਾਂ ਦੇ ਨਿਖੇੜ ਤੇ | ” |
| ਜੀਵਨ ਝਲਕਾਂ | (ਇਕਾਂਗੀ-ਸੰਗ੍ਰਹਿ) |
| ਪਰਛਾਵਿਆਂ ਦੀ ਪਕੜ | ” |

18 41

# ਆਸਾਂ ਦੇ ਅੰਬਾਰ

ਸਮਾਂ–ਸਿਤੰਬਰ ੧੯੪੭
ਸਥਾਨ–ਅੰਮ੍ਰਿਤਸਰ
ਇਕ ਅਮੀਰ ਘਰ ਦਾ ਖਾਣ ਦਾ ਕਮਰਾ
ਸ਼ਾਮ ਦੀ ਚਾਹ ਦਾ ਵੇਲਾ

ਪਤੀ–ਬਿਸਕੁਟ ਅਜ ਸਿਲੇ ਕਿਉਂ ਨੇ ?
ਪਤਨੀ–ਗਲਤੀ ਨਾਲ ਡਬਾ ਖੁਲ੍ਹਾ ਰਹਿ ਗਿਆ ਸੀ।
ਪਤੀ–ਸਵਾਦ ਹੀ ਨਹੀਂ ਆ ਰਿਹਾ।
ਪਤਨੀ–ਇਹ ਮਠੀਆਂ ਖਾ ਕੇ ਵੇਖੋ। ਕਾਫ਼ੀ ਖਸਤਾ ਨੇ।
ਪਤੀ–ਕਿਥੋਂ ਲਈਆਂ ਨੇ ?
ਪਤਨੀ–ਹਲਵਾਈ ਕੋਲੋਂ ਆਪ ਬਣਵਾਈਆਂ ਨੇ (ਚਕ ਮਾਰਦੇ ਹੋਏ)

ਚੰਗੀਆਂ ਸਵਾਦਲੀਆਂ ਬਣਾਈਆਂ ਸੂ।

ਪਤੀ–ਉਹ ਵੇਖੋ ਮੱਖੀ ਪਈ ਬਹਿੰਦੀ ਹੈ ਮਠੀਆਂ ਤੇ, ਡੱਬਾ ਬੰਦ ਕਰ ਦੇਵੋ।

ਪਤਨੀ–ਪਤਾ ਨਹੀਂ ਇਹ ਆ ਕਿਧਰੋਂ ਗਈ ਹੈ!

ਪਤੀ–ਮੱਖੀ-ਮਾਰ ਕਿਥੇ ਹੈ? (ਆਲੇ ਦੁਆਲੇ ਵੇਖ ਕੇ) ਕਿੰਨੀ ਵਾਰੀ ਇਸ ਬੇਵਕੂਫ਼ ਨੌਕਰ ਨੂੰ ਕਿਹਾ ਹੈ ਚੀਜ਼ਾਂ ਆਪਣੀ ਥਾਂ ਤੋਂ ਨਾ ਹਿਲਾਇਆ ਕਰ, ਪਰ ਮੋਟੀ ਅਕਲ ਵਾਲਾ ਹੈ।

ਪਤਨੀ–ਨੌਕਰ ਜੁ ਹੋਇਆ, ਕੋਈ ਪੜ੍ਹਿਆ ਲਿਖਿਆ ਥੋੜਾ ਹੀ ਹੈ।

ਪਤੀ–ਪਰਸ਼ੋਤਮ, ਓ ਪਰਸ਼ੋਤਮ!

ਕੋਈ ਜਵਾਬ ਨਹੀਂ ਆਂਦਾ।

ਪਤਨੀ–ਕੀ ਗਲ ਹੈ? ਸ਼ਾਇਦ ਸਬਜ਼ੀ ਲੈਣ ਗਿਆ ਹੋਣਾ ਹੈ।

ਪਤੀ–ਮੈਨੂੰ ਮੱਖੀ-ਮਾਰ ਚਾਹੀਦਾ ਹੈ। ਇਹ ਮੱਖੀ ਵੇਖ ਵੇਖ ਕੇ ਮੈਨੂੰ ਖਿਝ ਪਈ ਚੜ੍ਹਦੀ ਹੈ।

ਪਤਨੀ–ਮੈਂ ਲੈ ਆਂਦੀ ਹਾਂ।

ਅੰਦਰਲੇ ਕਮਰੇ 'ਚੋਂ ਜਾ ਕੇ ਮੱਖੀ-ਮਾਰ ਲੈ ਆਂਦੀ ਹੈ।

ਪਤਨੀ- ਇਹ ਲੋ!

ਪਤੀ–ਉਥੇ ਕਿਸ ਨੇ ਰਖਿਆ ਸੀ?

ਪਤਨੀ–ਸ਼ਾਇਦ ਮੈਂ ਹੀ ਰਖਿਆ ਸੀ–ਫੇਰ ਚੁਕਣਾ ਭੁਲ ਗਈ ਸਾਂ।

ਪਤੀ–(ਉਠ ਕੇ ਮੱਖੀ ਦਾ ਪਿਛਾ ਕਰਦਿਆਂ ਹੋਇਆਂ) ਇਨੀ ਜ਼ਰੂਰੀ ਚੀਜ਼ ਕਿਧਰੇ ਰਖ ਕੇ ਭੁਲ ਨਾ ਜਾਇਆ ਕਰੋ।

ਮੱਖੀ ਉਸ ਕੋਲੋਂ ਕਾਬੂ ਨਹੀਂ ਆਂਦੀ, ਕਦੇ ਅਗੇ ਦੌੜਦਾ ਹੈ ਕਦੇ ਪਿਛੇ।

ਪਤਨੀ–(ਚੀਕ ਮਾਰ ਕੇ) ਵੇਖਣਾ, ਹੁਣੇ ਮੇਰੀ ਚਾਹ ਡੋਲ੍ਹਣ ਲਗੇ ਸੀ।

ਪਤੀ—ਤੇ ਜੇ ਚਾਹ ਵਿਚ ਜਾ ਪਵੇ ਤਾਂ ਚੰਗਾ ਰਹੇਗਾ ?

ਪਤਨੀ—ਚੰਗਾ ਕਿਉਂ ਰਹੇਗਾ ? ਪਰ ਧਿਆਨ ਨਾਲ ਮਾਰੋ। ਇਹ ਨਾ ਹੋਵੇ ਕਿ ਮੱਖੀ ਮਾਰਦਿਆਂ ਮਾਰਦਿਆਂ ਚਾਹ ਡੁਲ੍ਹ ਜਾਏ ਜਾਂ ਪਿਆਲਾ ਟੁਟ ਜਾਏ। ਕਪੜੇ ਵਖ ਖ਼ਰਾਬ ਹੋਣ ਤੇ ਸਵਾਦ ਵਖ ਖ਼ਰਾਬ ਹੋਵੇ।

ਪਤੀ—(ਜ਼ਰਾ ਛਿਥਿਆਂ ਪੈ ਕੇ) ਲੌ ਫਿਰ ਆਪ ਹੀ ਮਾਰੋ। ਮੇਰੀ ਤਾਂ ਆਪਣੀ ਚਾਹ ਠੰਢੀ ਪਈ ਹੁੰਦੀ ਹੈ।

ਬੈਠ ਜਾਂਦਾ ਹੈ।

ਪਤਨੀ—ਹੁਣ ਮਾਰਨ ਲਗੇ ਸੀ ਤਾਂ ਮਾਰ ਮੁਕਾਂਦੇ।

ਪਤੀ—ਆਦਮੀ ਮੱਖੀਆਂ ਮਾਰਦੇ ਨਹੀਂ ਚੰਗੇ ਲਗਦੇ।

ਪਤਨੀ—ਤੇ ਤੁਹਾਡਾ ਮਤਲਬ ਹੈ ਔਰਤਾਂ ਹੀ ਇਸ ਕੰਮ ਦੇ ਯੋਗ ਨੇ।

ਪਤੀ—ਆਦਮੀਆਂ ਦਾ ਕੰਮ ਹੈ ਸ਼ੇਰ ਮਾਰਨਾ, ਸਪ ਮਾਰਨਾ, (ਜ਼ਰਾ ਰੁਕ ਕੇ) ਮੁਸਲਮਾਨ ਮਾਰਨਾ।

ਪਤਨੀ—ਇਹ ਕੀ ਪਏ ਕਹਿੰਦੇ ਹੋ ?

ਪਤੀ—ਤੇ ਹੋਰ ਕੀ ? ਪਰਸੋਂ ਕਲੱਬ ਵਿਚ ਸਾਰੇ ਇਕ ਦੂਜੇ ਨੂੰ ਪੁਛ ਰਹੇ ਸਨ ਕਿ ਤੂੰ ਕਿੰਨੇ ਮੁਸਲਮਾਨ ਮਾਰੇ, ਤੂੰ ਕਿੰਨੇ ਮਾਰੇ।

ਪਤਨੀ-ਫੇਰ ?

ਪਤੀ—ਮੰਨਿਆਂ ਕੋਈ ਵੀ ਨਾ, ਪਰ ਮਾਰੇ ਤਕਰੀਬਨ ਸਾਰਿਆਂ ਨੇ ਹੋਣੇ ਨੇ।

ਪਤਨੀ—ਕੀ ਪਏ ਕਹਿੰਦੇ ਹੋ, ਇਹ ਭਲਾ ਕੋਈ ਮੰਨਣ ਵਾਲੀ ਗਲ ਹੈ ?

ਪਤੀ—ਮੰਨਣ ਵਾਲੀ ਕਿਉਂ ਨਹੀਂ ? ਆਪ ਮਾਰੇ ਜਾਂ ਕਿਸੇ ਕੋਲੋਂ ਮਰਵਾਏ—ਇਹਦੇ ਵਿਚ ਕੀ ਫ਼ਰਕ ਪੈਂਦਾ ਹੈ ? ਉਹ ਤਾਂ ਵਿਚਾਰੇ ਮਰ ਗਏ, ਭਾਵੇਂ ਕਿਸੇ ਤਰ੍ਹਾਂ ਨਾਲ ਮਰੇ।

ਪਤਨੀ—ਕਹਿੰਦੇ ਨੇ ਰਾਇ ਸਾਹਿਬ ਰਘੂ ਰਾਜ ਵਿਚੋ ਵਿਚ ਬੜਾ ਪੈਸਾ

ਖਰਚਦਾ ਰਿਹਾ ਹੈ ਤੇ ਹਾਲੀ ਵੀ ਉਹਨਾਂ ਮਾਰਨ ਵਾਲਿਆਂ ਨੂੰ ਇਹਨੇ ਹਥ ਵਿਚ ਰਖਿਆ ਹੋਇਆ ਹੈ।

ਪਤੀ—ਈਸਬ ਗੋਲ ਤੇ ਕੁਝ ਨਾ ਫੋਲ। ਅੰਦਰੋ ਅੰਦਰ ਇਹਨਾਂ ਸਾਰਿਆਂ ਸੇਠਾਂ ਨੇ ਆਪੋ ਆਪਣੇ ਬੰਦੇ ਪਾਲੇ ਹੋਏ ਨੇ। ਮੁਸਲਮਾਨਾਂ ਦੇ ਮੁਕਾਬਲੇ ਵਿਚ ਅਖ਼ੀਰ ਇਹਨਾਂ ਗੁੰਡੇ ਪਾਲਣੇ ਹੀ ਸਨ, ਹੋਰ ਕੀ ਕਰਦੇ।

ਪਤਨੀ—ਤਾਹੀਓਂ ਤਾਂ ਬਚਾਅ ਰਿਹਾ ਹੈ, ਨਹੀਂ ਤਾਂ ਮੁਸਲਮਾਨ ਕਚਿਆਂ ਖਾ ਨਾ ਜਾਂਦੇ ਸਾਨੂੰ।

ਪਤੀ—ਖਾਣਾ ਕੀ ਸੀ ਵਿਚਾਰਿਆਂ। ਉਹਨਾਂ ਦੀ ਇੰਨੀ ਵਢ ਟੁਕ ਹੋਈ ਹੈ ਕਿ ਰਹੇ ਰਬ ਦਾ ਨਾਂ। ਰੋਜ਼ ਵੇਖਦੇ ਨਹੀਂ, ਕਾਫ਼ਲਿਆਂ ਦੇ ਕਾਫ਼ਲੇ ਲੰਘਦੇ ਨੇ—ਬਚੇ ਚੁਕੀ, ਸਾਮਾਨ ਚੁਕੀ। ਤੁਰ ਨਹੀਂ ਹੁੰਦਾ, ਪਰ ਰਿਹਾ ਵੀ ਨਹੀਂ ਜਾਂਦਾ। ਤਰਸ-ਯੋਗ ਹਾਲਤ ਹੈ ਗ਼ਰੀਬਾਂ ਦੀ।

ਪਤਨੀ—ਤੁਹਾਨੂੰ ਮੁਸਲਮਾਨਾਂ ਗ਼ਰੀਬਾਂ ਤੇ ਤਰਸ ਆਂਦਾ ਹੈ ਤੇ ਜਿਹੜੇ ਆਪਣੇ ਹਿੰਦੂ ਸਿਖ ਭਰਾ ਪਾਕਿਸਤਾਨ ਵਿਚੋਂ ਸਭ ਕੁਝ ਲੁਟਾ ਕੇ ਆ ਰਹੇ ਨੇ—ਉਹਨਾਂ ਦਾ ਕੀ ਹਾਲ ਹੈ ?

ਪਤੀ—ਉਹਨਾਂ ਦਾ ਵੀ ਇਹੋ ਹਾਲ ਹੈ। ਮੁਸੀਬਤ ਪੈਂਦੀ ਹੈ ਤਾਂ ਦੋਹਾਂ ਤੇ ਪੈਂਦੀ ਹੈ।

ਪਤਨੀ—ਦੋਹਾਂ ਤੇ ਇਕੋ ਜਿਹੀ ਨਹੀਂ ਪੈਂਦੀ। ਜੋ ਹਾਲਤ ਸਾਡੇ ਲੋਕਾਂ ਦੀ ਹੋ ਰਹੀ ਹੈ, ਉਹਨਾਂ ਦੀ ਨਹੀਂ ਹੋ ਰਹੀ। ਮੁਸਲਮਾਨਾਂ ਆਪਣਾ ਪਾਕਿਸਤਾਨ ਬਣਾ ਲਿਆ ਹੈ—ਇਹਨਾਂ ਰੁੜ੍ਹ ਜਾਣਿਆਂ ਦਾ ਕੀ ਵਿਗੜਿਆ ਹੈ ?

ਤੀ—(ਬਹਿਸ ਖ਼ਤਮ ਕਰਦੇ ਹੋਏ) ਚਲੋ ਇਸੇ ਤਰ੍ਹਾਂ ਸਹੀ। ਮੈਂ ਤਾਂ ਕਹਿੰਦਾ ਹਾਂ ਸਾਰੇ ਹੀ ਦੁਖੀ ਨੇ, ਕੀ ਹਿੰਦੂ ਤੇ ਕੀ ਮੁਸਲਮਾਨ।

ਦੁਖ ਵੀ ਕੋਈ ਦੌਲਤ ਹੈ ਜੋ ਇਕ ਦੂਜੇ ਵਲ ਵੇਖ ਵੇਖ ਕੇ ਸਾੜਾ ਖਾਈਏ।

ਸੱਜੇ ਪਾਸਿਓਂ ਕਈ ਤਰ੍ਹਾਂ ਦੀਆਂ ਆਵਾਜ਼ਾਂ ਆਂਦੀਆਂ ਨੇ—ਸਾਮਾਨ ਬਲੇ ਟਿਕਾਣ ਦੀਆਂ, ਬੱਚਿਆਂ ਦੇ ਰੋਣ ਦੀਆਂ, ਇਕ ਦੂਜੇ ਨੂੰ ਉੱਚੀ ਉੱਚੀ ਬੋਲਣ ਦੀਆਂ। ਪਤਨੀ ਉਠ ਕੇ ਜਾਲੀਦਾਰ ਬਾਰੀ ਵਿਚੋਂ ਬਾਹਰ ਵਲ ਝਾਕਦੀ ਹੈ।

ਪਤਨੀ—(ਪਤੀ ਵਲ ਮੁੜ ਕੇ) ਹੈਂ, ਇਹ ਕੀ ਹੋ ਰਿਹਾ ਹੈ? ਇਹ ਤਾਂ ਬਹੁਤ ਸਾਰੇ ਰਿਫ਼ੂਜੀ ਸਾਡੇ ਵਰਾਂਡੇ ਵਿਚ ਆ ਵੜੇ ਨੇ।

ਪਤੀ—ਅਛਾ (ਉਠ ਕੇ ਬਾਰੀ ਕੋਲ ਜਾਂਦਾ ਹੈ) ਇਹ ਤਾਂ ਬੜੇ ਸਾਰੇ ਆਦਮੀ ਨੇ—ਇਕ, ਦੋ, ਤਿੰਨ ਵਡੇ ਤੇ ਚਾਰ ਬੱਚੇ।

ਪਤਨੀ—(ਜ਼ਰਾ ਖਿਝਦੀ ਹੋਈ) ਇਹ ਭਲਾ ਕੀ ਮਤਲਬ ਹੋਇਆ? ਜੇ ਰਿਫ਼ੂਜੀਆਂ ਨੂੰ ਥਾਂ ਨਹੀਂ ਮਿਲਦੀ ਤਾਂ ਇਹਦਾ ਇਹ ਮਤਲਬ ਥੋੜਾ ਏ ਕਿ ਉਹ ਲੋਕਾਂ ਦੀਆਂ ਕੋਠੀਆਂ ਵਿਚ ਆ ਵੜਨ।

ਪਤੀ—ਇਹ ਤਾਂ ਬੜੀ ਮਾੜੀ ਗਲ ਹੈ। ਇਹਨਾਂ ਨੂੰ ਹੁਣ ਉਠਾਵਾਂਗੇ ਕਿਸ ਤਰ੍ਹਾਂ? ਇਹ ਲੋਕ ਇਕ ਵਾਰੀ ਬਹਿ ਗਏ ਤਾਂ ਬਸ ਬਹਿ ਗਏ। ਸਮਝੋ ਇਹਨਾਂ ਹਿਲਣ ਦਾ ਨਾਂ ਹੀ ਨਹੀਂ ਲੈਣਾ।

ਪਤਨੀ—ਇਹਨਾਂ ਨੂੰ ਬਹਿਣ ਹੀ ਕਿਉਂ ਦੇਣਾ ਹੈ। ਇਹਨਾਂ ਨੂੰ ਹੁਣੇ ਤੋਰੋ, ਨਹੀਂ ਤਾਂ ਇਹਨਾਂ ਹੌਲੀ ਹੌਲੀ ਕੋਠੀਆਂ ਦੇ ਅੰਦਰ ਆ ਵੜਨਾ ਹੈ।

ਪਤੀ—ਐਡੀ ਲੁਟ ਤਾਂ ਨਹੀਂ ਪਈ ਹੋਈ।

ਪਤਨੀ—ਲੁਟ ਨਹੀਂ ਪਈ ਤਾਂ ਹੋਰ ਕੀ ਹੋ ਰਿਹਾ ਹੈ। ਇਹ ਭਲਾ ਕੋਈ ਤਰੀਕਾ ਹੈ—ਨਾ ਪੁਛਿਆ ਨਾ ਭਾਲਿਆ ਤੇ ਕੋਠੀ ਦੇ

ਅੰਦਰ ਆ ਵੜੇ। (ਬਾਰੀ ਵਿਚੋਂ ਗ਼ੌਰ ਨਾਲ ਤਕਦੇ ਹੋਏ) ਸਾਡੇ ਬੂਟਿਆਂ ਦਾ ਇਹਨਾਂ ਕੱਖ ਨਹੀਂ ਰਹਿਣ ਦੇਣਾ (ਅੰਦਰ ਵਲ ਹੋ ਕੇ ਪਤੀ ਨੂੰ) ਵੇਖਦੇ ਕੀ ਹੋ? ਇਹਨਾਂ ਨੂੰ ਕਢੋ ਇਥੋਂ। ਜੇ ਇਕ ਵਾਰੀ ਬਹਿ ਗਏ ਤਾਂ ਇਹਨਾਂ ਹਿਲਣ ਦਾ ਨਾਂ ਨਹੀਂ ਲੈਣਾ।

ਪਤੀ–(ਬਾਰੀ ਤੋਂ ਹਿਲਦਾ ਹੋਇਆ) ਮੈਂ ਜਾਂਦਾ ਹਾਂ ਬਾਹਰ ਤੇ ਗਲ ਬਾਤ ਕਰਦਾ ਹਾਂ ਇਹਨਾਂ ਨਾਲ।

ਬੂਹੇ ਕੋਲ ਪਹੁੰਚ ਜਾਂਦਾ ਹੈ।

ਪਤਨੀ–ਗਲ ਬਾਤ ਹੀ ਨਹੀਂ ਕਰਨੀ ਨਿਰੀ, ਇਹਨਾਂ ਨੂੰ ਉਥੋਂ ਤੋਰਨਾ ਹੈ, ਹੁਣੇ।

ਪਤੀ–(ਬੂਹੇ 'ਚੋਂ) ਪਹਿਲਾਂ ਤਾਂ ਗਲ ਬਾਤ ਹੀ ਕਰਨੀ ਹੋਵੇਗੀ। ਜਾਂਦਿਆਂ ਕੋਈ ਸਿਰ ਵਿਚ ਸੋਟਾ ਥੋੜਾ ਮਾਰਨਾ ਹੈ।

ਪਤਨੀ–ਜਿੰਜ ਵੀ ਹੋਵੇ ਸਖ਼ਤੀ ਨਾਲ ਗਲ ਕਰਨੀ। ਨਰਮੀ ਨੂੰ ਇਹ ਲੋਕ ਨਹੀਂ ਸਮਝਦੇ।

ਪਤੀ–(ਬੂਹੇ 'ਚੋਂ ਉਹਲੇ ਹੁੰਦੇ ਹੋਏ) ਚੰਗਾ, ਚੰਗਾ।

ਪਤਨੀ–(ਕੋਈ ਨਵੀਂ ਸੋਚ ਆਂਦੇ ਹੋਏ) ਮੈਂ ਕਿਹਾ ਜੀ, ਗਲ ਸੁਣਨਾ!

ਪਤੀ–(ਵਾਪਸ ਮੁੜਦੇ ਹੋਏ) ਕੀ ਗਲ ਹੈ?

ਪਤਨੀ–ਕੋਈ ਉੱਚੀ ਨੀਵੀਂ ਗਲ ਨਾ ਹੋ ਜਾਵੇ।

ਪਤੀ–ਆਪੇ ਤੂੰ ਕਹਿੰਦੀ ਹੈਂ ਨਰਮੀ ਨਾਲ ਗਲ ਨਾ ਕਰਨਾ। ਤੇਰਾ ਵੀ ਕੁਝ ਪਤਾ ਨਹੀਂ ਲਗਦਾ।

ਪਤਨੀ–ਮੇਰਾ ਖ਼ਿਆਲ ਹੈ ਤੁਸੀਂ ਨਾਲ ਦੋ ਬੰਦੇ ਲੈ ਲਵੋ। ਇਕ ਮਾਲੀ ਲੈ ਲਵੋ, ਇਕ ਪਰਸ਼ੋਤਮ–ਸਬਜ਼ੀ ਲੈ ਕੇ ਆ ਗਿਆ ਹੋਣਾ ਹੈ ਹੁਣ ਤਕ।

ਪਤੀ–ਕੀ ਝੱਲੀਆਂ ਗੱਲਾਂ ਕਰਦੀ ਏਂ। ਇਹ ਭਲਾ ਕੋਈ ਮੁਸਲਮਾਨ

ਨੇ ਜੁ ਮੈਂ ਬੰਦੇ ਲੈ ਕੇ ਜਾਵਾਂ?

ਪਤਨੀ–ਤੁਸੀਂ ਇਹਨਾਂ ਨੂੰ ਝੱਲੀਆਂ ਗੱਲਾਂ ਕਹਿੰਦੇ ਹੋ। ਵੇਲੇ ਸਿਰ ਸਿਆਣੀ ਗਲ ਝੱਲੀ ਈ ਲਗਦੀ ਏ, ਪਰ ਪਿਛੋਂ ਜਾ ਕੇ ਮੁਲ ਪੈਂਦਾ ਹੈ। ਤੇ ਫੇਰ ਅਫਸੋਸ ਆਂਦਾ ਹੈ ਕਿ ਮੰਨ ਹੀ ਲਈ ਹੁੰਦੀ ਤਾਂ ਚੰਗਾ ਹੁੰਦਾ।

ਪਤੀ–ਬਸ ਹੁਣ ਰਹਿਣ ਵੀ ਦੇ। ਮੈਂ ਕੋਈ ਪਾਕਿਸਤਾਨ ਤਾਂ ਨਹੀਂ ਚਲਿਆ ਕਿ ਨਾਲ ਦੋ ਪਹਿਰੇਦਾਰ ਲੈ ਕੇ ਜਾਵਾਂ।

ਬਾਹਰ ਵਲ ਜਾਂਦਾ ਹੈ।

ਪਤਨੀ–(ਫੇਰ ਕੁਝ ਸੋਚ ਕੇ) ਮੈਂ ਕਿਹਾ ਇਕ ਗਲ ਹੋਰ ਸੁਣਦੇ ਜਾਵੋ।

ਪਤੀ–(ਬੂਹੇ ਵਿਚੋਂ ਹੀ, ਖਿਝ ਕੇ) ਕੀ ਘਬਰਾ ਪਾ ਰਖਿਆ ਹੈ ਤੂੰ? ਜ਼ਰਾ ਜਿਹੀ ਗਲ ਏ ਤੇ ਵਧਾ ਚੜ੍ਹਾ ਕੇ ਕਿੰਨੀ ਕਰ ਲਈ ਸੂ।

ਪਤਨੀ–ਗਲ ਵੀ ਤਾਂ ਸੁਣੋ। ਤੁਸੀਂ ਤਾਂ ਪਹਿਲੋਂ ਹੀ ਰੌਲਾ ਪਾ ਦੇਂਦੇ ਹੋ।

ਪਤੀ–ਸੁਣਾ ਵੀ! ਇਹੋ ਨਾ ਕਿ ਉਹਨਾਂ ਨਾਲ ਗਲ ਕਰਨ ਲਗਿਆਂ ਆਪਣੇ ਸੱਜੇ ਖੱਬੇ ਦੋ ਪਹਿਰੇਦਾਰ ਖੜੇ ਕਰ ਲਵਾਂ। ਜਿਵੇਂ ਉਹ ਆਦਮੀ ਨਹੀਂ ਹੁੰਦੇ, ਦੈਂਤ ਹੁੰਦੇ ਨੇ।

ਪਤਨੀ–ਦੈਂਤ ਨਹੀਂ ਤਾਂ ਦੁਖੀ ਤਾਂ ਜ਼ਰੂਰ ਨੇ। ਦੁਖੀ ਆਦਮੀ ਗਲ ਗਲ ਤੇ ਚਿੜ ਖਲੋਂਦਾ ਹੈ। ਕੀ ਪਤਾ ਹੈ ਕੀ ਕਰ ਬੈਠਣ।

ਪਤੀ–ਬਿਲਕੁਲ ਔਰਤਾਂ ਵਾਲੀਆਂ ਗਲਾਂ। ਕੁਝ ਤਾਂ ਸੋਚ–ਇਡੇ ਸੱਤੇ ਹੋਏ ਆਦਮੀ, ਘਰੋਂ ਬੇ-ਘਰ ਹੋਏ, ਮਾਲ ਮਤਾ ਸਭ ਗੰਵਾ ਆਏ, ਸਿਰ ਲੁਕਾਣ ਨੂੰ ਉਹਨਾਂ ਨੂੰ ਥਾਂ ਨਹੀਂ ਲਭਦੀ ਤੇ ਉਹ ਲੋਕਾਂ ਨਾਲ ਲੜਾਈਆਂ ਮੁਲ ਲੈਂਦੇ ਫਿਰਨਗੇ?

ਪਤਨੀ–ਅਛਾ, ਕੁਝ ਵੀ ਹੋਵੇ, ਤੁਸੀਂ ਮੇਰੀ ਇਕ ਗਲ ਮੰਨ ਲਵੋ।

ਪਤੀ–ਦਸ, ਕੀ?

ਪਤਨੀ–ਤੁਸੀਂ ਇਥੋਂ ਬਾਰੀ ਵਿਚੋਂ ਹੀ ਉਹਨਾਂ ਨਾਲ ਗਲ ਕਰ

ਲਵੇ ਤੇ ਬਾਹਰ ਨਾ ਜਾਵੇ।

ਪਤੀ–(ਔਖੇ ਜੇਹੇ ਹੋ ਕੇ ਪਰ ਪਤਨੀ ਨੂੰ ਹੋਰ ਨਾ ਖਿਝਾਣ ਦੇ ਖ਼ਿਆਲ ਨਾਲ) ਚੰਗਾ, ਇਸੇ ਤਰ੍ਹਾਂ ਸਹੀ।

ਦੋਵੇਂ ਬਾਰੀ ਕੋਲ ਜਾ ਕੇ ਤਕਦੇ ਹਨ। ਪਤੀ ਬਾਹਰ ਕਿਸੇ ਨੂੰ ਵਾਜ ਮਾਰਦਾ ਹੈ।

ਪਤੀ–ਮਾਈ, ਤੁਸੀਂ ਕਿਹਦੇ ਨਾਲ ਆਏ ਹੋ?

ਪਤਨੀ–ਮਰਦਾਂ ਨਾਲ ਗਲ ਕਰੋ, ਭਲਾ ਔਰਤਾਂ ਨੂੰ ਇਸ ਤਰ੍ਹਾਂ ਬੁਲਾ-ਈਦਾ ਹੁੰਦਾ ਹੈ।

ਪਤੀ–(ਪਤਨੀ ਦੀ ਗਲ ਵਲ ਧਿਆਨ ਨਾ ਦੇਂਦੇ ਹੋਏ) ਤੁਹਾਡੇ ਨਾਲ ਮਰਦ ਕੋਈ ਨਹੀਂ?

ਮਾਈ–ਮੇਰਾ ਪੁਤਰ ਹੈ, ਭਰਾਵਾ। ਦਸ ਕੀ ਆਖਦਾ ਹੈਂ?

ਪਤੀ–ਉਸ ਨੂੰ ਬੁਲਾ ਦੇਵੋ ਜ਼ਰਾ!

ਇਨਾਂ ਚਿਰ ਪਤੀ ਤੇ ਪਤਨੀ ਆਪਸ ਵਿਚ ਗਲਾਂ ਕਰਦੇ ਨੇ। ਬਾਹਰੋਂ ਉਸ ਔਰਤ ਦੀਆਂ ਵਾਜਾਂ ਸੁਣੀਂਦੀਆਂ ਨੇ–"ਗੰਭੀਰ ਦਾਸ, ਓਏ ਗੰਭੀਰ ਦਾਸ।" ਉਹ ਵਾਜਾਂ ਦੇਂਦਾ ਹੈ, "ਕੀ ਗਲ ਹੈ ਮਾਂ?" ਮਾਂ ਵਾਜ ਦੇਂਦੀ ਹੈ, "ਏਧਰ ਆ ਪੁਤਰ, ਬੰਗਲੇ ਵਾਲੇ ਸਾਹਿਬ ਤੈਨੂੰ ਬੁਲਾਂਦੇ ਨੇ।"

ਪਤੀ–ਤੂੰ ਕਾਹਲੀ ਬੜੀ ਪੈ ਜਾਂਦੀ ਹੈਂ। ਮੈਂ ਮਾਈ ਕੋਲੋਂ ਪੁਛਣ ਲਗਾ ਸਾਂ ਕਿ ਉਹਨਾਂ ਨਾਲ ਕੋਈ ਮਰਦ ਹੈ ਕਿ ਨਹੀਂ ਤੇ ਤੂੰ ਪਹਿਲ ਹੀ ਟੋਕ ਦਿਤਾ ਕਿ ਕਿਸੇ ਮਰਦ ਨਾਲ ਗਲ ਕਰੋ, ਕਿਸੇ ਮਰਦ ਨਾਲ ਗਲ ਕਰੋ।

ਪਤਨੀ–ਤੇ ਮੈਂ ਗ਼ਲਤ ਕਿਹਾ ਸੀ?

ਪਤੀ–ਗ਼ਲਤ ਤੇ ਨਹੀਂ ਸੀ ਕਿਹਾ ਪਰ ਜ਼ਰਾ ਸਬਰ ਵੀ ਤਾਂ ਚਾਹੀਦਾ

ਹੈ। ਗਲ ਅਧੀ ਮੂੰਹ ਵਿਚ ਹੁੰਦੀ ਹੈ ਤੇ ਟੁਕ ਪਹਿਲਾਂ ਹੀ ਲੈਂਦੀ ਹੈਂ।

ਪਤਨੀ ਇਸ ਝਾੜ ਤੇ ਮੂੰਹ ਵਟ ਲੈਂਦੀ ਹੈ ਤੇ ਅਗਲੇ ਕੁਝ ਮਿੰਟਾਂ ਲਈ ਕੁਝ ਨਹੀਂ ਬੋਲਦੀ।

ਗੰਭੀਰ ਦਾਸ-(ਬਾਰੀ 'ਚੋਂ) ਹੁਕਮ ਹਜ਼ੂਰ। ਜੀ ਮੇਰਾ ਨਾਂ ਗੰਭੀਰ ਦਾਸ ਹੈ।

ਪਤੀ—ਵੇਖ ਭਈ ਗੰਭੀਰ ਦਾਸ, ਤੁਸੀਂ ਕੋਠੀ ਦੇ ਵਰਾਂਡੇ ਵਿਚ ਆ ਬੈਠੇ ਹੋ, ਘਟੋ ਘਟ ਪੁਛ ਤਾਂ ਲਿਆ ਹੁੰਦਾ।

ਗੰਭੀਰ ਦਾਸ—ਗ਼ਲਤੀ ਹੋ ਗਈ ਹੈ ਮਹਾਰਾਜ। ਐਤਕੀ ਮਾਫ਼ ਕਰ ਦੇਵੋ, ਅਗੋਂ ਇਸ ਤਰ੍ਹਾਂ ਨਹੀਂ ਹੋਵੇਗਾ।

ਪਤੀ—(ਹਸ ਕੇ) ਅਗੋਂ ਇਸ ਤਰ੍ਹਾਂ ਨਹੀਂ ਹੋਵੇਗਾ! ਕਿੰਨੀ ਕੁ ਵਾਰ ਤੁਸੀਂ ਕੋਠੀ ਦੇ ਵਰਾਂਡੇ ਵਿਚ ਆ ਕੇ ਬਹਿਣਾ ਹੈ—ਇਕ ਵਾਰ ਜਾਂ ਵੀਹ ਵਾਰਾਂ!

ਗੰਭੀਰ ਦਾਸ—(ਆਪਣੀ ਭੁਲ ਸਮਝਦੇ ਹੋਏ) ਮੇਰਾ ਮਤਲਬ ਹੈ ਜੀ ਕਿ ਗ਼ਲਤੀ ਹੋ ਗਈ ਹੈ। ਸਾਨੂੰ ਤੁਹਾਡੇ ਕੋਲੋਂ ਪੁਛ ਲੈਣਾ ਚਾਹੀਦਾ ਸੀ।

ਪਤੀ—ਗ਼ਲਤੀ ਮੰਨਣ ਨਾਲ ਤਾਂ ਗਲ ਮੁਕ ਨਹੀਂ ਨਾ ਜਾਂਦੀ। ਪਹਿਲਾਂ ਇਜਾਜ਼ਤ ਲੈਣੀ ਚਾਹੀਦੀ ਹੈ ਤੇ ਜੇ ਮਾਲਕ ਮਕਾਨ ਮੰਨ ਜਾਵੇ ਤਾਂ ਹੀ ਸਾਮਾਨ ਰਖਣਾ ਚਾਹੀਦਾ ਹੈ ਕਿ ਪਹਿਲਾਂ?

ਗੰਭੀਰ ਦਾਸ—ਜਿਸ ਤਰ੍ਹਾਂ ਹੁਕਮ ਕਰੋ, ਮਹਾਰਾਜ, ਅਸੀਂ ਤਾਂ ਉਸੇ ਤਰ੍ਹਾਂ ਕਰਨ ਨੂੰ ਤਿਆਰ ਹਾਂ। ਹੁਣ ਵੀ ਕਹੋ ਤਾਂ ਸਾਮਾਨ ਚੁਕ ਲੈਂਦੇ ਹਾਂ।

ਪਤੀ–ਕਿਉਂ, ਕੀ ਖ਼ਿਆਲ ਹੈ ?

ਪਤਨੀ–(ਸੁਜੇ ਹੋਏ ਮੂੰਹ ਨਾਲ) ਜਿਸ ਤਰ੍ਹਾਂ ਮਰਜ਼ੀ ਆਵੇ ਕਰੋ, ਮੈਨੂੰ ਕੁਝ ਨਹੀਂ ਪਤਾ ।

ਪਤੀ–ਫੇਰ ਨਾ ਕਹਿਣਾ ਇੰਜ ਕਿਉਂ ਕੀਤਾ ਹੈ ਤੇ ਉਂਜ ਕਿਉਂ ਕੀਤਾ ਹੈ। ਹੁਣ ਫ਼ੈਸਲਾ ਕਰ ਲਵੋ ਜੋ ਕਰਨਾ ਹੈ।

ਪਤਨੀ–ਤੁਸੀਂ ਜਾਣੋ ਤੇ ਤੁਹਾਡਾ ਕੰਮ ਜਾਣੇ ।

ਇਹ ਕਹਿ ਕੇ ਉਹ ਭਰੀ ਪੀਤੀ ਮੇਜ਼ ਤੇ ਜਾ ਬਹਿੰਦੀ ਹੈ ਤੇ ਇਕ ਮਠੀ ਭੋਰ ਕੇ ਖਾਣ ਲਗ ਜਾਂਦੀ ਹੈ। ਪਤੀ ਗੰਭੀਰ ਦਾਸ ਨਾਲ ਗਲਾਂ ਕਰਦਾ ਰਹਿੰਦਾ ਹੈ।

ਪਤੀ–ਤੁਸੀਂ ਆਏ ਕਿਥੋਂ ਹੋ ?

ਗੰਭੀਰ ਦਾਸ–ਜੀ ਅਸੀਂ ਗੁਜਰਾਂਵਾਲੇ ਤੋਂ ਆਏ ਹਾਂ ।

ਪਤੀ–ਕੰਮ ਕੀ ਕਰਦੇ ਹੋ ?

ਗੰਭੀਰ ਦਾਸ–ਮੈਂ ਪ੍ਰੈਸ ਵਿਚ ਕੰਪਾਜ਼ਿਟਰ ਹਾਂ, ਜੀ।

ਪਤੀ–ਰਹਿਣ ਵਾਲੇ ਭੀ ਉਥੋਂ ਦੇ ਹੋ ?

ਗੰਭੀਰ ਦਾਸ–ਨਹੀਂ ਜੀ, ਪਿਛੋਂ ਅਸੀਂ ਖ਼ੁਸ਼ਾਬ ਦੇ ਹਾਂ, ਪਰ ਮੇਰੇ ਪਿਤਾ ਜੀ ਕੋਈ ੨੦–੨੨ ਸਾਲਾਂ ਤੋਂ ਗੁਜਰਾਂਵਾਲੇ ਕੰਮ ਕਰਦੇ ਸਨ, ਸੋ ਅਸੀਂ ਉਥੋਂ ਦੇ ਹੀ ਬਣ ਗਏ ਸਮਝੋ।

ਪਤੀ–ਘਰ ਦੇ ਕਿੰਨੇ ਜੀ ਹੋ ?

ਗੰਭੀਰ ਦਾਸ–ਇਕ ਮੇਰੀ ਮਾਂ, ਇਕ ਮੇਰੀ ਘਰ ਵਾਲੀ ਤੇ ਚਾਰ ਬਚੇ।

ਪਤੀ–ਤੇ ਇਨੇ ਜੀ ਨਿਕੇ ਜਿਹੇ ਵਰਾਂਡੇ ਵਿਚ ਕਿਸ ਤਰ੍ਹਾਂ ਗੁਜ਼ਾਰਾ ਕਰ ਸਕੋਗੇ ?

ਗੰਭੀਰ ਦਾਸ–ਔਖ ਵੇਲੇ ਬੰਦਾ ਕੀ ਨਹੀਂ ਕਰ ਲੈਂਦਾ, ਜੀ? ਸਾਨੂੰ ਇਥੇ ੪–੫ ਦਿਨ ਕਟ ਲੈਣ ਦੇਵੋ, ਤੁਹਾਡੀ ਬੜੀ ਮਿਹਰ-

ਬਾਨੀ ਹੋਵੇਗੀ । ਏਨੇ ਨੂੰ ਅਸੀਂ ਹੋਰ ਕਿਤੇ ਟਿਕਾਣਾ ਲਭ ਲਵਾਂਗੇ ਜਾਂ ਅਗੇ ਟੁਰ ਜਾਵਾਂਗੇ ।

ਪਤੀ—ਮੇਰੀ ਵਲੋਂ ਤੁਸੀਂ ਬੇਸ਼ਕ ਰਹਿ ਪਵੋ, ਪਰ ਇਹ ਵੇਖ ਲਵੋ ਕਿ ਗੁਜ਼ਾਰਾ ਕਰ ਸਕੋਗੇ ?

ਗੰਭੀਰ ਦਾਸ—ਦੋ ਦਿਨਾਂ ਦੀ ਗਲ ਹੈ। ਕੋਈ ਠੀਹਾ ਠਪਣੀ ਕਰ ਹੀ ਲਵਾਂਗੇ ।

ਪਤਨੀ—(ਦੂਰੋਂ ਹੀ ਗਰਜ ਕੇ ਉਠਦੇ ਹੋਏ) ਦੋ ਦਿਨਾਂ ਦੀ ਗਲ ਹੈ, ਮੇਰੀ ਵਲੋਂ ਤੁਸੀਂ ਬੇਸ਼ਕ ਰਹਿ ਪਵੋ। ਇਹ ਵੀ ਸੋਚਿਆ ਜੇ ਕਿ ਕੋਠੀ ਦਾ ਕੀ ਬਣੇਗਾ ਤੇ ਫੁਲਾਂ ਦੀ ਕੀ ਹਾਲਤ ਹੋਵੇਗੀ ਤੇ ਜਿਹੜਾ ੧੫੦ ਰੁਪੈ ਖ਼ਰਚ ਕੇ ਕਰੀਮ ਦਾ ਡਿਸਟੈਂਪਰ ਕਰਵਾਇਆ ਹੈ, ਉਸ ਦੀ ਕੀ ਹਾਲਤ ਹੋਵੇਗੀ ?

ਦੋਵੇਂ ਸਹਿਮ ਜਾਂਦੇ ਨੇ, ਪਰ ਪਤੀ ਕੁਝ ਸੰਭਲ ਜਾਂਦਾ ਹੈ।

ਪਤੀ—ਉਹੋ, ਕੀ ਹੋ ਗਿਆ ? ਦੋ ਚਾਰ ਦਿਨਾਂ ਦੀ ਗਲ ਹੈ, ਫੇਰ ਇਹ ਕਿਧਰੇ ਚਲੇ ਜਾਣਗੇ ਜਾਂ ਅਗੇ ਲੰਘ ਜਾਣਗੇ ।

ਪਤਨੀ—ਚਲੇ ਜਾਣਗੇ ਜਾਂ ਅਗੇ ਲੰਘ ਜਾਣਗੇ, ਪਤਾ ਨਹੀਂ. ਤੁਸੀਂ ਕਿਡੇ ਭੋਲੇ ਹੋ । ਜਿਹੜਾ ਕੋਈ ਗਲ ਕਰੇ, ਝਟ ਉਹਦੀ ਗਲ ਵਿਚ ਆ ਜਾਂਦੇ ਹੋ। ਤੁਹਾਨੂੰ ਭਲਾ ਕਿਸ ਤਰ੍ਹਾਂ ਪਤਾ ਹੈ ਕਿ ਇਹ ਦੋ ਦਿਨਾਂ ਵਿਚ ਚਲੇ ਜਾਣਗੇ ?

ਪਤੀ—ਕਹਿੰਦੇ ਜੁ ਨੇ ।

ਪਤਨੀ—ਕਹਿੰਦੇ ਜੁ ਨੇ। ਜੋ ਦੁਨੀਆਂ ਕਹਿੰਦੀ ਹੈ, ਉਹ ਸਦਾ ਸਚ ਹੁੰਦਾ ਹੈ? ਕਦੀ ਕੋਈ ਝੂਠ ਨਹੀਂ ਬੋਲਦਾ ? ਕਦੀ ਕੋਈ ਆਪਣੀ ਰਈ ਦੀ ਗਲ ਨਹੀਂ ਕਰਦਾ ? ਮੈਂ ਕਹਿੰਦੀ ਹਾਂ ਜੇ ਤੁਹਾਨੂੰ ਕੋਈ ਸਮਝਾਣ ਵਾਲਾ ਨਾ ਹੋਵੇ ਤਾਂ ਤੁਹਾਨੂੰ ਤਾਂ

ਦੁਨੀਆਂ ਲੁਟ ਕੇ ਹੀ ਖਾ ਜਾਵੇ।

ਪਤੀ–(ਸਾਰੇ ਝਗੜੇ ਨਾ ਪਸੰਦ ਕਰਦਾ ਹੋਇਆ) ਬਸ, ਰਹਿਣ ਵੀ ਦੇ। ਜਿਵੇਂ ਤੂੰ ਨਾ ਹੋਵੇਂ ਤਾਂ ਮੈਂ ਨੌਕਰੀ ਹੀ ਨਾ ਕਰ ਸਕਾਂ ਜਾਂ ਗੱਡੀ ਤੇ ਹੀ ਨਾ ਚੜ੍ਹ ਸਕਾਂ। ਇਹ ਗਲਾਂ ਕਰਨ ਦਾ ਤਰੀਕਾ ਠੀਕ ਨਹੀਂ। ਜਦ ਮੈਂ ਪੁਛਿਆ ਸੀ ਕਿ ਇਹਨਾਂ ਦੀ ਬਾਬਤ ਕੀ ਕਰਨਾ ਹੈ, ਤਾਂ ਤਾਂ ਤੂੰ ਬੋਲੀ ਨਹੀਂ ਤੇ ਹੁਣ... ਬਸ ਰਹਿਣ ਦੇ।

ਪਤਨੀ–ਮੈਨੂੰ ਨਹੀਂ ਪਸੰਦ ਇਹਨਾਂ ਦਾ ਇਕ ਮਿੰਟ ਵੀ ਇਥੇ ਰਹਿਣਾ। ਇਹਨਾਂ ਨੂੰ ਕਹਿ ਦਿਓ ਕਿ ਚਲੇ ਜਾਣ–ਕੋਈ ਥਾਂ ਨਹੀਂ ਇਹਨਾਂ ਲਈ ਇਥੇ।

ਪਤੀ–ਕੁਝ ਤਾਂ ਸੋਚ। ਘਰੋਂ ਬੇ-ਘਰ ਹੋਏ ਨੇ ਵਿਚਾਰੇ। ਜੇ ਕਰ ਦੋ ਦਿਨ ਇਥੇ ਧੁਪ ਬਾਰਸ਼ ਕੋਲੋਂ ਬਚ ਕੇ ਰਹਿ ਲੈਣਗੇ ਤਾਂ ਸਾਡਾ ਕੀ ਘਸ ਜਾਵੇਗਾ।

ਪਤਨੀ–ਘਸ ਕੀ ਜਾਵੇਗਾ ? ਬਸ ਫੁਲਾਂ ਦੀ ਇਕ ਇਕ ਪੱਤੀ ਖਿਲਰ ਜਾਵੇਗੀ, ਸਫ਼ਾਈ ਦਾ ਨਾਂ ਨਿਸ਼ਾਨ ਨਹੀਂ ਰਹਿਣ ਲਗਾ ਤੇ ਮਖੀਆਂ ਇਵੇਂ ਭਿਣ-ਭਿਣ ਕਰਨਗੀਆਂ ਜਿਵੇਂ ਮੁਰਦਾਰ ਉਤੇ ਗਿਰਝਾਂ।

ਪਤੀ–ਕਿਵੇਂ ਗਲਾਂ ਕਰਦੀ ਹੈਂ ਤੂੰ ? ਤੇਰੇ ਦਿਲ ਵਿਚ ਕੋਈ ਤਰਸ ਨਹੀਂ ਕਿ ਉਧਰੋਂ ਉਜੜ ਕੇ ਆਏ ਨੇ। (ਦਿਲੋਂ ਮਹਿਸੂਸ ਕਰਦੇ ਹੋਏ) ਉਧਰੋਂ ਨਿਰਾਦਰੀ ਕਰਾ ਕੇ ਆਏ ਨੇ ਤੇ ਅਗੋਂ ਅਸੀਂ ਨਿਰਾ-ਦਰੀ ਕਰ ਰਹੇ ਹਾਂ ਇਹਨਾਂ ਦੀ।

ਪਤਨੀ–ਮੈਨੂੰ ਨਹੀਂ ਪਤਾ ਨਿਰਾਦਰੀ ਦਾ। ਤੁਸੀਂ ਨਹੀਂ ਮੇਰੀ ਨਿਰਾ-ਦਰੀ ਕਰ ਰਹੇ ਤੇ ਉਹ ਵੀ ਮੇਰੇ ਘਰ ਵਿਚ ? ਮੈਂ ਕਹਿੰਦੀ ਹਾਂ ਮੈਨੂੰ ਨਹੀਂ ਪਸੰਦ ਇਹਨਾਂ ਦਾ ਇਸ ਘਰ ਵਿਚ ਰਹਿਣਾ।

ਤੇ ਤੁਸੀਂ ਜ਼ਿਦ ਪਏ ਕਰਦੇ ਹੋ ਕਿ ਇਹ ਜ਼ਰੂਰ ਇਥੇ ਰਹਿਣਗੇ ਜਿਵੇਂ ਸਾਡੇ ਕੁੜਮ ਹੋਣ।

ਪਤੀ–(ਹਲਕਾ ਜਿਹਾ ਹੌਕਾ ਲੈ ਕੇ) ਉਹ ਕੁੜਮ ਤਾਂ ਤੇਰੇ ਹੋਣੇ ਹੀ ਕਦੇ ਨਹੀਂ। ਜੇ ਬਚੇ ਹੀ ਨਾ ਹੋਏ ਤਾਂ ਕੁੜਮ ਕਿਥੋਂ ਹੋਣਗੇ।

ਪਤਨੀ–ਹੁਣ ਤੁਸੀਂ ਦੂਜੇ ਪਾਸੇ ਤੁਰ ਪਏ ਹੋ। ਇਕ ਗਲ ਬਣੀ ਨਹੀਂ (ਜ਼ਰਾ ਝੇਂਪ ਕੇ) ਹੁਣ ਦੂਜੀ ਦਾ ਰੌਲਾ ਪਾ ਕੇ ਬੈਠ ਗਏ ਹੋ।

ਪਤੀ–ਉਹੋ, ਮੈਂ ਤਾਂ ਕੁਝ ਨਹੀਂ ਕਿਹਾ। ਤੂੰ ਆਪੇ ਹੀ ਕੁੜਮਾਂ ਦੀ ਗਲ ਛੇੜ ਲਈ ਸੀ। ਅਛਾ, ਹੁਣ ਇਹ ਦਸ ਕਿ ਕਰਨਾ ਕੀ ਹੈ ਇਨ੍ਹਾਂ ਦਾ।

ਪਤਨੀ–ਮੈਂ ਤਾਂ ਕਹਿ ਦਿਤਾ ਹੈ ਕਿ ਮੈਨੂੰ ਬਿਲਕੁਲ ਨਹੀਂ ਪਸੰਦ ਇਹਨਾ ਦਾ ਰਹਿਣਾ ਇਥੇ। ਬੀਮਾਰੀ ਦਾ ਘਰ ਹੋਣਗੇ ਨਿਰੇ।

ਪਤੀ–ਹੁਣ ਬੂਹੇ ਤੇ ਆਏ ਜੁ ਨੇ, ਤਾਂ ਘਟੋ ਘਟ ਦੋ ਚਾਰ ਦਿਨਾਂ ਲਈ ਤਾਂ ਥਾਂ ਦੇਣੀ ਹੀ ਪਵੇਗੀ ਇਹਨਾਂ ਨੂੰ।

ਪਤਨੀ–ਮੇਰੀ ਵਲੋਂ ਆਪਣਾ ਗੈਸਟ ਰੂਮ ਖੋਲ੍ਹ ਦੇਵੋ ਇਹਨਾਂ ਨੂੰ। ਕਮ-ਰਿਆਂ ਵਿਚ ਕਾਲੀਨ ਹੋਣ, ਛਤਾਂ ਤੇ ਪਖੇ ਹੋਣ ਤੇ ਖਾਣ ਪੀਣ ਲਈ ਵਧੀਆ ਵਧੀਆ ਖਾਣੇ ਹੋਣ। ਕੀ ਲੋੜ ਹੈ ਇਹਨਾਂ ਨੂੰ ਵਰਾਂਡਿਆਂ ਵਿਚ ਰੋਲਣ ਦੀ ਤੇ ਮਿਟੀ ਘਟੇ ਵਿਚ ਬਾਹਰ ਸੁਟਣ ਦੀ?

ਪਤੀ–ਘਰ ਆਇਆਂ ਦਾ ਤੂੰ ਸਵਾਗਤ ਨਹੀਂ ਕਰ ਸਕਦੀ ਤਾਂ ਘਟੋ ਘਟ ਉਹਨਾਂ ਦੀ ਮਿਟੀ ਤਾਂ ਨਾ ਬਾਲ। ਕੀ ਕਹਿਣਗੇ ਉਹ ਸਾਡੀਆਂ ਗਲਾਂ ਸੁਣ ਕੇ!

ਪਤਨੀ–ਕਹਿਣ ਦੇਵੋ ਜੋ ਕਹਿੰਦੇ ਨੇ, ਸਾਨੂੰ ਡਰ ਮਾਰਿਆ ਹੈ ਕਿਸੇ ਦਾ? ਆਪਣੇ ਘਰ ਬੈਠੇ ਹਾਂ, ਕਿਸੇ ਬਗਾਨੇ ਦੇ ਤਾਂ ਖੇਹ ਖਾਣ ਨਹੀਂ ਗਏ!

ਪਤੀ–ਤੇ ਜੇ ਖਾਨੀ ਪੈ ਜਾਂਦੀ ਤਾਂ ਕੀ ਬਣਦਾ ?

ਪਤਨੀ–ਬਣਦਾ ਜੋ ਬਣਦਾ, ਹੁਣ ਕਿਉਂ, ਘਰ ਬੈਠੇ, ਆਪਣੀ ਜ਼ਿੰਦਗੀ ਹਲਕਾਨ ਕਰਦੇ ਰਹੀਏ। ਨਾ ਖਾਣ ਦਾ ਸੁਖ, ਨਾ ਬਹਿਣ ਦਾ ਚੈਨ। ਜੇ ਖਾਣ ਬੈਠੋ ਤਾਂ ਸਜੇ ਖਬੇ ਝਾਤੀਆਂ ਪਈਆਂ ਪੈਣ ਤੇ ਮੱਖੀਆਂ ਦੀ ਭਿਣ-ਭਿਣ ਵਖਰੀ। ਉਹ ਵਰਾਂਡਾ ਮਲ ਕੇ ਬਹਿ ਜਾਣ ਤੇ ਅਸੀਂ ਇਸ ਮੌਸਮ ਵਿਚ ਅੰਦਰ ਤੂੜੇ ਰਹੀਏ, ਡੰਗਰਾਂ ਵਾਂਗ।

ਪਤੀ–(ਪਤਨੀ ਦੀ ਗਲ ਦਾ ਜਵਾਬ ਨਾ ਦੇਂਦਾ ਹੋਇਆ ਤੇ ਬਾਰੀ ਕੋਲ ਜਾ ਕੇ) ਗੰਭੀਰ ਦਾਸ, ਗੰਭੀਰ ਦਾਸ !

ਗੰਭੀਰ ਦਾਸ–ਹਾਂ ਜੀ। ਮੈਂ ਹਾਜ਼ਰ ਹਾਂ।

ਨੇੜੇ ਆਂਦਾ ਹੈ।

ਪਤੀ–ਤੁਸੀਂ ਮੈਨੂੰ ਪਕਾ ਦਸ ਦੇਵੋ ਕਿ ਕਿੰਨੇ ਦਿਨ ਰਹਿਣਾ ਹੈ ਤੁਸਾਂ। ਬੀਬੀ ਜੀ ਨੂੰ ਤੁਹਾਡੇ ਟਿਕਣ ਤੇ ਕੁਝ ਇਤਰਾਜ਼ ਹੈ, ਇਸ ਲਈ ਪੱਕੀ ਗਲ ਕਰੋ।

ਗੰਭੀਰ ਦਾਸ–ਜੀ, ਭੈਣ ਜੀ ਨੂੰ ਸਾਡੇ ਇਥੇ ਟਿਕਣ ਤੇ ਇਤਰਾਜ਼ ਹੈ ਤਾਂ ਅਸੀਂ ਕਿਧਰੇ ਹੋਰ ਚਲੇ ਜਾਂਦੇ ਹਾਂ। ਸਾਡੇ ਪਿਛੇ ਤੁਹਾਡਾ ਆਪਸ ਵਿਚ ਕਿਉਂ ਬਹਿਸ ਮੁਬਾਹਸਾ ਹੋਵੇ ?

ਪਤੀ–ਨਹੀਂ ਨਹੀਂ, ਤੁਸੀਂ ਇਸ ਗਲ ਦਾ ਫ਼ਿਕਰ ਨਾ ਕਰੋ। ਤੁਸੀਂ ਮੈਨੂੰ ਇਹ ਪਕਾ ਦਸੋ ਕਿ ਤੁਸੀਂ ਕਿੰਨੇ ਦਿਨ ਇਥੇ ਰਹਿਣਾ ਹੈ।

ਗੰਭੀਰ ਦਾਸ–ਗਲ ਇਹ ਹੈ, ਜੀ ਕਿ ਸਮਾਂ ਅਜ ਕਲ ਹਿਲਿਆ ਹੋਇਆ ਹੈ। ਕਿਸੇ ਚੀਜ਼ ਦਾ ਪਤਾ ਨਹੀਂ ਲਗਦਾ ਕਿ ਕਿਸ ਵੇਲੇ ਹੋਣੀ ਹੈ ਤੇ ਕਦੋਂ ਹੋਣੀ ਹੈ। ਮੈਂ ਤੁਹਾਨੂੰ ਕਹਿ ਦੇਵਾਂ ਕਿ ਅਸੀਂ ਚਾਰ ਦਿਨਾਂ ਨੂੰ ਚਲੇ ਜਾਵਾਂਗੇ ਤੇ ਫੇਰ ਜਾ ਨਾ

ਸਕੀਏ, ਤਾਂ ਇਹ ਝੂਠੇ ਪੈਣ ਵਾਲੀ ਗਲ ਹੋਵੇਗੀ।

ਪਤੀ—ਫੇਰ ਤਾਂ ਮੁਸ਼ਕਲ ਹੋਵੇਗਾ। ਇਹ ਤਾਂ ਨਹੀਂ ਨਾ ਹੋ ਸਕਦਾ ਕਿ ਤੁਸੀਂ ਇਥੇ ਮਹੀਨਿਆਂ ਬਧੀ ਡੇਰਾ ਲਾ ਕੇ ਬੈਠੇ ਰਹੋ ਤੇ ਅਸੀਂ ਬਿਲਕੁਲ ਚੁਪ ਰਹੀਏ।

ਗੰਭੀਰ ਦਾਸ—ਇਹ ਤਾਂ ਤੁਸੀਂ ਠੀਕ ਫ਼ਰਮਾਂਦੇ ਹੋ ਜੀ। ਨਾਲੇ ਭੈਣ ਜੀ ਨੂੰ ਸਾਡਾ ਰਹਿਣਾ ਕੁਝ ਪਸੰਦ ਵੀ ਨਹੀਂ। ਪਰ ਗਲ ਇਹ ਹੈ ਜੀ ਕਿ ਅਸੀਂ ਇਥੇ ਇਕ ਹਫ਼ਤਾ ਟਿਕਾਂਗੇ ਜੇ ਤੁਹਾਡੀ ਇਜਾਜ਼ਤ ਹੋਵੇ ਤਾਂ। ਤੇ ਜੇ ਰਬ ਨੇ ਚਾਹਿਆ ਤਾਂ ਉਸ ਤੋਂ ਪਹਿਲਾਂ ਹੀ ਬੰਦੋਬਸਤ ਕਰ ਕੇ ਤੁਰ ਜਾਵਾਂਗੇ।

ਪਤੀ—ਪਰ ਹਫ਼ਤੇ ਤੋਂ ਇਕ ਦਿਨ ਵੀ ਵਧ ਨਾ ਲਗੇ।

ਗੰਭੀਰ ਦਾਸ—ਜੀ ਮੈਂ ਦੋ ਦਿਨ ਪਹਿਲਾਂ ਹੀ ਵਧ ਕਹਿ ਦਿਤੇ ਨੇ ਤਾਕਿ ਬਾਦ ਵਿਚ ਝੂਠਿਆਂ ਨਾ ਪੈਣਾ ਪਵੇ।

ਪਤੀ—ਚੰਗਾ, ਤਾਂ ਇਕ ਹਫ਼ਤਾ ਤੁਸੀਂ ਬੇਸ਼ਕ ਰਹਿ ਲਵੋ।

ਗੰਭੀਰ ਦਾਸ—ਬੜੀ ਮਿਹਰਬਾਨੀ ਜੀ ਤੁਹਾਡੀ। ਅਸੀਂ ਤੁਹਾਨੂੰ ਆਪਣੀ ਵਲੋਂ ਘਟ ਤੋਂ ਘਟ ਤਕਲੀਫ਼ ਦੇਵਾਂਗੇ।

ਪਤੀ—ਕੋਈ ਗਲ ਨਹੀਂ, ਕੋਈ ਗਲ ਨਹੀਂ। ਤੁਸੀਂ ਹਫ਼ਤਾ ਆਰਾਮ ਨਾਲ ਕਟੋ। ਪਾਣੀ ਪਿਛਲੇ ਪਾਸੋਂ ਟੂਟੀ ਤੋਂ ਲੈ ਲਿਆ ਕਰਨਾ ਤੇ ਟੱਟੀ ਨੌਕਰਾਂ ਵਾਲੀ ਵਰਤ ਲੈਣੀ।

ਗੰਭੀਰ ਦਾਸ—ਅਸੀਂ ਤੁਹਾਡੀ ਮਿਹਰਬਾਨੀ ਸਾਰੀ ਉਮਰ ਨਹੀਂ ਭੁਲਾਂਗੇ। ਬਾਕੀ, ਭੈਣ ਜੀ ਕੋਲੋਂ ਸਾਡੀ ਵਲੋਂ ਮਾਫੀ ਮੰਗ ਲੈਣੀ। ਅਸੀਂ.........

ਪਤੀ—ਉਹਨਾਂ ਦਾ ਤੁਸੀਂ ਫ਼ਿਕਰ ਨਾ ਕਰੋ। ਉਹ ਮੇਰਾ ਕੰਮ ਹੈ। ਮੈਂ ਆਪੇ ਕਰ ਲਵਾਂਗਾ।

ਗੰਭੀਰ ਦਾਸ—ਲਖ ਲਖ ਮਿਹਰਬਾਨੀ ਜੀ ਤੁਹਾਡੀ। ਰਬ

ਤੁਹਾਨੂੰ......(ਪਤੀ ਬਾਰੀ ਤੋਂ ਪਰੇ ਹੋ ਕੇ ਮੇਜ਼ ਤੇ ਚਲਾ ਜਾਂਦਾ ਹੈ)।

ਪਤਨੀ–ਤੁਸੀਂ ਨਹੀਂ ਨਾ ਮੰਨੀ ਮੇਰੀ ਗਲ। ਅਖ਼ੀਰ ਆਪਣੀ ਹੀ ਕੀਤੀ ਜੇ।

ਪਤੀ–ਬੂਹੇ ਆਏ ਨੂੰ ਕਿਸ ਤਰ੍ਹਾਂ ਦੁਰਕਾਰ ਦੇਂਦਾ ? ਬੂਹੇ ਆਏ ਕੁਤੇ ਨੂੰ ਵੀ ਹਰ ਕੋਈ ਰੋਟੀ ਦੇਂਦਾ ਹੈ ਤੇ ਇਹ ਤਾਂ ਵਿਚਾਰੇ ਹੈ ਹੀ ਇਨਸਾਨ ਨੇ।

ਪਤਨੀ–(ਸੜੇ ਹੋਏ ਲਹਿਜੇ ਵਿਚ) ਕੁਤਾ ਰੋਟੀ ਲੈ ਕੇ ਚਲਿਆ ਤਾਂ ਜਾਂਦਾ ਹੈ, ਇਹਨਾਂ ਤੇ ਹੁਣ ਧਰਨਾ ਮਾਰ ਕੇ ਬੈਠ ਜਾਣਾ ਹੈ ਤੇ ਉਠਣ ਦਾ ਨਾਂ ਹੀ ਨਹੀਂ ਲੈਣਾ।

ਪਤੀ–ਚਲੇ ਜਾਣਗੇ ਵਿਚਾਰੇ ਇਕ ਹਫ਼ਤੇ ਤਕ।

ਪਤਨੀ–ਇਹਨਾਂ ਨਹੀਂ ਜਾਣਾ ਇਕ ਹਫ਼ਤੇ ਤਕ। ਮੈਂ ਨਹੀਂ ਜਾਣਦੀ ਇਨ੍ਹਾਂ ਕਮੀਨੇ ਲੋਕਾਂ ਨੂੰ! ਤੇ ਹਰ ਰੋਜ਼, ਹਰ ਵੇਲੇ, ਇਥੇ ਚਾਰੇ ਪਾਸੇ, ਟਟੀ ਦੇ ਢੇਰ ਲਗੇ ਹੋਣਗੇ।

ਪਤੀ–ਬਹੁਤੀ ਗਲ ਕੀ ਹੈ, ਜਮਾਂਦਾਰ ਨੂੰ ਕਹਿ ਦੇਣਾ ਰਤਾ ਸਫ਼ਾਈ ਜ਼ਿਆਦਾ ਰਖੇ। ਬੜਾ ਭਲਾ-ਮਾਣਸ ਜਿਹਾ ਬੰਦਾ ਹੈ, ਕਹਿੰਦਾ ਸੀ ਜੇ ਕਹਿੰਦੇ ਹੋ ਤਾਂ ਹੁਣੇ ਹੀ ਚਲੇ ਜਾਂਦੇ ਹਾਂ।

ਪਤਨੀ–ਫੇਰ ਚਲੇ ਕਿਉਂ ਨਹੀਂ ਗਏ ?

ਪਤੀ–ਮੈਂ ਜੁ ਉਹਨਾਂ ਨੂੰ ਕਹਿ ਦਿਤਾ ਹੈ ਕਿ ਇਕ ਹਫ਼ਤਾ ਰਹਿ ਲਵੋ। ਭਲਾ ਆਪ ਆਰਾਮ ਛਡ ਕੇ ਜਾਂਦਾ ਹੈ ਕੋਈ ?

ਪਤਨੀ–ਕੁਝ ਵੀ ਹੋਵੇ, ਤੁਸੀਂ ਵੇਖਣਾ ਜੇ ਇਸ ਡਾਈਨਿੰਗ ਰੂਮ ਵਿਚ ਮਖੀਆਂ ਹੀ ਮਖੀਆਂ ਨਾ ਹੋ ਗਈਆਂ ਤਾਂ ਮੇਰਾ ਨਾਂ ਵਟਾ ਦੇਣਾ।

ਪਤੀ–ਤੇ ਵਿਚੋਂ ਮੁਸ਼ਕਲ ਕੀ ਹੈ ? ਨੌਕਰ ਨੂੰ ਕਹਿ ਛਡੋ ਡੀ. ਡੀ.

ਟੀ. ਇਕ ਦੀ ਥਾਂ ਦਿਨ ਵਿਚ ਦੋ ਵਾਰੀ ਕਰ ਦਿਤਾ ਕਰੇ।

ਪਤਨੀ–(ਉਠਦੀ ਹੋਈ) ਮੈਂ ਤਾਂ ਕਹਿੰਦੀ ਨਹੀਂ, ਤੁਸੀਂ ਆਪ ਪਏ ਕਹੋ।

ਕਹਿ ਕੇ ਅੰਦਰ ਚਲੀ ਜਾਂਦੀ ਹੈ।

ਪਤੀ–(ਉਹਦੇ ਪਿਛੇ ਵਲ ਤਕਦੇ ਹੋਏ) ਓਏ ਪਰਸ਼ੋਤਮ, ਪਰਸ਼ੋਤਮ, ਓਏ ਉਰੇ ਆਈਂ। ਫ਼ਲਿਟ ਲੈ ਕੇ ਆ ਤੇ ਹੁਣੇ ਛਿੜਕ ਦੇ ਚਾਰੇ ਪਾਸੇ।

[ਪਰਦਾ]

# ਦ੍ਰਿਸ਼ ਦੂਸਰਾ

(੧੬ ਦਿਨਾਂ ਬਾਦ)

ਜਿਸ ਵੇਲੇ ਪਰਦਾ ਉਠਦਾ ਹੈ, ਪਤੀ ਤੇ ਪਤਨੀ ਦੋਵੇਂ ਚਾਹ ਪੀ ਰਹੇ ਹੁੰਦੇ ਨੇ।

ਪਤਨੀ–ਤੁਸੀਂ ਕਹਿੰਦੇ ਸੀ ਇਕ ਹਫ਼ਤਾ, ਅਜ ਉਹਨਾਂ ਨੂੰ ਪੂਰੇ ਸੋਲਾਂ ਦਿਨ ਹੋ ਗਏ ਨੇ।

ਪਤੀ–(ਚਾਹ ਪੀਂਦੇ ਹੋਏ) ਫੇਰ ਕੀ ਹੋ ਗਿਆ ?

ਪਤਨੀ–ਹੋਇਆ ਜਾਂ ਨਹੀਂ ਹੋਇਆ, ਇਹ ਤਾਂ ਵਖਰੀ ਗਲ ਹੈ । ਪਰ ਉਹ ਤਾਂ ਇਕ ਹਫ਼ਤੇ ਵਿਚ ਵਿਚ ਨਹੀਂ ਹਿਲੇ ਇਥੋਂ ।

ਪਤੀ–ਨਹੀਂ ਹਿਲੇ ਤਾਂ ਕੀ ਵਿਗੜ ਗਿਆ ਹੈ ਸਾਡਾ ! ਤੂੰ ਕਹਿੰਦੀ ਸੀ ਚਾਰੇ ਪਾਸੇ ਟਟੀ ਹੀ ਟਟੀ ਖਿਲਰੀ ਹੋਏਗੀ, ਫੁਲਾਂ ਦਾ ਉਹ ਸਤਿਆਨਾਸ ਕਰ ਦੇਣਗੇ, ਪਤਾ ਨਹੀਂ ਕੀ ਕੀ ਹੋਵੇਗਾ, ਪਰ ਹੋਇਆ ਤਾਂ ਕੁਝ ਵੀ ਨਹੀਂ ।

ਪਤਨੀ–ਗੰਦ ਉਹਨਾਂ ਥੋੜਾ ਪਾਇਆ ਹੈ ! ਵਰਾਂਡੇ ਕੋਲੋਂ ਲੰਘਿਆ ਨਹੀਂ ਜਾਂਦਾ, ਬੋ ਨਾਲ ਨਕ ਸੜ ਜਾਂਦੀ ਹੈ ।

ਪਤੀ–ਮੈਂ ਕਹਿੰਦਾ ਹਾਂ ਇਹਨਾਂ ਤੋਂ ਵਧ ਸਫ਼ਾਈ ਤੂੰ ਵੀ ਨਹੀਂ ਰਖ ਸਕਦੀ । ਇਨੇ ਉਜਲੇ, ਇਨੇ ਸਾਫ਼, ਬਿਨਾਂ ਰਹਿਣੀ ਬਹਿਣੀ ਦਾ ਖ਼ਿਆਲ ਰਖਣ ਵਾਲੇ । ਮੈਂ ਤਾਂ ਹੈਰਾਨ ਹਾਂ ਕਿ ਇਨੇ ਗ਼ਰੀਬ ਆਦਮੀਆਂ ਵਿਚ ਇਨੀ ਸਫ਼ਾਈ ਆ ਕਿਸ ਤਰ੍ਹਾਂ ਗਈ ?

ਪਤਨੀ–ਰਹਿਣ ਵੀ ਦੇਵੋ, ਬਸ ਲਗੇ ਨੇ ਉਹਨਾਂ ਦੀਆਂ ਸਿਫ਼ਤਾਂ ਕਰਨ (ਜ਼ਰਾ ਰੁਕ ਕੇ) ਤੁਸੀਂ ਤਾਂ ਭਲਾ ਕਰਨੀ ਹੀ ਹੋਈ ।

ਪਤੀ–ਕਰਨੀ ਕਿਉਂ ਹੋਈ ? ਮੇਰੇ ਭਲਾ ਉਹ ਸਕੇ ਲਗਦੇ ਨੇ ! ਪਰ ਜੇ ਕਿਸੇ ਵਿਚ ਕੋਈ ਚੰਗਿਆਈ ਹੋਵੇ ਤਾਂ ਉਹਦੀ ਤਾਰੀਫ਼ ਕਰਨੀ ਹੀ ਚਾਹੀਦੀ ਹੈ ।

ਪਤਨੀ–ਤੁਹਾਡੇ ਨਾਲ ਤਾਂ ਗਲ ਕਰਨੀ ਸਿਰ-ਦਰਦੀ ਮੁਲ ਲੈਣੀ ਹੈ । ਬਸ ਹਰ ਵੇਲੇ ਬਹਿਸ, ਹਰ ਵੇਲੇ ਬਹਿਸ । ਕਦੇ ਤਾਂ ਆਰਾਮ ਨਾਲ ਚਾਹ ਪੀਣ ਦਿਆ ਕਰੋ ।

ਪਤੀ–ਸਿਧੀ ਤਰ੍ਹਾਂ ਕਹੋ ਜਵਾਬ ਕੋਈ ਬਣਦਾ ਨਹੀਂ ਸੀ, ਇਸ ਲਈ

ਐਤਕੀ ਵਿਗੜ ਖਲੋਤੀ ਹਾਂ।

ਪਤਨੀ–ਚੰਗਾ, ਇਸੇ ਤਰ੍ਹਾਂ ਸਹੀ।

ਅਧੇ ਕੁ ਮਿੰਟ ਦੀ ਚੁਪ ਜਿਸ ਵਿਚ ਉਹ ਚਾਹ ਪੀਂਦੇ ਹਨ, ਇਕ ਦੂਜੇ ਵਲ ਦੇਖਦੇ ਹਨ, ਫੇਰ ਹਸ ਪੈਂਦੇ ਹਨ।

ਪਤਨੀ–ਤੁਸੀਂ ਹਸਦੇ ਕਿਉਂ ਹੋ ?

ਪਤੀ–ਤੇ ਤੁਸੀਂ ਕਿਉਂ ਹਸਦੇ ਹੋ ?

ਪਤਨੀ–ਹਸਣਾ ਕੋਈ ਮਨ੍ਹਾਂ ਹੈ ?

ਪਤੀ–ਤੇ ਪੁਛਣਾ ਕੋਈ ਮਨ੍ਹਾਂ ਹੈ ?

ਪਤਨੀ–ਨਾ ਹਸਣਾ ਮਨ੍ਹਾਂ ਹੈ ਤੇ ਨਾ ਪੁਛਣਾ ਮਨ੍ਹਾਂ ਹੈ।

ਪਤੀ–ਚੰਗਾ ਫੇਰ ਹਸੀਏ ਵੀ ਤੇ ਪੁਛੀਏ ਵੀ। ਇਕ ਦੂਜੇ ਨੂੰ ਪੁਛੀਏ ਕਿ ਹਸਦੇ ਕਿਉਂ ਹਾਂ।

ਪਤਨੀ–ਨਹੀਂ, ਮੇਰੀ ਰਾਏ ਹੈ ਨਿਰਾ ਹਸੀਏ ਹੀ ਹਸੀਏ ਤੇ ਪੁਛੀਏ ਨਾ ਇਕ ਦੂਜੇ ਨੂੰ।

ਪਤੀ–ਜਿਵੇਂ ਸ਼ੁਰੂ ਸ਼ੁਰੂ ਵਿਚ ਹਸਦੇ ਹੁੰਦੇ ਸੀ।

ਪਤਨੀ–(ਹਸ ਕੇ) ਆਹੋ।

ਪਤੀ–ਤੇ ਜਿਵੇਂ ਹੁਣ ਨਹੀਂ ਹਸ ਸਕਦੇ।

ਪਤਨੀ–ਕਿਉਂ ?

ਪਤੀ–ਇਸ ਲਈ ਕਿ ਸਦਾ ਤਾਂ ਕੋਈ ਨਹੀਂ ਨਾ ਹਸ ਸਕਦਾ। ਕਦੀ ਨਾ ਕਦੀ ਤਾਂ ਗੰਭੀਰ ਹੋਣਾ ਹੀ ਪੈਂਦਾ ਹੈ।

ਪਤਨੀ–ਕਿਡੇ ਗੰਭੀਰ ਬਣ ਕੇ ਇਹ ਗਲ ਕਹਿੰਦੇ ਹੋ ?

ਪਤੀ–ਹੁਣ ਉਸ ਤਰ੍ਹਾਂ ਨਹੀਂ ਹਸਿਆ ਜਾਂਦਾ ਜਿਵੇਂ ਜਵਾਨੀ ਵਿਚ ਹਸਦੇ ਹੁੰਦੇ ਸਾਂ।

ਪਤਨੀ–ਮੈਂ ਤਾਂ ਹੁਣ ਵੀ ਉਵੇਂ ਹੀ ਹਸਣ ਨੂੰ ਤਿਆਰ ਹਾਂ ਜੇ ਤੁਸੀਂ ਵੀ

ਉਸੇ ਤਰ੍ਹਾਂ ਹਸੋ।

ਪਤੀ–ਕਿਰਪਾਲ, ਤੈਨੂੰ ਯਾਦ ਹੈ ਅਸੀਂ ਕਿਨਾ ਖੁਲ੍ਹ ਕੇ ਹਸੇ ਸਾਂ ਇਕ ਕਪੜੇ ਵਾਲੇ ਦੀ ਦੁਕਾਨ ਉਤੇ ?

ਪਤਨੀ–ਮੈਨੂੰ ਯਾਦ ਹੈ।

ਪਤੀ–ਕਿਹੜਾ ਕਪੜੇ ਵਾਲਾ ਭਲਾ ?

ਪਤਨੀ–ਉਹੋ ਜਿਹਦੇ ਕੋਲੋਂ ਗੇਬਰਡੀਨ ਦਾ ਸੂਟ ਲਿਆ ਸੀ ਤੁਹਾਡਾ। ਹੁਣ ਰਹਿਣ ਵੀ ਦੇਵੋ ਅਗਲੀ ਗਲ। ਮੈਨੂੰ ਜ਼ਰੂਰ ਸ਼ਰਮਿੰਦਿਆਂ ਕਰੋਗੇ।

ਪਤੀ–ਇਸ ਵਿਚ ਸ਼ਰਮਿੰਦਾ ਹੋਣ ਦੀ ਕਿਹੜੀ ਗਲ ਹੈ ?

ਪਤਨੀ–ਮੈਂ ਹਾਲੀ ਵੀ ਉਹ ਟੋਟੇ ਸੰਭਾਲ ਕੇ ਰਖੇ ਹੋਏ ਨੇ।

ਪਤੀ–(ਗੰਭੀਰ ਹੋ ਕੇ) ਹੁਣ ਉਨ੍ਹਾਂ ਦੀ ਕੀ ਲੋੜ ਪੈਣੀ ਹੈ ?

ਪਤਨੀ–ਕੁਦਰਤ ਦਾ ਕੀ ਪਤਾ ਹੁੰਦਾ ਹੈ ?

ਪਤੀ–ਹੁਣ ਜੇ ਕੁਦਰਤ ਸਾਡੇ ਤੇ ਤਰੁਠ ਵੀ ਪਵੇ ਤਾਂ ਵੀ ਮੇਰੇ ਖ਼ਿਆਲ ਵਿਚ............(ਰੁਕ ਜਾਂਦਾ ਹੈ)।

ਪਤਨੀ–ਕੀ ਕਹਿਣ ਲਗੇ ਸੀ ਤੁਸੀਂ ?

ਪਤੀ–(ਰੁਕ ਰੁਕ ਕੇ) ਮੈਂ ਸੋਚਦਾ ਸਾਂ ਕਿ ਕੀ ਇਸ ਉਮਰ ਵਿਚ ਕੋਈ ਨਵੀਂ ਜ਼ਿੰਮੇਂਵਾਰੀ ਸੰਭਾਲਣੀ ਔਖੀ ਨਹੀਂ ਹੋਵੇਗੀ ?

ਪਤਨੀ–ਔਖ ਕਾਹਦਾ ? ਹੋਰਾਂ ਦੇ ਭਲਾ ਪਿਛਲੀ ਉਮਰ ਵਿਚ ਬਚੇ ਨਹੀਂ ਹੁੰਦੇ ?

ਪਤੀ–ਹੁੰਦੇ ਨੇ। ਪਰ ਜੇਕਰ ਸਾਰੀ ਉਮਰ ਉਡੀਕਦੇ ਰਹੇ ਹੋਵੇ ਤੇ ਪਿਛਲੀ ਉਮਰੇ ਜਾ ਕੇ ਉਡੀਕ ਪੂਰੀ ਹੋਵੇ ਤਾਂ ਔਖਾ ਹੀ ਹੁੰਦਾ ਹੈ, ਮੇਰੇ ਖ਼ਿਆਲ ਵਿਚ।

ਪਤਨੀ–ਔਖਾ ਕਿਵੇਂ ਹੁੰਦਾ ਹੈ, ਮੈਨੂੰ ਤਾਂ ਸਮਝ ਨਹੀਂ ਆਂਦੀ।

ਪਤੀ–ਇਸ ਉਮਰ ਵਿਚ ਨਾ ਅਸੀਂ ਬਚਿਆਂ ਨੂੰ ਸਮਝ ਸਕਾਂਗੇ ਤੇ ਨਾ

ਬਚੇ ਸਾਨੂੰ ਸਮਝ ਸਕਣਗੇ । ਸਾਰੀ ਜ਼ਿੰਦਗੀ ਦੀ ਜੋ ਆਦਤ ਬਣ ਗਈ ਹੈ, ਉਹ ਹੁਣ ਬਦਲ ਨਹੀਂ ਸਕਦੀ । ਇਸ ਲਈ.........

ਪਤਨੀ–ਮੇਰਾ ਦਿਲ ਇਸ ਗਲ ਦੀ ਗਵਾਹੀ ਨਹੀਂ ਦੇਂਦਾ ।

ਪਤੀ–ਦਿਲ ਦੀ ਆਸ ਜੀਉਂਦੀ ਹੀ ਚੰਗੀ ਹੁੰਦੀ ਹੈ। ਜਿਸ ਦਿਨ ਆਸ ਮਰ ਜਾਵੇ, ਬੰਦਾ ਬਸ ਸਿਸਕਣ ਹੀ ਲਗ ਪੈਂਦਾ ਹੈ। (ਹਸ ਕੇ) ਸੋ ਆਸ ਨਾ ਛਡੀਂ ।

ਅਚਾਨਕ ਬੰਦ ਬਾਰੀ ਵਲੋਂ ਸ਼ੋਰ ਆਂਦਾ ਹੈ। ਗੰਭੀਰ ਦਾਸ ਦੀ ਸਸ ਤੇ ਨੂੰਹ ਆਪਸ ਵਿਚ ਲੜਦੀਆਂ ਨੇ ।

ਸਸ–ਮੈਂ ਵੀ ਸਤ ਪਾਲ ਕੇ ਵਡੇ ਕੀਤੇ ਨੇ । ਇਵੇਂ ਦਸ ਦਸ ਦਿਨ ਮੰਜਿਆਂ ਤੇ ਨਹੀਂ ਪਈ ਰਹੀਦਾ ਸੀ । ਚੌਥੇ ਦਿਨ ਖੂਹ ਤੋਂ ਪਾਨੀ ਲੈ ਆਈਦਾ ਸੀ।

ਨੂੰਹ–ਮੈਂ ਨਹੀਂ ਸਾਂ ਅਗੇ ਚੌਥੇ ਪੰਜਵੇਂ ਦਿਨ ਉਠ ਖਲੋਂਦੀ। ਪਰ ਖਾਣ ਨੂੰ ਵੀ ਕੁਝ ਮਿਲੇ। ਅੰਦਰ ਪਾਇਆਂ ਹੀ ਕੁਝ ਸਤਿਆ ਆਂਦੀ ਹੈ। ਹੁਣ ਮੈਂ ਉਠਾਂ ਤਾਂ ਕਿਹਦੇ ਸਿਰ ਤੇ ਉਠਾਂ ?

ਸਸ–ਜਾਣਦੀ ਹਾਂ ਸਾਰੇ ਖੇਖਣ ਤੇਰੇ। ਤੈਨੂੰ ਪਤਾ ਹੈ ਕਿ ਸਸ ਸਾਰਾ ਕੰਮ ਕਰ ਦੇਂਦੀ ਹੈ ਤੇ ਮੈਨੂੰ ਹਿਲਣ ਦੀ ਕਿਹੜੀ ਲੋੜ ਹੈ।

ਨੂੰਹ–ਮਾਤਾ ਜੀ, ਤੁਸੀਂ ਤਾਂ ਸਭ ਕੁਝ ਜਾਣਦੇ ਬੁਝਦੇ ਮੇਰਾ ਦਿਲ ਪਏ ਦੁਖਾਂਦੇ ਹੋ ।

ਸਸ–ਸਾਡੇ ਸਹੁਰੇ ਦੀ ਕਿਹੜੀ ਜਾਗੀਰ ਲਗੀ ਹੋਈ ਸੀ। ਦੁਆਨੀ ਦੇ ਗੁੜ ਦਾ ਕਾਹਵਾ ਤੇ ਉਹ ਵੀ ਸੌ ਗਲਾਂ ਨਾਲ, "ਅਖੇ ਸਹੁਰੇ ਤੇ ਚੋਰੀ ਦੇਂਦੀ ਹਾਂ।"

ਜਿਨਾਂ ਚਿਰ ਨੂੰਹ ਸਸ ਦੀ ਲੜਾਈ ਹੁੰਦੀ ਰਹਿੰਦੀ ਹੈ,
ਪਤੀ ਤੇ ਪਤਨੀ ਕੰਨ ਲਾ ਕੇ ਸੁਣਦੇ ਰਹਿੰਦੇ ਹਨ।

ਪਤਨੀ—ਸੁਣਿਆ ਜੇ, ਨੂੰਹ ਸਸ ਪਈਆਂ ਲੜਦੀਆਂ ਨੇ ।

ਪਤੀ—ਸਾਡੀਆਂ ਔਰਤਾਂ ਦਾ ਦਿਲ-ਪ੍ਰਚਾਵਾ ਹੀ ਇਹੋ ਹੈ । ਤੇ ਜਿਨ੍ਹਾਂ ਦੀਆਂ ਸਸਾਂ ਨਹੀਂ ਹੁੰਦੀਆਂ, ਉਹ ਘਰ ਵਾਲਿਆਂ ਨਾਲ ਹੀ ਦਿਲ ਲਾ ਲੈਂਦੀਆਂ ਨੇ। ਹੋਰ ਆਮ ਜ਼ਨਾਨੀਆਂ ਕਲੱਬਾਂ ਵਿਚ ਜਾ ਕੇ ਰੱਮੀ ਥੋੜਾ ਖੇਡ ਸਕਦੀਆਂ ਨੇ !

ਪਤਨੀ—ਰਹਿਣ ਵੀ ਦੇਵੋ। ਦੋ ਮਹੀਨਿਆਂ ਤੋਂ ਮੈਂ ਰੱਮੀ ਖੇਡਣ ਲਗੀ ਹਾਂ ਤੇ ਉਹ ਵੀ ਰੋਜ਼ ਟਿਚਕਰਾਂ ਹੀ ਟਿਚਕਰਾਂ ।

ਪਤੀ—ਟਿਚਕਰ ਬਾਜ਼ੀ ਵੀ ਤਾਂ ਇਕ ਸ਼ੁਗਲ ਹੈ । ਭਲਾ ਨੂੰਹ ਸਸ ਹੋਰ ਕੀ ਪਈਆਂ ਕਰਦੀ ਸਨ।

ਪਤਨੀ—ਪਤਾ ਵੀ ਹੈ ਤੁਹਾਨੂੰ ਕਿ ਝਗੜਾ ਕਿਸ ਗਲ ਤੇ ਹੋਇਆ ਹੈ ?

ਪਤੀ—ਮੈਂ ਕੀ ਲੈਣਾ ਹੈ ਪਤਾ ਕਰ ਕੇ ? ਔਰਤਾਂ ਦਾ ਮਾਮਲਾ ਹੈ, ਨਾਲੇ ਉਜੜੇ ਲੋਕ ਨੇ। ਬੰਦਾ ਤਕਲੀਫ਼ ਵਿਚ ਹੋਵੇ ਤਾਂ ਕੋਈ ਉਚੀ ਨੀਵੀਂ ਹੋ ਹੀ ਜਾਂਦੀ ਹੈ ।

ਪਤਨੀ—ਹੋ ਨਹੀਂ ਜਾਂਦੀ, ਕੋਈ ਗਲ ਹੁੰਦੀ ਹੈ। ਸਸ ਕਹਿੰਦੀ ਹੈ ਨੂੰਹ ਨੂੰ ਉਠ ਤੇ ਕੰਮ ਸ਼ੁਰੂ ਕਰ ਤੇ ਉਹ ਕਹਿੰਦੀ ਹੈ ਮੇਰੇ ਕੋਲੋਂ ਹੁੰਦਾ ਨਹੀਂ ।

ਪਤੀ—ਠੀਕ ਕਹਿੰਦੀ ਹੈ ਨੂੰਹ । ਹਾਲੀ ਦਸ ਦਿਨਾਂ ਦਾ ਬਾਲ ਹੋਣਾ ਹੈ, ਹੁਣੇ ਕਿਵੇਂ ਕੰਮ ਸ਼ੁਰੂ ਕਰ ਦੇਵੇ ।

ਪਤਨੀ—ਤੇ ਸਸ ਕਹਿੰਦੀ ਹੈ ਅਸੀਂ ਚੌਥੇ ਦਿਨ ਖੂਹ ਤੋਂ ਪਾਣੀ ਭਰ ਲਿਆਂਦੇ ਸਾਂ ।

ਪਤੀ—ਇਸੇ ਤਰ੍ਹਾਂ ਹੀ ਝਗੜੇ ਹੁੰਦੇ ਰਹਿੰਦੇ ਨੇ ਦੁਨੀਆਂ ਤੇ । ਅਸਾਂ ਵਿਚੋਂ

ਕੀ ਲੈਣਾ ਹੈ ਇਨ੍ਹਾਂ ਦੀਆਂ ਗਲਾਂ 'ਚੋਂ।

ਪਤਨੀ–ਲਣਾ ਜਾਂ ਨਹੀਂ ਲੈਣਾ ਪਰ ਸਵਾਦ ਬੜਾ ਆਂਦਾ ਹੈ ਇਹਨਾਂ ਦੀਆਂ ਗਲਾਂ ਸੁਣ ਕੇ। ਇਵੇਂ ਇਕ ਦੂਜੇ ਨੂੰ ਟੋਕਾਂ ਮਾਰਦੀਆਂ ਨੇ, ਜਿਵੇਂ ਬਸ ਹੁਣੇ ਲੜ ਹੀ ਪੈਣਗੀਆਂ।

ਪਤੀ–ਮੈਨੂੰ ਇਸ ਬਾਰੇ ਕੋਈ ਦਿਲਚਸਪੀ ਨਹੀਂ।

ਪਤਨੀ–ਪਰ ਮੇਰਾ ਤਾਂ ਦਿਲ ਲਗਿਆ ਰਹਿੰਦਾ ਹੈ। ਤਕਰੀਬਨ ਹਰ ਵੇਲੇ ਹੀ ਝਗੜਦੀਆਂ ਰਹਿੰਦੀਆਂ ਨੇ।

ਪਤੀ–ਛਡ ਵੀ ਪਰੇ। ਕੀ ਦੂਜਿਆਂ ਦੇ ਝਗੜੇ ਲੈ ਬੈਠੀ ਹੈਂ!

ਪਤਨੀ–(ਹਸ ਕੇ) ਤੇ ਕੀ ਫੇਰ ਆਪਣੇ ਸ਼ੁਰੂ ਕਰ ਲਈਏ?

ਪਤੀ–(ਹਸਦੇ ਹੋਇ) ਹਾਲੀ ਰਜੀ ਨਹੀਂ ਤੂੰ। ਦੋ ਹਫ਼ਤੇ ਹੋ ਗਏ ਨੇ ਤੈਨੂੰ ਰੋੜਕਾ ਪਾਂਦਿਆਂ ਕਿ ਹਾਏ ਇਹਨਾਂ ਨੂੰ ਕਿਉਂ ਥਾਂ ਦਿਤੀ ਹੈ, ਕਿਉਂ ਥਾਂ ਦਿਤੀ ਹੈ।

ਪਤਨੀ–ਤੁਸੀਂ ਤਾਂ ਸਚੀ ਮੁਚੀ ਦਾ ਝਗੜਾ ਸ਼ੁਰੂ ਕਰ ਦਿਤਾ ਹੈ।

ਪਤੀ–ਹਾਲੀ ਸ਼ੁਕਰ ਕਰ ਮੈਂ ਤੇਰੀਆਂ ਗਲਾਂ ਚੁਪ ਕਰਕੇ ਪੀ ਜਾਂਦਾ ਰਿਹਾ ਹਾਂ। ਨਹੀਂ ਤਾਂ ਇਹ ਕੋਈ ਤਰੀਕਾ ਹੈ ਕਿ ਸਰਵੈਂਟ ਕੁਆਰਟਰ ਵਿਚ ਪਿਆਜ਼ ਪਏ ਹੋਏ ਨੇ, ਇਸ ਲਈ ਉਹਨਾਂ ਨੂੰ ਦਿਤਾ ਨਹੀਂ ਜਾ ਸਕਦਾ।

ਪਤਨੀ–(ਜ਼ਰਾ ਗੁਸੇ ਨਾਲ) ਤੇ ਪਿਆਜ਼, ਤੁਹਾਡਾ ਮਤਲਬ ਹੈ ਚੁਕ ਕੇ ਬਾਹਰ ਸੁਟ ਦੇਂਦੀ?

ਪਤੀ–ਪਿਆਜ਼ ਜ਼ਿਆਦਾ ਜ਼ਰੂਰੀ ਨੇ ਕਿ ਬੰਦੇ? ਤੈਨੂੰ ਉਸ ਵੇਲੇ ਵੀ ਤਰਸ ਨਾ ਆਇਆ ਜਦੋਂ ਉਸ ਗ਼ਰੀਬਣੀ ਦੇ ਬਚਾ ਹੋ ਰਿਹਾ ਸੀ। ਔਰਤ ਨੂੰ ਔਰਤ ਲਈ ਇਨੀ ਹਮਦਰਦੀ ਤਾਂ ਜ਼ਰੂਰ ਚਾਹੀਦੀ ਹੈ।

ਪਤਨੀ–ਬਸ ਰਹਿਣ ਵੀ ਦੇਵੋ। ਹੁਣੇ ਚੰਗੇ ਭਲੇ ਹਸ ਹਸ ਕੇ ਗਲਾਂ

ਪਏ ਕਰਦੇ ਸਨ ਤੇ ਹੁਣੇ ਪਤਾ ਨਹੀਂ ਕੀ ਹੋ ਗਿਆ ਹੈ। ਕਖ ਸਵਾਦ ਨਹੀਂ ਆਣ ਦੇਂਦੇ ਚਾਹ ਦਾ ਤੁਸੀਂ। ਜਿਸ ਵੇਲੇ ਮੇਜ਼ ਤੇ ਬੈਠੋ, ਕੋਈ ਨਾ ਕੋਈ ਪੁਆੜਾ ਛੇੜ ਲੈਂਦੇ ਨੇ।

ਪਤੀ–ਪੁਆੜਾ ਮੈਂ ਨਹੀਂ ਛੇੜਦਾ, ਤੂੰ ਛੇੜਦੀ ਹੈਂ। ਕਲਿਆਂ ਰਹਿ ਰਹਿ ਕੇ ਬਸ ਅਜੇਹੀ ਸਖ਼ਤ ਆਦਤ ਹੋ ਗਈ ਹੈ ਤੇਰੀ ਕਿ ਕਿਸੇ ਨੂੰ ਸਹਾਰ ਨਹੀਂ ਸਕਦੀ ਤੂੰ, ਕਿਸੇ ਲਈ ਰਤਾ ਤਕਲੀਫ਼ ਨਹੀਂ ਬਰਦਾਸ਼ਤ ਕਰ ਸਕਦੀ।

ਪਤਨੀ–(ਰੋਣ-ਹਾਕੀ ਹੋ ਕੇ) ਇਹ ਵੀ ਮੇਰਾ ਕਸੂਰ ਹੋਣਾ ਹੈ! ਕਿਡੀਆਂ ਕੌੜੀਆਂ ਗਲਾਂ......

ਬੰਦ ਬਾਰੀ ਦੇ ਬਾਹਰੋਂ ਟਕ ਟਕ ਹੁੰਦੀ ਹੈ। ਪਤਨੀ ਉਥੇ ਹੀ ਸੰਭਲ ਜਾਂਦੀ ਹੈ। ਪਤੀ ਉਠ ਕੇ ਬਾਰੀ ਕੋਲ ਜਾਂਦਾ ਹੈ, ਬਾਹਰ ਵਲ ਝਾਕਦਾ ਹੈ, ਤੇ ਫੇਰ ਬਾਰੀ ਖੋਲ੍ਹਦਾ ਹੈ।

ਗੰਭੀਰ ਦਾਸ–ਮਾਫ਼ ਕਰਨਾ ਮੈਂ ਕੁਵੇਲੇ ਤਕਲੀਫ਼ ਦੇ ਰਿਹਾ ਹਾਂ।

ਪਤੀ–ਦਸੋ ਕੀ ਗਲ ਹੈ? ਕੋਈ ਚੀਜ਼ ਚਾਹੀਦੀ ਹੈ?

ਗੰਭੀਰ ਦਾਸ–ਉਹ ਤਾਂ ਬੜੀ ਮਿਹਰਬਾਨੀ ਤੁਹਾਡੀ, ਅਸੀਂ ਇਥੇ ਜਿਨੇ ਦਿਨ ਵੀ ਕਢੇ ਨੇ ਬੜੇ ਆਰਾਮ ਨਾਲ ਕਢੇ ਨੇ। ਹੁਣ ਤਾਂ ਬਸ ਜਾਣ ਦੀ ਛੁਟੀ ਮੰਗਦੇ ਹਾਂ।

ਪਤੀ–ਇੰਤਜ਼ਾਮ ਹੋ ਗਿਆ ਹੈ ਤੁਹਾਡਾ ਕਿਧਰੇ?

ਗੰਭੀਰ ਦਾਸ–ਇੰਤਜ਼ਾਮ ਤਾਂ ਕਈ ਦਿਨਾਂ ਦਾ ਹੋ ਗਿਆ ਸੀ, ਪਰ ਬਚੇ ਕਰ ਕੇ ਅਸੀਂ ਇਥੋਂ ਹਿਲ ਨਹੀਂ ਸਕੇ।

ਪਤੀ-ਤੁਸੀਂ ਇਕ ਮਿੰਟ ਅੰਦਰ ਆ ਜਾਵੋ। ਜਾਣ ਲਗੇ ਹੋ, ਤੁਹਾਡੇ ਨਾਲ ਇਕ ਦੋ ਗਲਾਂ ਤਾਂ ਕਰ ਲਈਏ।

ਗੰਭੀਰ ਦਾਸ ਬਾਰੀ 'ਚੋਂ ਅਲੋਪ ਹੋ ਜਾਂਦਾ ਹੈ। ਪਤੀ ਮੁੜ ਆਪਣੀ ਕੁਰਸੀ ਵਲ ਆਂਦਾ ਹੈ। ਪਤਨੀ ਆਪਣੀ

ਕੁਰਸੀ ਤੋਂ ਉਠ ਕੇ ਬਾਰੀ ਬੰਦ ਕਰਨ ਜਾਂਦੀ ਹੈ ਤੇ ਨਾਲੇ ਕਹਿੰਦੀ ਹੈ–

ਪਤਨੀ–ਬਾਰੀ 'ਚੋਂ ਹੀ ਗਲ ਕਰ ਲੈਣੀ ਸੀ। ਅੰਦਰ ਬੁਲਾਣ ਦੀ ਭਲਾ ਕੀ ਲੋੜ ਸੀ!

ਪਤੀ–ਤੇ ਫੇਰ ਕੀ ਹੋ ਗਿਆ। ਕੋਈ ਨੀਚ ਤਾਂ ਨਹੀਂ, ਸਾਡੇ ਤੁਹਾਡੇ ਵਰਗਾ ਬੰਦਾ ਹੈ।

ਪਤਨੀ ਦੇ ਜਵਾਬ ਦੇਣ ਤੋਂ ਪਹਿਲਾਂ ਗੰਭੀਰ ਦਾਸ ਬੂਹੇ ਤੇ ਟਕ ਟਕ ਕਰਦਾ ਹੈ।

ਪਤੀ–ਲੰਘ ਆਵੋ।

ਗੰਭੀਰ ਦਾਸ ਦਾਖ਼ਲ ਹੁੰਦਾ ਹੈ। ਤੀਹਾਂ ਕੁ ਸਾਲਾਂ ਦਾ ਮਿਨਹਤ ਕਰਨ ਵਾਲਾ ਬੰਦਾ ਦਿਸਦਾ ਹੈ। ਚਿਹਰਾ ਮੁਹਰਾ ਉਹਦਾ ਗਠਿਆ ਹੋਇਆ ਹੈ ਪਰ ਨਾ ਉਹਦੇ ਮੂੰਹ ਤੋਂ ਘਬਰਾਹਟ ਦਿਸਦੀ ਹੈ, ਤੇ ਨਾ ਮਿੰਨਤਾਂ ਕਰਨ ਦੀ ਵਾਦੀ। ਸਗੋਂ ਉਹਦੀ ਗਲ ਬਾਤ ਵਿਚ ਇਕ ਵਿਸ਼ਵਾਸ਼ ਹੈ, ਇਕ ਠਰੱਮਾ ਹੈ ਜਿਹੜਾ ਸ਼ਖਸੀਅਤ ਦੀ ਅਮੀਰੀ 'ਚੋਂ ਪੈਦਾ ਹੁੰਦਾ ਹੈ। ਗੰਭੀਰ ਦਾਸ ਬੂਹਾ ਲੰਘ ਕੇ ਮੇਜ਼ ਕੋਲ ਆ ਕੇ ਖਲੋ ਜਾਂਦਾ ਹੈ।

ਪਤੀ–ਬੈਠੋ, ਇਹ ਲਵੋ ਕੁਰਸੀ।

ਗੰਭੀਰ ਦਾਸ ਬੈਠਦਾ ਹੈ। ਪਤਨੀ ਮੂੰਹ ਵਟ ਕੇ ਜ਼ਰਾ ਪਰੇ ਵਲ ਕਰ ਲੈਂਦੀ ਹੈ।

ਪਤੀ–ਚਾਹ ਦਾ ਪਿਆਲਾ ਲਵੋਗੇ?

ਪਤਨੀ ਹੋਰ ਮੂੰਹ ਵਟਦੀ ਹੈ।

ਗੰਭੀਰ ਦਾਸ–ਮਿਹਰਬਾਨੀ ਜੀ। ਅਸੀਂ ਹੁਣ ਜਾਣ ਦੀਆਂ ਤਿਆਰੀਆਂ ਵਿਚ ਹਾਂ, ਇਸ ਲਈ........

ਪਤੀ–ਫੇਰ ਕੀ ਹੋਇਆ! ਅਖ਼ੀਰ ਦੋ ਮਿੰਟ ਬੈਠੋਗੇ ਹੀ।

ਗੰਭੀਰ ਦਾਸ–ਜਿਵੇਂ ਮਰਜ਼ੀ ।

ਪਤੀ ਪਤਨੀ ਵਲ ਤਕਦਾ ਹੈ। ਉਹ ਨਹੀਂ ਹਿਲਦੀ। ਫੇਰ ਪਤੀ ਆਪ ਹੀ ਚਾਹ ਦਾ ਪਿਆਲਾ ਬਣਾ ਕੇ ਉਹਦੇ ਅਗੇ ਕਰਦਾ ਹੈ।

ਪਤਨੀ–ਤੁਸੀਂ ਕਿਥੇ ਜਾ ਰਹੇ ਹੋ ਹੁਣ ?

ਗੰਭੀਰ ਦਾਸ–ਇਸ ਵੇਲੇ ਤਾਂ ਅਸੀਂ ਆਪਣੇ ਰਿਸ਼ਤੇਦਾਰਾਂ ਕੋਲ ਜਾ ਰਹੇ ਹਾਂ। ਮੇਰੀ ਘਰ ਵਾਲੀ ਦੇ ਦੂਰੋਂ ਪਾਰੋਂ ਮਾਮੇ ਲਗਦੇ ਨੇ ਉਹ। ਫੇਰ ਕੋਈ ਪਕਾ ਟਿਕਾਣਾ ਢੂੰਡਾਂਗੇ।

ਪਤੀ–ਉਹ ਪਹਿਲਾਂ ਦੇ ਇਥੇ ਵਸਦੇ ਨੇ ?

ਗੰਭੀਰ ਦਾਸ–ਨਹੀਂ ਜੀ, ਉਹ ਵੀ ਸਾਡੇ ਵਾਂਗ ਉਜੜ ਕੇ ਆਏ ਨੇ। ਪਰ ਸਾਡੇ ਕੋਲੋਂ ਦਲੇਰ ਨਿਕਲੇ ਨੇ। ਆਂਦਿਆਂ ਹੀ ਉਹਨਾਂ ਨੇ ਇਕ ਮੁਸਲਮਾਨੀ ਮਕਾਨ ਮਲ ਲਿਆ ਹੈ। ਕਾਫ਼ੀ ਖੁਲ੍ਹਾ ਹੈ, ਸੋ ਦੋ ਕਮਰੇ ਉਹਨਾਂ ਸਾਨੂੰ ਵੀ ਦੇ ਦਿਤੇ ਨੇ ।

ਪਤੀ–ਚਲੋ ਇਹ ਤਾਂ ਅਛਾ ਹੋਇਆ।

ਗੰਭੀਰ ਦਾਸ–ਬਸ ਜੀ ਇਹਨਾਂ ਨੂੰ ਕਿਧਰੇ ਟਿਕਾਣੇ ਲਾ ਕੇ ਰੁਜ਼ਗਾਰ ਲਭਣ ਤੁਰਾਂਗਾ।

ਪਤੀ–ਹਾਂ, ਇਹ ਤਾਂ ਜ਼ਰੂਰੀ ਹੈ। ਅਖ਼ੀਰ ਰੁਜ਼ਗਾਰ ਬਿਨਾ ਆਦਮੀ ਕਿੰਨੇ ਤਕ ਚਲ ਸਕਦਾ ਹੈ।

ਗੰਭੀਰ ਦਾਸ–ਜੋ ਮਾੜੀ ਮੋਟੀ ਨਕਦੀ ਹੈ ਸੀ ਉਹ ਤਾਂ ਹੁਣ ਮੁਕ ਗਈ ਹੈ। ਇੰਨੇ ਖਾਣ ਵਾਲੇ ਹਾਂ। ਚਾਰ ਬੱਚੇ, ਇਕ ਮੇਰੀ ਮਾਂ, ਦੋ ਅਸੀਂ। ਉਤੋਂ ਇਕ ਹੋਰ ਜੀ ਆ ਗਿਆ ਹੈ। ਕੋਈ ਨਹੀਂ, ਪਰ ਰੁਖੀ ਮਿਸੀ ਖਾ ਕੇ ਝਟ ਟਪਾ ਹੀ ਲਵਾਂਗੇ।

ਪਤੀ–ਰੁਖੀ ਮਿਸੀ ਦੀ ਇੰਨੀ ਕੀ ਗਲ ਹੈ ? ਹਿੰਮਤੀ ਆਦਮੀ ਹੋ; ਫੇਰ ਹਥ ਵਿਚ ਕਸਬ ਹੈ, ਕਿਧਰੇ ਨਹੁੰ ਅੜ ਹੀ ਜਾਵੇਗਾ।

ਗੰਭੀਰ ਦਾਸ–ਹੋਰ ਤਾਂ ਸਭ ਖ਼ੈਰ ਹੈ ਜੀ ਪਰ ਮੇਰੀ ਮਾਂ ਤੇ ਮੇਰੀ ਘਰ ਵਾਲੀ ਦੀ ਆਪਸ ਵਿਚ ਬਣਦੀ ਨਹੀਂ। ਜ਼ਰਾ ਘਰੋਂ ਬਾਹਰ ਜਾਵਾਂ, ਬਸ ਇਕ ਦੂਜੇ ਨਾਲ ਲੜਨ ਲਗ ਪੈਂਦੀਆਂ ਨੇ।

ਪਤੀ–ਸਾਡੇ ਦੇਸ ਦਾ ਕੁਝ ਰਿਵਾਜ ਹੀ ਐਸਾ ਹੈ।

ਗੰਭੀਰ ਦਾਸ–ਬਸ ਇਹੋ ਡਰ ਲਗਦਾ ਹੈ ਕਿ ਕਿਧਰੇ ਨੌਕਰੀ ਲਭਣ ਜਾਵਾਂ ਤੇ ਪਿਛੋਂ ਇਕ ਦੂਜੇ ਦਾ ਝਾਟਾ ਹੀ ਨਾ ਪੁਟਦੀਆਂ ਰਹਿਣ।

ਪਤੀ–ਕੋਈ ਗਲ ਨਹੀਂ। ਰਬ ਆਪੇ ਹੀ ਵੇਲੇ ਸਿਰ ਸਿਖਾ ਦੇਂਦਾ ਹੈ।

ਗੰਭੀਰ ਦਾਸ–ਅਗੇ ਪਿਛੇ ਦੀ ਤਾਂ ਖ਼ੈਰ ਹੈ, ਪਰ ਅਜ ਕਲ ਔਖਾ ਹੈ। ਬੱਚਾ ਬਹੁਤ ਛੋਟਾ ਹੋਇਆ ਤੇ ਉਧਰੋਂ ਪੈਸੇ ਦੀ ਵੀ ਤੰਗੀ ਹੋਈ।

ਪਤੀ–ਇਕ ਮਿੰਟ ਜ਼ਰਾ ਮਾਫ਼ ਕਰਨਾ।

ਪਿਛਲੇ ਕਮਰੇ ਵਿਚ ਜਾਂਦਾ ਹੈ। ਗੰਭੀਰ ਦਾਸ ਕੁਝ ਅਜੀਬ ਜਿਹਾ ਮਹਿਸੂਸ ਕਰਦਾ ਹੈ। ਪਤਨੀ ਮੇਜ਼ ਤੇ ਪਏ ਅਖਬਾਰ ਨੂੰ ਹੀ ਪੜ੍ਹੀ ਜਾਂਦੀ ਹੈ ਤੇ ਉਸ ਵਲ ਉਪਰ ਨਹੀਂ ਤਕਦੀ। ਇਨੇ ਨੂੰ ਪਤੀ ਮੁੜ ਆਂਦਾ ਹੈ। 'ਉਸ ਦੇ ਹਥ ਵਿਚ ੫੦ ਰੁਪੈ ਦੇ ਨੋਟ ਹਨ। ਗੰਭੀਰ ਦਾਸ ਵਲ ਅਗੇ ਕਰਦੇ ਹੋਏ–

ਪਤੀ–ਜੇ ਬੁਰਾ ਨਾ ਮਨਾਓ ਤਾਂ ਮੈਂ............

ਗੰਭੀਰ ਦਾਸ–(ਵਿਚੋਂ ਹੀ ਟੁਕਦੇ ਹੋਏ) ਇਹ ਮੁਸ਼ਕਲ ਹੈ ਜੀ, ਇਹ ਮੁਸ਼ਕਲ ਹੈ। ਮੈਂ ਅਗੇ ਹੀ ਤੁਹਾਡਾ ਅਹਿਸਾਨ ਕਦੀ ਨਹੀਂ ਭੁਲ ਸਕਦਾ ਤੇ ਇਹ ਤਾਂ........

ਪਤੀ–(ਅੜ ਅੜ ਕੇ ਬੋਲਦੇ ਹੋਏ) ਇਹ ਥੋੜੀ ਜਿਹੀ ਮਦਦ ਸਮਝਣਾ, ਉਜੜ ਕੇ ਆਏ ਹੋ, ਰੁਜ਼ਗਾਰ ਕੋਈ ਨਹੀਂ, ਖ਼ਰਚ ਉਸੇ

ਤਰ੍ਹਾਂ ਨੇ। ਸੋ ਜੇਕਰ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਥੋੜ੍ਹੀ ਜਿਹੀ ਰਕਮ ਕਬੂਲ ਕਰ ਲਵੋ।

ਗੰਭੀਰ ਦਾਸ–(ਕੁਰਸੀ ਤੋਂ ਉਠਦੇ ਹੋਏ) ਗਲ ਇਹ ਹੈ ਜੀ ਕਿ ਅਜ ਤਕ ਕਿਸੇ ਅਗੇ ਹਥ ਨਹੀਂ ਅੱਡਿਆ ਤੇ ਰਬ ਅਗੋਂ ਲਈ ਵੀ ਇਹੋ ਤੌਫ਼ੀਕ ਦੇਵੇ। ਚੰਗਾ ਹੋਵੇ ਜੇਕਰ ਤੁਸੀਂ ਮੈਨੂੰ ਦੂਜੀ ਵਾਰ ਨਾ ਕਹੋ।

ਪਤੀ–ਚੰਗਾ, ਤੁਸੀਂ ਕਰਜ਼ੇ ਦੇ ਤੌਰ ਤੇ ਲੈ ਲਵੋ। ਜਦੋਂ ਕਦੀ ਹਥ ਖੁਲ੍ਹਾ ਹੋਇਆ, ਵਾਪਸ ਦੇ ਦੇਣੇ।

ਗੰਭੀਰ ਦਾਸ–ਜ਼ਿੰਦਗੀ ਦਾ ਕੋਈ ਪਤਾ ਨਹੀਂ ਹੁੰਦਾ ਜੀ। ਅਜ ਇਥੇ ਹਾਂ, ਕਲ ਪਤਾ ਨਹੀਂ ਕਿਥੇ ਹੋਈਏ। ਇਸ ਲਈ ਤੁਹਾਡੀ ਬਹੁਤ ਬਹੁਤ ਮਿਹਰਬਾਨੀ।

ਪਤੀ–(ਜੇਬ ਵਿਚ ਵਾਪਸ ਪਾਂਦੇ ਹੋਏ) ਜਿਵੇਂ ਤੁਹਾਡੀ ਖ਼ੁਸ਼ੀ। ਜੇ ਅਸੀਂ ਤੁਹਾਡੇ ਕਿਸੇ ਕੰਮ ਆ ਸਕਦੇ ਤਾਂ ਸਾਨੂੰ ਖ਼ੁਸ਼ੀ ਹੁੰਦੀ। ਪਰ ਹੁਣ ਅਸੀਂ ਉਸੇ ਵਿਚ ਖ਼ੁਸ਼ ਹਾਂ ਜਿਸ ਵਿਚ ਤੁਸੀਂ ਖ਼ੁਸ਼ ਹੋਵੋ।

ਗੰਭੀਰ ਦਾਸ–ਇਸ ਵੇਲੇ ਮੇਰੇ ਕੋਲ ਗੁਜ਼ਾਰੇ ਜੋਗੀ ਨਕਦੀ ਹੈ ਤੇ ਜੇ ਲੋੜ ਪੈ ਗਈ ਤਾਂ ਘਰ ਵਾਲੀ ਦਾ ਮੁੰਦਰੀ ਛਲਾ ਕਿਸੇ ਕੋਲ ਰਖ ਕੇ ਕੁਝ ਫੜ ਲਵਾਂਗੇ। ਪਰ ਜੀ ਤੁਹਾਡੀ ਹਮਦਰਦੀ ਦਾ ਮੈਂ ਸਾਰੀ ਉਮਰ ਕਰਜ਼ਾਈ ਰਹਾਂਗਾ। ਅਛਾ ਜੀ, ਮੈਨੂੰ ਇਜਾਜ਼ਤ ਦੇਵੋ। ਮੈਂ ਟਾਂਗੇ ਵਗ਼ੈਰਾ ਦਾ ਵੀ ਬੰਦੋਬਸਤ ਕਰਨਾ ਹੈ।

ਪਤੀ–ਚੰਗਾ, ਫੇਰ ਜਦੋਂ ਟਿਕ ਟਿਕਾ ਗਏ ਤਾਂ ਕਦੀ ਕਦਾਈਂ ਮਿਲਣ ਜ਼ਰੂਰ ਆਣਾ। ਹੋਰ ਕੁਝ ਨਹੀਂ ਤਾਂ ਚਿਠੀ ਇਕ ਅਧ ਜ਼ਰੂਰ ਲਿਖਣੀ।

ਗੰਭੀਰ ਦਾਸ—ਜ਼ਰੂਰ ਜੀ। ਅਸੀਂ ਤਾਂ ਤੁਹਾਡੇ ਸਾਰੀ ਉਮਰ ਦੇ ਹਥ ਬਧੇ ਗੁਲਾਮ ਹਾਂ। ਇਹ ਜਿਹੜੇ ਦਿਨ ਕਟੇ ਨੇ, ਇਹਨਾਂ ਨੂੰ ਅਸੀਂ ਕਦੀ ਨਹੀਂ ਭੁਲਾਂਗੇ।

ਪਤੀ—ਅਸੀਂ ਤਾਂ ਆਪਣਾ ਫ਼ਰਜ਼ ਪੂਰਾ ਕੀਤਾ ਹੈ, ਹੋਰ ਕੁਝ ਨਹੀਂ।

ਗੰਭੀਰ ਦਾਸ—ਜਾਣ ਲਗਿਆਂ ਮੈਂ ਇਕ ਗਲ ਦੀ ਮਾਫ਼ੀ ਮੰਗਣੀ ਹੈ। ਹਰ ਆਦਮੀ ਕੋਲੋਂ ਕਦੇ ਨਾ ਕਦੇ ਭੁਲ ਚੁਕ ਹੋ ਹੀ ਜਾਂਦੀ ਹੈ।

ਪਤੀ—ਮਾਫ਼ੀ ਦੀ ਕੋਈ ਗਲ ਹੀ ਨਹੀਂ। ਅਸੀਂ ਕਰ ਹੀ ਕੀ ਸਕੇ ਹਾਂ ਤੁਹਾਡੇ ਲਈ।

ਗੰਭੀਰ ਦਾਸ—ਗਲ ਇਨੀ ਹੈ ਜੀ ਕਿ ਜੇ ਨੂੰਹ ਸਸ ਦੇ ਝਗੜੇ ਤੋਂ ਤੁਹਾਡੇ ਆਰਾਮ ਵਿਚ ਕੋਈ ਹਰਜ ਹੋਇਆ ਹੋਵੇ ਤਾਂ ਮਾਫ਼ ਕਰ ਦੇਣਾ।

ਪਤੀ—ਕੀ ਗਲਾਂ ਪਏ ਕਰਦੇ ਹੋ? ਹਰ ਘਰ ਵਿਚ ਇਸ ਤਰ੍ਹਾਂ ਹੁੰਦਾ ਹੀ ਰਹਿੰਦਾ ਹੈ।

ਗੰਭੀਰ ਦਾਸ—ਫੇਰ ਵੀ ਜੀ ਆਪਣਾ ਘਰ ਹੋਰ ਹੁੰਦਾ ਹੈ, ਕਿਸੇ ਹੋਰ ਦਾ ਘਰ ਹੋਰ ਹੁੰਦਾ ਹੈ। ਬਚਿਆਂ ਨੂੰ ਤਾਂ ਮੈਂ ਗੰਦ ਪਾਣ ਤੋਂ ਡਕ ਸਕਦਾ ਹਾਂ, ਪਰ ਇਹ ਵਡੀਆਂ ਡਕਦਿਆਂ ਵੀ ਨਹੀਂ ਸਨ ਡਕੀਂਦੀਆਂ। ਮੇਰੀ ਗਲ ਮੰਨਦੀਆਂ ਵੀ ਕਿਸ ਤਰ੍ਹਾਂ—ਇਕ ਮਾਂ ਸੀ ਤੇ ਇਕ ਘਰ ਵਾਲੀ।

ਪਤੀ—(ਗੰਭੀਰ ਦਾਸ ਦੀ ਪਿਠ ਤੇ ਥਾਪੀ ਮਾਰ ਕੇ) ਉਹੋ, ਇਹਨਾਂ ਨਿਕੀਆਂ ਨਿਕੀਆਂ ਗਲਾਂ ਦਾ ਫ਼ਿਕਰ ਨਹੀਂ ਕਰੀਦਾ। ਹੁਣ ਤੁਸੀਂ ਕਿਧਰੇ ਟਿਕਾਣਾ ਬਣਾਓ ਤੇ ਚੰਗੀ ਤਰ੍ਹਾਂ ਵਸੋ ਰਸੋ। ਸਾਡੀ ਖ਼ੁਸ਼ੀ ਇਸੇ ਵਿਚ ਹੈ।

ਗੰਭੀਰ ਦਾਸ—ਸਭ ਕੁਦਰਤ ਦੇ ਅਖ਼ਤਿਆਰ ਹੈ। ਜੋ ਹੋਵੇਗਾ, ਸਾਨੂੰ ਉਹੋ ਮਨਜ਼ੂਰ ਹੈ। ਅਛਾ ਜੀ, ਨਮਸਤੇ।

ਪਤੀ—ਨਮਸਤੇ।

ਗੰਭੀਰ ਦਾਸ–ਬੀਬੀ ਜੀ ਨੂੰ ਵੀ ਨਮਸਤੇ।

ਪਤਨੀ–(ਜ਼ਰਾ ਘਬਰਾ ਕੇ ਅਖ਼ਬਾਰ ਤੋਂ ਮੂੰਹ ਚੁਕਦੀ ਹੈ) ਨਮਸਤੇ।

ਗੰਭੀਰ ਦਾਸ ਬਾਹਰ ਜਾਂਦ ਹੈ।

ਪਤੀ–ਇਕ ਮਿੰਟ।

ਗੰਭੀਰ ਦਾਸ ਰੁਕਦਾ ਹੈ ਬੂਹੇ ਕੋਲ। ਪਤੀ ਮੇਜ਼ ਤੇ ਪਈ ਸਾਰੀ ਮਿਠਾਈ ਨੂੰ ਪਤਨੀ ਦੇ ਅਗੇ ਪਏ ਅਖ਼ਬਾਰ ਵਿਚ ਪਾ ਦੇਂਦਾ ਹੈ।

ਪਤੀ–ਇਹ ਬਚਿਆਂ ਲਈ ਲੈਂਦੇ ਜਾਵੋ।

ਗੰਭੀਰ ਦਾਸ–(ਅਗੇ ਆ ਕੇ ਫੜਦੇ ਹੋਏ) ਬੜੀ ਮਿਹਰਬਾਨੀ। (ਗੰਭੀਰ ਦਾਸ ਬਾਹਰ ਚਲਾ ਜਾਂਦਾ ਹੈ। ਪਤਨੀ ਗੁਸੇ ਨਾਲ ਪਤੀ ਵਲ ਤਕਦੀ ਹੈ। ਪਰ ਉਹ ਪਹਿਲਾਂ ਬੂਹੇ ਵਲ ਤਕਦਾ ਰਹਿੰਦਾ ਹੈ, ਫੇਰ ਬਾਰੀ ਵਲ ਤਕਦਾ ਹੈ)।

ਪਤੀ–ਬੜਾ ਹੀ ਨਫ਼ੀਸ ਆਦਮੀ ਹੈ ਕੋਈ। (ਪਤਨੀ ਚੁਪ ਰਹਿੰਦੀ ਹੈ)। ਜੇ ਕੋਈ ਹੋਰ ਹੁੰਦਾ ਤਾਂ ਇਕ ਮਿੰਟ ਨਾ ਲਾਂਦਾ ੫੦ ਰੁਪੈ ਫੜਨ ਵਿਚ।

ਪਤਨੀ–ਰਹਿਣ ਵੀ ਦੇਵੋ, ਉਹਨੂੰ ਪਤਾ ਸੀ ਤੁਸੀਂ ਝੂਠਾ ਸਤ ਕਰ ਰਹੇ ਹੋ।

ਪਤੀ–(ਗੰਭੀਰ ਹੋ ਕੇ) ਮੈਂ ਝੂਠਾ ਤਾਂ ਨਹੀਂ ਸਾਂ ਕਰ ਰਿਹਾ। ਸਗੋਂ ਮੈਨੂੰ ਤਾਂ ਅਫ਼ਸੋਸ ਹੈ ਕਿ ਉਹ ਲੈ ਕਿਉਂ ਨਹੀਂ ਗਿਆ।

ਪਤਨੀ–ਬੜੇ ਦਿਆਲ ਹੋਏ ਸੀ ਅਜ ਤਾਂ।

ਪਤੀ–ਨਹੀਂ। ਸਾਡਾ ੫੦ ਰੁਪੈ ਨਾਲ ਕੁਝ ਘਟਣਾ ਨਹੀਂ ਸੀ ਤੇ ਉਹਦਾ ਸ਼ਾਇਦ ਕੁਝ ਬਣ ਜਾਂਦਾ।

ਪਤਨੀ–ਬਣਦਾ ਜਾਂ ਨਾ ਬਣਦਾ, ਤੁਹਾਨੂੰ ਤਸੱਲੀ ਹੋ ਜਾਂਦੀ ਕਿ ਤੁਸੀਂ ਕੋਈ ਭਲੇ ਦਾ ਕੰਮ ਕੀਤਾ ਹੈ।

ਪਤੀ–(ਕੁਝ ਅਫ਼ਸੋਸ ਨਾਲ) ਪਤਾ ਨਹੀਂ ਤੇਰਾ ਦਿਲ ਕਿਉਂ ਇਨਾ

ਤੰਗ ਹੋ ਗਿਆ ਹੈ! ਅਗੇ ਤਾਂ ਕਦੇ ਤੂੰ ਇਸ ਤਰ੍ਹਾਂ ਥੁੜ-ਦਿਲੀਆਂ ਗਲਾਂ ਨਹੀਂ ਸੈਂ ਕਰਦੀ ਹੁੰਦੀ।

ਪਤਨੀ–ਮੈਂ ਥੁੜ-ਦਿਲੀ ਨਹੀਂ ਬਣ ਗਈ, ਤੁਸੀਂ ਦਰਿਆ-ਦਿਲ ਹੋ ਗਏ ਹੋ।

ਪਤੀ–ਕਿਸੇ ਨੂੰ ਚਾਰ ਦਿਨ ਰਹਿਣ ਲਈ ਜਗ੍ਹਾ ਦੇ ਦੇਣੀ ਕਿਹੜੇ ਪਾਸੇ ਦੀ ਦਰਿਆ-ਦਿਲੀ ਹੈ। ਇਸ ਤੋਂ ਘਟ ਤਾਂ ਏਹੋ ਹੋ ਸਕਦਾ ਸੀ ਕਿ ਉਹਨਾਂ ਬੈਠਿਆਂ ਨੂੰ ਕਢ ਦੇਂਦੇ।

ਪਤਨੀ–ਮੈਨੂੰ ਤੁਸੀਂ ਕੁਝ ਕਰਨ ਨਹੀਂ ਦਿਤਾ, ਨਹੀਂ ਤਾਂ ਮੈਂ ਉਹਨਾਂ ਨੂੰ ਇੰਨੇ ਦਿਨ ਬਿਲਕੁਲ ਨਾ ਰਹਿਣ ਦੇਂਦੀ।

ਪਤੀ–ਤੇਰਾ ਵਸ ਲਗਦਾ ਤਾਂ ਤੂੰ ਤਾਂ ਉਹਨਾਂ ਨੂੰ ਕੋਠੀ ਵਿਚ ਪੈਰ ਹੀ ਨਹੀਂ ਸੀ ਪਾਣ ਦੇਣਾ।

ਪਤਨੀ–ਤੇ ਹੋਰ ਕੀ?

ਪਤੀ–ਚਲੋ, ਚੰਗਾ ਹੁਣ ਉਹ ਚਲੇ ਗਏ ਨੇ। ਹੁਣ ਉਹਨਾਂ ਨੂੰ ਭੁਲ ਜਾ ਤੇ ਹੋਰ ਗਲਾਂ ਦਾ ਸੋਚ।

ਪਤਨੀ–ਹੋਰ ਗਲਾਂ ਕਿਹੜੀਆਂ?

ਪਤੀ–ਚਲੋ ਅਜ ਕਪੂਰ ਦੇ ਚਲੀਏ। ਬੜੇ ਦਿਨ ਹੋ ਗਏ ਨੇ ਉਹਨੂੰ ਕਹਿੰਦਿਆਂ ਕਿ ਤੁਸੀਂ ਕਦੀ ਆਏ ਨਹੀਂ।

ਪਤਨੀ–ਚੰਗਾ, ਮੈਂ ਤਿਆਰ ਹੋ ਜਾਂਦੀ ਹਾਂ ਤੇ ਤੁਸੀਂ......

ਪਤੀ–ਮੈਂ ਤਿਆਰ ਹਾਂ। ਮੈਂ ਇਨੇ ਚਿਰ ਵਿਚ ਦੋ ਚਿਠੀਆਂ ਲਿਖ ਲੈਂਦਾ ਹਾਂ।

ਪਤਨੀ ਅੰਦਰ ਵਲ ਜਾਂਦੀ ਹੈ। ਪਤੀ ਮੇਜ਼ ਤੇ ਬੈਠ ਕੇ ਚਿਠੀਆਂ ਲਿਖਣ ਲਗਦਾ ਹੈ। ਇਨੇ ਨੂੰ ਬਾਹਰੋਂ ਕਿਸੇ ਬਚੇ ਦੇ ਰੋਣ ਦੀ ਆਵਾਜ਼ ਆਂਦੀ ਹੈ। ਪਤੀ ਉਠ ਕੇ

ਬਾਰੀ ਕੋਲ ਜਾਂਦਾ ਹੈ । ਬਾਰੀ ਖੋਲ੍ਹ ਕੇ ਬਾਰੀ ਵਲ ਝਾਤੀ ਮਾਰਦਾ ਹੈ ਤੇ ਫੇਰ ਜ਼ੋਰ ਜ਼ੋਰ ਦੀਆਂ ਵਾਜਾਂ ਮਾਰਦਾ ਹੈ।

ਪਤੀ-ਕਿਰਪਾਲ, ਕਿਰਪਾਲ !

ਪਤਨੀ-(ਅੰਦਰੋਂ ਹੀ) ਕੀ ਗਲ ਹੈ ?

ਪਤੀ-ਉਰੇ ਆ। ਦੌੜ ਕੇ ਆ।

ਪਤਨੀ ਅੰਦਰੋਂ ਨੰਗੇ ਪੈਰੀਂ ਭਜੀ ਭਜੀ ਆਂਦੀ ਹੈ।

ਪਤੀ-(ਪਤਨੀ ਨੂੰ ਵਿਖਾ ਕੇ) ਇਹ ਕੀ ਹੈ ?

ਪਤਨੀ-(ਝਾਤੀ ਮਾਰ ਕੇ) ਇਹ ਤਾਂ ਉਹ ਆਪਣਾ ਬਚਾ ਛਡ ਗਏ ਨੇ- ਨਵਾਂ ਜੰਮਿਆਂ।

ਪਤੀ-ਭੁਲ ਗਏ ਨੇ ਸ਼ਾਇਦ ।

ਪਤਨੀ-ਭੁਲ ਕਿਸ ਤਰ੍ਹਾਂ ਸਕਦੇ ਨੇ ? ਭਾਵੇਂ ਜਾਣ ਬੁਝ ਕੇ ਛਡ ਗਏ ਨੇ!

ਪਤੀ-ਕਿਉਂ ?

ਪਤਨੀ-ਸ਼ਾਇਦ ਇਨੇ ਸਾਂਭ ਨਹੀਂ ਸਕਦੇ । ਅਗੇ ਚਾਰ ਬਚੇ ਨੇ ਉਹਨਾਂ ਦੇ ।

ਪਤੀ-(ਤਾੜੀ ਮਾਰ ਕੇ) ਉਹ ਫਿਰ ਇਸੇ ਲਈ ਛਡ ਗਏ ਨੇ ਕਿ ਉਹਨਾਂ ਕੋਲ ਚਾਰ ਨੇ ਤੇ ਸਾਡੇ ਕੋਲ ਇਕ ਵੀ ਨਹੀਂ ।

ਪਤਨੀ-(ਸਿਰ ਫੇਰਦੇ ਹੋਏ) ਨਹੀਂ ! ਤੁਸੀਂ ਐਵੇਂ ਪਏ ਕਹਿੰਦੇ ਹੋ।

ਪਤੀ-ਸਚ ਪਿਆ ਕਹਿੰਦਾ ਹਾਂ। ਉਹ ਜ਼ਰੂਰ ਇਸੇ ਲਈ ਛਡ ਗਏ ਨੇ। ਸ਼ਾਇਦ ਉਸ ਨੇ ਇਸੇ ਲਈ ਰੁਪੈ ਨਹੀਂ ਸਨ ਲਏ ਕਿ ਕਿਧਰੇ ਸੌਦਾ ਨਾ ਸਮਝਿਆ ਜਾਵੇ !

ਪਤਨੀ-(ਖਿੜੇ ਚਿਹਰੇ ਨਾਲ) ਮੈਨੂੰ ਤਾਂ ਯਕੀਨ ਨਹੀਂ ਪਿਆ ਆਂਦਾ ।

ਪਤੀ—ਯਕੀਨ ਤੈਨੂੰ ਕਿਸ ਤਰ੍ਹਾਂ ਆਵੇ। ਅਗੇ ਤੂੰ ਆਸਾਂ ਦੀਆਂ ਤੰਦਾਂ ਤਣਦੀ ਰਹਿੰਦੀ ਸੈਂ ਤੇ ਹੁਣ ਤੇਰੇ ਘਰ ਆਸਾਂ ਦੇ ਅੰਬਾਰ ਲਗ ਗਏ ਨੇ।

ਪਤਨੀ—ਮੇਰਾ ਦਿਲ ਕਹਿੰਦਾ ਹੈ ਇਸ ਵਿਚ ਜ਼ਰੂਰ ਕੋਈ ਭੇਦ ਹੋਣਾ ਹੈ।

ਪਤੀ—ਭੇਦ ਹੀ ਹੈ, ਤਾਂ ਉਹ ਛਡ ਗਏ ਨੇ।

ਪਤਨੀ—ਜੇ ਉਹ ਮੁੜ ਲੈਣ ਆ ਗਏ?

ਪਤੀ—ਨਹੀਂ ਆਂਦੇ। ਜੇ ਮੁੜ ਲੈਣਾ ਹੁੰਦਾ ਤਾਂ ਛਡ ਹੀ ਕਿਉਂ ਜਾਂਦੇ। ਨਾਲੇ ਉਹ ਆਏ ਵੀ ਤਾਂ ਵੀ ਅਸੀਂ ਨਹੀਂ ਮੋੜਾਂਗੇ।

ਪਤਨੀ—ਸਚੀਂ?

ਪਤੀ—ਵੇਖਦੀ ਕੀ ਪਈ ਹੈਂ? ਜਾ ਉਹਨੂੰ ਬਾਹਰੋਂ ਚੁਕ। ਖ਼ਾਹ ਮਖ਼ਾਹ ਵਿਚਾਰਾ ਰੋਂਦਾ ਪਿਆ ਹੈ।

ਪਤਨੀ—(ਬੇਕਾਬੂ ਖ਼ੁਸ਼ੀ ਨਾਲ ਟਪਦੇ ਹੋਏ) ਮੈਂ ਜਾਂਦੀ ਹਾਂ।

ਪਤੀ—ਤੇ ਨਾਲੇ ਉਹ ਟੋਟੇ ਵੀ ਕਢ ਜਿਹੜੇ ਸਾਲਾਂ ਦੇ ਤੂੰ ਸਾਂਭ ਕੇ ਰਖੇ ਹੋਏ ਨੇ।

ਪਤਨੀ ਜਾਂਦੀ ਹੈ—ਅੰਦਰ ਵਲੋਂ ਬਾਹਰ ਵਲ। ਪਤੀ ਬਾਰੀ ਵਿਚੋਂ ਤਕਦਾ ਰਹਿੰਦਾ ਹੈ। ਹੌਲੇ ਹੌਲੇ ਪਰਦਾ ਡਿਗਦਾ ਹੈ।

# ਅਨੁਰਾਗ

ਪਾਤਰ—

ਮਨਮੋਹਨ—ਇਕ ਬੇ-ਪਰਵਾਹ ਜਿਹਾ ਨੌਜਵਾਨ ਜਿਹਨੂੰ ਜ਼ਿੰਦਗੀ ਨੇ ਕੌੜਾ ਵੀ ਬਣਾ ਦਿਤਾ ਹੈ ਤੇ ਕਵੀ ਵੀ।

ਅਨੁਰਾਗ—ਇਕ ਸਜਣੀ ਜਿਹੜੀ ਅਠ ਸਾਲਾਂ ਦੇ ਚਕਰ ਦੇ ਬਾਦ ਇਕ ਸਜਣ ਕੋਲ ਪਹੁੰਚੀ।

ਬੂਹੇ ਤੇ ਟਕ ਟਕ। ਮਨਮੋਹਨ ਉਠ ਕੇ ਕੁੰਡਾ ਖੋਲ੍ਹਦਾ ਹੈ।

ਮਨਮੋਹਨ—(ਪਿਛੇ ਹਟਦੇ ਹੋਏ) ਲੰਘ ਆ।

ਅਨੁਰਾਗ—ਮੈਂ ਕੋਈ ਹਰਜ ਤਾਂ ਨਹੀਂ ਕਰ ਰਹੀ ਤੁਹਾਡਾ ?

ਮਨਮੋਹਨ—(ਜ਼ਰਾ ਅੰਦਾਜ਼ ਨਾਲ) ਮੇਰਾ ਹਰਜ ਹੁਣ ਕੀ ਹੋਣਾ ਹੈ ? ਮੈਂ ਹੀ ਕਿਸੇ ਦਾ ਕਰਾਂ ਤੇ ਕਰਾਂ ।

ਅਨੁਰਾਗ—(ਮਨਮੋਹਨ ਨੂੰ ਉਤੋਂ ਤੋਂ ਲੈ ਕੇ ਥਲੇ ਤਕ ਵੇਖਦੇ ਹੋਏ) ਕੀ ਸ਼ਕਲ ਬਣਾਈ ਹੈ ਤੁਸੀਂ ?

ਮਨਮੋਹਨ—ਬਣ ਗਈ ਜੋ ਬਣਨੀ ਸੀ; ਹੁਣ ਮੇਰੇ ਕੀਤਿਆਂ ਕੀ ਹੋ ਜਾਣਾ ਹੈ !

ਅਨੁਰਾਗ—ਮੈਂ ਕੁਰਸੀ ਤੇ ਬਹਿ ਜਾਵਾਂ ?

ਮਨਮੋਹਨ—(ਕੁਰਸੀ ਅਗੇ ਕਰਦੇ ਹੋਏ) ਕੁਰਸੀ ਪੇਸ਼ ਤਾਂ ਮੈਨੂੰ ਕਰਨੀ ਚਾਹੀਦੀ ਸੀ।

ਅਨੁਰਾਗ—(ਕੁਰਸੀ ਤੇ ਬੈਠਦੇ ਹੋਏ) ਵੇਲੇ ਸਿਰ ਤੁਸੀਂ ਸਦਾ ਹੀ ਬੇਧਿਆਨ ਹੋ ਜਾਂਦੇ ਹੋ। ਕੋਈ ਨਵੀਂ ਆਦਤ ਨਹੀਂ।

ਮਨਮੋਹਨ—ਤੁਸੀਂ ਇਨਾਂ ਕੁਝ ਯਾਦ ਰਖਿਆ ਹੈ ਮੇਰਾ ?

ਅਨੁਰਾਗ—ਮੈਂ ਤਾਂ ਬੜਾ ਕੁਝ ਯਾਦ ਰਖਿਆ ਹੈ ਤੁਹਾਡਾ ।

ਮਨਮੋਹਨ—ਅਛਾ !

ਅਨੁਰਾਗ—ਮੈਂ ਤੁਹਾਨੂੰ ਕਦੀ ਵੀ ਨਹੀਂ ਭੁਲ ਸਕੀ।

ਮਨਮੋਹਨ—ਇਸ ਵਿਚ ਮੈਨੂੰ ਕੋਈ ਦਿਲਚਸਪੀ ਨਹੀਂ ।

ਅਨੁਰਾਗ—ਕਿਉਂ ?

ਮਨਮੋਹਨ—ਇਸ ਦਾ ਜਵਾਬ ਤੁਸੀਂ ਆਪ ਦੇ ਲਵੋ।

ਅਨੁਰਾਗ—ਜੇ ਮੈਨੂੰ ਪਤਾ ਹੁੰਦਾ ਤਾਂ ਤੁਹਾਡੇ ਕੋਲੋਂ ਪੁਛਦੀ ਕਿਉਂ ?

ਮਨਮੋਹਨ—(ਕੁਰਸੀ ਤੋਂ ਉਠ ਕੇ ਬਾਰੀ ਕੋਲ ਜਾਂਦੇ ਹੋਏ) ਇਸ ਲਈ ਕਿ ਸ਼ਾਇਦ ਕਿਸੇ ਹੋਰ ਦੇ ਮੂੰਹੋਂ ਸੁਣ ਕੇ ਜ਼ਿਆਦਾ ਸਵਾਦ ਆਵੇਗਾ। ਪਰ ਮੈਂ ਹੁਣ ਕਿਸੇ ਨੂੰ ਸਵਾਦ ਦੇਣ ਦੇ ਯੋਗ ਨਹੀਂ ਰਿਹਾ।

ਅਨੁਰਾਗ—ਮੈਨੂੰ ਤਾਂ ਸਚੀਂ ਮੁਚੀਂ ਤੁਹਾਡੇ ਮੂੰਹੋਂ ਸੁਣ ਕੇ ਸਵਾਦ

ਆਵੇਗਾ ।

ਮਨਮੋਹਨ–ਪਰ ਜੇ ਮੈਂ ਇਹ ਸਵਾਦ ਦੇਣਾ ਨਾ ਚਾਹੰਦਾ ਹੋਵਾਂ।

ਅਨੁਰਾਗ–ਤਾਂ ਮੈਂ ਸਮਝਾਂਗੀ ਕਿ ਮੇਰਾ ਇਥੇ ਆਣਾ ਬੇ-ਫ਼ਾਇਦਾ ਗਿਆ ਹੈ ।

ਮਨਮੋਹਨ–ਤੁਸੀਂ ਪਹਿਲਾਂ ਨਾਲੋਂ ਹੁਣ ਨਤੀਜੇ ਠੀਕ ਕਢਣ ਲਗ ਪਏ ਹੋ।

ਅਨੁਰਾਗ–ਤੁਸੀਂ ਅਗੇ ਨਾਲੋਂ ਗਲਾਂ ਜ਼ਿਆਦਾ ਸਪਸ਼ਟ ਕਰਨ ਲਗ ਪਏ ਹੋ।

ਮਨਮੋਹਨ–ਗਲਾਂ ਅਗੇ ਵੀ ਮੈਂ ਸਪਸ਼ਟ ਹੀ ਕਰਦਾ ਸਾਂ। ਪਰ ਸ਼ਾਇਦ ਉਦੋਂ ਇਨੀਆਂ ਤਿਖੀਆਂ ਨਹੀਂ ਸਨ ਹੁੰਦੀਆਂ ।

ਅਨੁਰਾਗ–ਸੋ ਇਹ ਤਿਖਾਪਨ ਨਵੀਂ ਆਦਤ ਹੈ।

ਮਨਮੋਹਨ–(ਬਾਰੀ ਤੋਂ ਹਿਲ ਕੇ ਅਨੁਰਾਗ ਕੋਲ ਆ ਕੇ) ਆਦਤ ਨਹੀਂ, ਮਜਬੂਰੀ ਹੈ।

ਅਨੁਰਾਗ–ਹੋਰ ਵੀ ਸ਼ਾਇਦ ਕਈ ਮਜਬੂਰੀਆਂ ਹੋਣਗੀਆਂ ਤੁਹਾਡੀਆਂ।

ਮਨਮੋਹਨ–(ਵਿਅੰਗ ਨਾਲ) ਘਟੋ ਘਟ ਤੁਹਾਨੂੰ ਮਿਲਣ ਦੀ ਮਜਬੂਰੀ ਉਨੀ ਨਹੀਂ ਜਿਨੀ ਅਜ ਤੋਂ ਅਠ ਸਾਲ ਪਹਿਲਾਂ ਹੁੰਦੀ ਸੀ।

ਅਨੁਰਾਗ–(ਵਿਅੰਗ ਦੀ ਚੋਭ ਮਹਿਸੂਸ ਕਰਦੇ ਹੋਏ) ਪਰ ਮੈਨੂੰ ਤਾਂ ਮਿਲਣ ਦੀ ਮਜਬੂਰੀ ਇਥੇ ਖਿਚ ਕੇ ਲੈ ਆਈ ਹੈ ।

ਮਨਮੋਹਨ–ਮੈਨੂੰ ਉਦੋਂ ਹੋਇਆ ਕਰਦੀ ਸੀ, ਤੁਹਾਨੂੰ ਹੁਣ ਮਹਿਸੂਸ ਹੋਈ ਹੈ।

ਅਨੁਰਾਗ–ਇਹ ਵੀ ਕਹਿ ਦੇਵੋ ਕਿ ਸਵੇਰ ਦਾ ਭੁਲਿਆ ਜੇ ਸ਼ਾਮ ਨੂੰ ਘਰ ਆ ਜਾਵੇ, ਤਾਂ ਸਮਝੋ ਕੁਝ ਨਹੀਂ ਗਿਆ।

ਮਨਮੋਹਨ–(ਹੌਕਾ ਭਰ ਕੇ) ਜੇ ਕੁਝ ਨਾ ਗਿਆ ਹੁੰਦਾ ਤਾਂ ਸ਼ਾਇਦ ਕਹਿ

ਹੀ ਦੇਂਦਾ।

ਅਨੁਰਾਗ—ਮੈਨੂੰ ਅਫ਼ਸੋਸ ਹੈ, ਮਨਮੋਹਨ।

ਮਨਮੋਹਨ—ਅਫ਼ਸੋਸ ਦੀ ਅਯਾਸ਼ੀ ਮੇਰੀ ਵਿਤ ਤੋਂ ਬਾਹਰ ਹੈ।

ਅਨੁਰਾਗ—ਮਨਮੋਹਨ, ਇਹ ਅਯਾਸ਼ੀ ਨਹੀਂ—ਮੇਰੇ ਲਈ, ਇਹ ਮਜਬੂਰੀ ਹੈ।

ਮਨਮੋਹਨ—ਤੁਹਾਡੀ ਮਜਬੂਰੀ ਬੇਸ਼ਕ ਹੋਵੇਗੀ, ਮੇਰੇ ਲਈ ਬੇਲੋੜਵੀਂ ਪਰੇਸ਼ਾਨੀ ਹੈ।

ਅਨੁਰਾਗ—ਮਨਮੋਹਨ, ਮੈਂ ਕਸਮ ਖਾ ਕੇ ਕਹਿੰਦੀ ਹਾਂ ਕਿ ਮੈਂ ਤੁਹਾਨੂੰ ਪਰੇਸ਼ਾਨ ਕਰਨ ਨਹੀਂ ਆਈ।

ਮਨਮੋਹਨ—(ਤੀਬਰ ਜਜ਼ਬੇ ਨਾਲ) ਅਨੂ, ਕਸਮਾਂ ਦਾ ਮੁਲ ਤਾਂ ਪੈਂਦਾ ਹੈ ਜੇ ਉਹਨਾਂ ਵਿਚ ਜ਼ਿੰਦਗੀ ਦਾ ਸੇਕ ਹੋਵੇ।

ਅਨੁਰਾਗ—ਮੇਰੀ ਕਸਮ ਵਿਚ ਪਿਛਲੇ ਅਠ ਸਾਲਾਂ ਦੀ ਅਜਾਈਂ ਜ਼ਿੰਦਗੀ ਦਾ ਸਹਿਕਦਾ ਸੇਕ ਹੈ।

ਮਨਮੋਹਨ—ਜੇ ਤੂੰ ਅਠ ਸਾਲ ਸਹਿਕਦੀ ਰਹੀ ਹੈਂ, ਤਾਂ ਮੈਂ ਬਿਲਕੁਲ ਠੰਢਾ ਹੋ ਚੁਕਾ ਹਾਂ।

ਅਨੁਰਾਗ—(ਬੇਅਰਾਮੀ ਤੇ ਪਛਤਾਵੇ ਨਾਲ) ਕਿਨੇ ਦੁਖ ਦੀ ਗਲ ਹੈ!

ਮਨਮੋਹਨ—(ਸੁਭਾਵਕ ਜਿਹੇ ਲਹਿਜੇ ਵਿਚ) ਕਿਨੇ ਸੁਖ ਦੀ ਗਲ ਹੈ।

ਅਨੁਰਾਗ—(ਭੈੜਾ ਮੂੰਹ ਬਣਾਂਦੇ ਹੋਏ) ਜਿਸ ਚੀਜ਼ 'ਚੋਂ ਮੈਨੂੰ ਦੁਖ ਹੁੰਦਾ ਹੈ, ਤੁਹਾਨੂੰ ਉਸ 'ਚੋਂ ਸੁਖ ਮਿਲਦਾ ਹੈ।

ਮਨਮੋਹਨ—(ਗਲ ਪਰਤਾਂਦੇ ਹੋਏ) ਅਠ ਸਾਲ ਪਹਿਲਾਂ ਜਿਸ 'ਚੋਂ ਮੈਨੂੰ ਦੁਖ ਹੁੰਦਾ ਸੀ ਤੁਹਾਨੂੰ ਉਸ 'ਚੋਂ ਸੁਖ ਮਿਲਦਾ ਸੀ।

ਅਨੁਰਾਗ—ਤਾਂ ਤੁਸੀਂ ਮੇਰੇ ਕੋਲੋਂ ਬਦਲਾ ਲੈ ਰਹੇ ਹੋ?

ਮਨਮੋਹਨ-ਬਦਲਾ ਹਮੇਸ਼ਾਂ ਜ਼ਿੰਦਗੀ ਲੈਂਦੀ ਹੁੰਦੀ ਹੈ, ਆਦਮੀ ਤਾਂ ਇਕ ਅਣ-ਪੁਛਿਆ ਬਹਾਨਾ ਹੁੰਦਾ ਹੈ।

ਅਨੁਰਾਗ–ਇਹ ਗ਼ਲਤ ਹੈ।
ਮਨਮੋਹਨ–ਹੋ ਸਕਦਾ ਹੈ ਗ਼ਲਤ ਹੋਵੇ।
ਅਨੁਰਾਗ–(ਜ਼ਰਾ ਤੇਜ਼ੀ ਵਿਚ ਆਂਦੇ ਹੋਏ) ਮੈਂ ਕਹਿੰਦੀ ਹਾਂ ਬਿਲ-ਕੁਲ ਗ਼ਲਤ ਹੈ।
ਮਨਮੋਹਨ–ਜਦ ਤੂੰ ਮੈਨੂੰ ਆਪਣੀ ਜ਼ਿੰਦਗੀ 'ਚੋਂ ਵਖਰਾ ਕੀਤਾ ਸੀ, ਮੈਂ ਤਾਂ ਕੋਈ ਸ਼ੋਰ ਨਹੀਂ ਸੀ ਪਾਇਆ।
ਅਨੁਰਾਗ–ਇਥੇ ਆਣ ਲਗਿਆਂ ਮੈਨੂੰ ਇਹ ਖ਼ਿਆਲ ਨਹੀਂ ਸੀ ਕਿ ਮੇਰੀ ਨਿਰਾਦਰੀ ਹੋਵੇਗੀ।
ਮਨਮੋਹਨ–ਨਿਰਾਦਰੀ ਕਰਨ ਦੇ ਮੈਂ ਕਦੀ ਯੋਗ ਹੀ ਨਹੀਂ ਸਾਂ। ਜੇ ਹੁੰਦਾ ਤਾਂ ਨਿਰਾਦਰੀ ਕਰਾ ਕੇ ਨਾ ਨਿਕਲਿਆ ਹੁੰਦਾ।
ਅਨੁਰਾਗ–ਮੈਂ ਇਥੇ ਆ ਕੇ ਬੜੀ ਗ਼ਲਤੀ ਕੀਤੀ ਹੈ।
ਮਨਮੋਹਨ–(ਬਿਨਾਂ ਕਿਸੇ ਹਮਦਰਦੀ ਦੇ) 'ਮਾਫ਼ ਕਰਨਾ ਇਸ ਗ਼ਲਤੀ ਦਾ ਜ਼ਿਮੇਂਵਾਰ ਮੈਂ ਨਹੀਂ।
ਅਨੁਰਾਗ–ਤੁਸੀਂ ਨਹੀਂ ਤਾਂ ਹੋਰ ਕੌਣ ਹੈ?
ਮਨਮੋਹਨ–ਮੈਂ ਭਲਾ ਕਿਸ ਤਰ੍ਹਾਂ ਹਾਂ?
ਅਨੁਰਾਗ–ਜੇ ਤੁਸੀਂ ਇਥੇ ਨਾ ਹੁੰਦੇ ਤਾਂ ਮੈਂ ਕਿਉਂ ਆਉਂਦੀ।
ਮਨਮੋਹਨ–ਤੁਸੀਂ ਮੇਰੇ ਕਰ ਕੇ ਨਹੀਂ ਆਏ, ਤੁਹਾਨੂੰ ਆਪਣੀ ਮਜਬੂਰੀ ਲੈ ਆਈ ਹੈ।
ਅਨੁਰਾਗ–ਹੁਣ ਤੁਸੀਂ ਮੇਰੀ ਮਜਬੂਰੀ ਦਾ ਮਜ਼ਾਕ ਉੜਾ ਰਹੇ ਹੋ।
ਮਨਮੋਹਨ–ਮਜ਼ਾਕ ਉਡਾਣ ਲਈ, ਤੁਸੀਂ ਜਾਣਦੇ ਹੋ ਅਣਖ ਚਾਹੀਦੀ ਹੈ; ਉਹ ਮੇਰੇ ਵਿਚ ਕਦੇ ਵੀ ਨਹੀਂ ਹੋਈ।
ਅਨੁਰਾਗ–(ਡੁਸਕਦੇ ਹੋਏ) ਤੁਸੀਂ ਪਥਰ ਦਿਲ ਹੋ। ਜ਼ਰਾ ਨਹੀਂ ਸੋਚਦੇ ਦੂਜੇ ਦਾ।

ਮਨਮੋਹਨ—ਇਹ ਬਹੁਤ ਜ਼ਿਆਦਤੀ ਹੈ। ਜਦ ਤੁਸੀਂ ਆਪਣੀ ਜ਼ਿੰਦਗੀ ਵਿਚੋਂ ਮੈਨੂੰ ਤੋੜਿਆ ਸੀ, ਤਾਂ ਵੀ ਤੁਸੀਂ ਰੋਏ ਸੀ ਤੇ ਹੁਣ ਫੇਰ ਰੋ ਰਹੇ ਹੋ, ਜਿਵੇਂ ਮੇਰਾ ਕੋਈ ਦਿਲ ਹੀ ਨਹੀਂ ਤੇ ਮੈਨੂੰ ਪੀੜ ਹੀ ਨਹੀਂ ਹੁੰਦੀ।

ਅਨੁਰਾਗ—(ਹੋਰ ਡੁਸਕਦੇ ਹੋਏ) ਤੁਹਾਡਾ ਦਿਲ ਬਿਲਕੁਲ ਪਥਰ ਦਾ ਬਣਿਆ ਹੋਇਆ ਹੈ।

ਮਨਮੋਹਨ—ਪਹਿਲਾਂ ਨਹੀਂ ਸੀ, ਹੁਣ ਭਾਵੇਂ ਹੋ ਗਿਆ ਹੋਵੇ। (ਅਨੁ-ਰਾਗ ਕੁਝ ਚਿਰ ਚੁਪ ਰਹਿੰਦੀ ਹੈ। ਫੇਰ ਮਨਮੋਹਨ ਬੋਲਦਾ ਹੈ) ਰੋਣਾ ਉਸੇ ਦਾ ਦਿਲ ਨੂੰ ਟੋਂਹਦਾ ਹੈ ਜਿਸ ਦੀ ਛਣਕਾਰ ਆਪਣੀ ਜ਼ਿੰਦਗੀ ਦੇ ਸੰਗੀਤ ਨਾਲ ਰਲ ਜਾਵੇ, ਵਖਰੀ ਨਾ ਰਹੇ।

ਅਨੁਰਾਗ—ਇਹਨਾਂ ਅਠ ਸਾਲਾਂ ਵਿਚ ਤੁਸੀਂ ਕੌੜੇ ਵੀ ਹੋ ਗਏ ਹੋ ਤੇ ਕਵੀ ਵੀ।

ਮਨਮੋਹਨ—ਦੋਵੇਂ ਤੇਰੀਆਂ ਬਖ਼ਸ਼ਸ਼ਾਂ ਨੇ। ਮੈਂ ਸਿਰਫ਼ ਸਿਤਾਰ ਹਾਂ; ਰਾਗ ਤਾਂ ਅਨੁਰਾਗ ਦਾ ਹੀ ਵਜਦਾ ਹੈ।

ਅਨੁਰਾਗ—ਅਨੁਰਾਗ ਵਿਚ ਕਦੀ ਰਾਗ ਹੁੰਦਾ ਸੀ, ਹੁਣ ਤਾਂ ਬਿਲਕੁਲ ਬੇਆਵਾਜ਼ ਪਈ ਹੈ।

ਮਨਮੋਹਨ—ਰਾਗ ਛੇੜਨ ਲਈ ਦਿਲ ਵਿਚ ਅਨੁਰਾਗ ਚਾਹੀਦਾ ਹੈ; ਜਦ ਉਹ ਹੀ ਮਰ ਜਾਵੇ ਤਾਂ ਕੋਈ ਕਿਵੇਂ ਜਿਵਾਲੇ।

ਅਨੁਰਾਗ—ਜੇ ਕਿਸੇ ਤੋਂ ਮਿਹਰ ਮੰਗਣੀ ਹੋਵੇ ਤਾਂ ਕਿਵੇਂ ਮੰਗੀਦੀ ਹੈ?

ਮਨਮੋਹਨ—ਮਿਹਰ ਅਣ-ਮੰਗਿਆਂ ਹੀ ਮਿਲ ਜਾਂਦੀ ਹੈ ਜੇ ਉਹਦਾ ਸੋਮਾਂ ਹੀ ਨਾ ਸੁਕ ਚੁਕਿਆ ਹੋਵੇ।

ਅਨੁਰਾਗ—ਸੁਕੀ ਚੀਜ਼ ਹਰੀ ਵੀ ਹੋ ਸਕਦੀ ਹੈ।

ਮਨਮੋਹਨ—ਹਰਿਆਵਲ ਜ਼ਿੰਦਗੀ ਦਾ ਉਹ ਤੁਹਫ਼ਾ ਹੈ ਜਿਹੜਾ ਕੰਵਾਰੇ ਦਿਲਾਂ 'ਚੋਂ ਉਗਦਾ ਹੈ, ਫਿਟਕਾਰੇ ਦਿਲਾਂ 'ਚੋਂ ਨਹੀਂ।

ਅਨੁਰਾਗ—ਪਰ ਕਦੀ ਤਾਂ ਇਹ ਦਿਲ ਹਰਾ ਹੁੰਦਾ ਸੀ, ਹਰਿਆਵਲ ਵੇਖ ਕੇ ਚਿਣਗਦਾ ਸੀ। ਚਿਣਗਦਾ ਸੀ, ਨਾਲੇ ਮਚਦਾ ਸੀ।

ਮਨਮੋਹਨ—ਜਦ ਅਜੇਹੇ ਦਿਲ ਉਪਰ ਬਿਜਲੀ ਡਿਗ ਪਵੇ ਤਾਂ ਉਹ ਸੜ ਕੇ ਸੁਆਹ ਹੋ ਜਾਂਦਾ ਹੈ।

ਅਨੁਰਾਗ—ਸੁਆਹ ਨਾਲ ਹਰ ਚੀਜ਼ ਸਾਫ਼ ਹੋ ਜਾਂਦੀ ਹੈ ਤੇ ਦਿਲਾਂ ਦੀ ਮੈਲ ਕਿਉਂ ਨਾ ਹੋਵੇਗੀ?

ਮਨਮੋਹਨ—ਏਸ ਲਈ ਕਿ ਦਿਲਾਂ ਨੂੰ ਮੈਲ ਨਹੀਂ ਲਗੀ, ਉਹ ਜ਼ੰਗ ਨਾਲ ਅਟੇ ਪਏ ਨੇ।

ਅਨੁਰਾਗ—(ਬੇਬਸ ਜਿਹੀ ਹੋ ਕੇ) ਮਨਮੋਹਨ, ਤੁਸੀਂ ਮੇਰੀ ਕਈ ਪੇਸ਼ ਨਹੀਂ ਚਲਣ ਦੇਂਦੇ।

ਮਨਮੋਹਨ—ਤੁਹਾਨੂੰ ਤਾਂ ਇਹ ਸੋਚ ਹੁਣ ਆਈ ਹੈ। ਮੈਂ ਪਿਛਲੇ ਅਠ ਸਾਲਾਂ ਤੋਂ ਇਸ ਕੰਡੇ ਨੂੰ ਹਿਕ ਵਿਚ ਸੰਭਾਲੀ ਬੈਠਾ ਹਾਂ।

ਅਨੁਰਾਗ—(ਜ਼ਰਾ ਹੋਰ ਖੁਲ੍ਹਦੇ ਹੋਏ) ਮੈਂ ਵੀ ਇਹ ਸਾਲ ਬੜੀ ਬੇਅਰਾਮੀ ਨਾਲ ਕਢੇ ਨੇ।

ਮਨਮੋਹਨ—ਬੇ-ਆਰਾਮੀ ਸਹਾਰੀ ਜਾ ਸਕਦੀ ਹੈ, ਕੰਡੇ ਦੀ ਚੋਭ ਨਹੀਂ।

ਅਨੁਰਾਗ—ਮੇਰੀ ਬੇਆਰਾਮੀ ਵੀ ਤੁਹਾਡੀ ਚੋਭ ਨਾਲੋਂ ਘਟ ਨਹੀਂ ਸੀ।

ਮਨਮੋਹਨ—ਇਸ ਨੂੰ ਗ਼ਲਤ ਕਹਿ ਕੇ ਮੈਂ ਨਵੀਂ ਬਹਿਸ ਨਹੀਂ ਛੇੜਨੀ ਚਾਹੁੰਦਾ।

ਅਨੁਰਾਗ—ਬਹਿਸ ਕਰਨ ਆਇਆ ਕੌਣ ਹੈ ?

ਮਨਮੋਹਨ—ਅਠ ਸਾਲਾਂ ਦੇ ਸੋਕੇ ਬਾਦ ਬਹਿਸ ਹੀ ਹੋ ਸਕਦੀ ਹੈ, ਹਰਿਆਵਲ ਤਾਂ ਚਿਰੋਕਣੀ ਸੜ ਚੁਕੀ ਹੈ।

ਅਨੁਰਾਗ—ਮੈਨੂੰ ਪਿਆਸ ਲਗੀ ਹੈ।

ਮਨਮੋਹਨ—ਕੀ ਪੀਵੋਗੇ ? ਵਿਸਕੀ, ਜਿਨ ਜਾਂ ਬੀਅਰ—ਇਥੇ ਸਭ ਕੁਝ ਹਾਜ਼ਰ ਹੈ।

ਅਨੁਰਾਗ—ਸਿਰਫ਼ ਪਾਣੀ।

ਪਾਣੀ ਪੀਂਦੀ ਹੈ।

ਅਨੁਰਾਗ—(ਪਾਣੀ ਪੀ ਕੇ) ਤੁਸੀਂ ਇਹ ਚੀਜ਼ਾਂ ਕਦੋਂ ਦੀਆਂ ਪੀਣ ਲਗ ਪਏ ਹੋ ?

ਮਨਮੋਹਨ—ਪਾਣੀ ਸਾਧਾਰਨ ਆਦਮੀ ਪੀਂਦੇ ਹਨ। ਜਿਸ ਦੀ ਜ਼ਿੰਦਗੀ ਦੀ ਤੋਰ ਹੀ ਅਸਾਧਾਰਨ ਹੋ ਗਈ ਹੋਵੇ, ਉਹ ਪਾਣੀ ਤੇ ਕਿਵੇਂ ਜੀ ਸਕਦਾ ਹੈ !

ਅਨੁਰਾਗ—ਜ਼ਿੰਦਗੀ ਤਾਂ ਮੇਰੀ ਵੀ ਸਾਧਾਰਨ ਕੋਈ ਨਹੀਂ।

ਮਨਮੋਹਨ—ਜਿਸ ਦਾ ਪਤੀ ਹੋਵੇ, ਬਚਾ ਹੋਵੇ, ਉਹਦੀ ਜ਼ਿੰਦਗੀ ਸਾਧਾਰਨ ਹੀ ਹੁੰਦੀ ਹੈ।

ਅਨੁਰਾਗ—ਬਚਾ ਮੇਰਾ ਮਰ ਗਿਆ ਹੈ।

ਮਨਮੋਹਨ—ਹੈਂ, ਕਦੋਂ ?

ਅਨੁਰਾਗ—ਕੋਈ ਦੋ ਸਾਲ ਹੋਏ।

ਮਨਮੋਹਨ—ਮੈਨੂੰ ਤੁਹਾਡੇ ਨਾਲ ਹਮਦਰਦੀ ਹੈ। ਕੀ ਹੋਇਆ ਸੀ ਉਹਨੂੰ ?

ਅਨੁਰਾਗ—ਡਿਪਥੀਰੀਆ।

ਮਨਮੋਹਨ—ਬੜੀ ਨਾਮੁਰਾਦ ਚੀਜ਼ ਹੈ। ਪਰ ਪਤੀ ਤਾਂ ਤੁਹਾਡੇ ਆਪ ਡਾਕਟਰ ਹਨ।

ਅਨੁਰਾਗ—ਇਹੋ ਤਾਂ ਦੁਖ ਹੈ।

ਮਨਮੋਹਨ—ਪਰ ਇਸ ਦਾ ਤਾਂ, ਕਹਿੰਦੇ ਨੇ ਕਿ ਜੇ ਵੇਲੇ ਸਿਰ ਪਤਾ ਲਗ ਜਾਵੇ ਤਾਂ ਬਚਾਅ ਹੋ ਜਾਂਦਾ ਹੈ।

ਅਨੁਰਾਗ—ਵੇਲੇ ਸਿਰ ਹੀ ਤਾਂ ਪਤਾ ਨਹੀਂ ਸੀ ਲਗ ਸਕਿਆ।

ਮਨਮੋਹਨ—ਘਰ ਵਿਚ ਡਾਕਟਰ ਹੁੰਦਿਆਂ ਵੀ ?

ਅਨੁਰਾਗ—ਉਹ ਕਲੱਬ ਵਿਚ ਬ੍ਰਿਜ ਖੇਡ ਰਹੇ ਸਨ ਉਸ ਵੇਲੇ। ਜਦ ਘਰ ਆਏ ਤਾਂ ਬਚਾ ਹਥੋਂ ਨਿਕਲ ਚੁਕਿਆ ਸੀ।

ਮਨਮੋਹਨ—ਇਹ ਤਾਂ ਵਾਕਈ ਦੁਖ ਦੀ ਗਲ ਹੈ।

ਅਨੁਰਾਗ—ਮੈਂ ਉਸ ਦਿਨ ਦਾ ਉਹਨਾਂ ਨੂੰ ਮਾਫ਼ ਨਹੀਂ ਕਰ ਸਕੀ। ਮੈਨੂੰ ਨਾ ਉਸ ਬੱਚੇ ਦੀ ਮੂਰਤ ਭੁਲਦੀ ਹੈ ਤੇ ਨਾ ਹੀ ਉਹ ਭਿਆਨਕ ਘੜੀ। ਆਪਣੇ ਇਕਲੌਤੇ ਬੱਚੇ ਨੂੰ ਇਕ ਪਲ ਦੇ ਸਵਾਦ ਪਿਛੇ ਗੰਵਾ ਲੈਣਾ।

ਮਨਮੋਹਨ—(ਅਨੁਰਾਗ ਦੇ ਨੇੜੇ ਹੋ ਕੇ) ਮੈਂ ਤੁਹਾਡੀ ਇਜ਼ਤ ਕਰਦਾ ਹਾਂ।

ਅਨੁਰਾਗ—ਇਜ਼ਤ ! ਕਿਸ ਗਲ ਦੀ ?

ਮਨਮੋਹਨ—ਮਾਫ਼ ਨਾ ਕਰਨਾ ਇਕ ਮਹਾਨ ਗੁਣ ਹੈ, ਇਕ ਨਾਯਾਬ ਦਿਲ ਦੀ ਨਿਸ਼ਾਨੀ ਹੈ।

ਅਨੁਰਾਗ—ਮੈਂ ਉਸ ਨੂੰ ਕਦੀ ਮਾਫ਼ ਨਹੀਂ ਕਰ ਸਕਦੀ। ਮੇਰੀ ਜ਼ਿੰਦਗੀ ਦੀ ਇਕੋ ਚਿਣਗ—ਉਹ ਵੀ ਬੁਝ ਗਈ।

ਮਨਮੋਹਨ—ਮੈਂ ਸ਼ਾਇਦ ਉਸ ਨੂੰ ਵੀ ਨਫ਼ਰਤ ਨਹੀਂ ਕਰ ਸਕਦਾ ਜਿਹੜਾ ਮੇਰੇ ਸਵਾਸਾਂ ਦਾ ਉਧਾਰ ਵੀ ਮੇਰੇ ਕੋਲੋਂ ਮੋੜ ਲਵੇ- (ਸਵੈ-ਫਿਟਕਾਰ ਨਾਲ) ਇਹੋ ਮੇਰੀ ਕਮਜ਼ੋਰੀ ਹੈ।

ਅਨੁਰਾਗ—ਇਹ ਕੋਈ ਕਮਜ਼ੋਰੀ ਨਹੀਂ। ਸਗੋਂ ਨਫ਼ਰਤ ਨੂੰ ਨਾ ਭੁਲ ਸਕਣਾ ਕਮਜ਼ੋਰੀ ਹੈ।

ਮਨਮੋਹਨ—ਨਾ ਭੁਲ ਸਕਣਾ ਕਮਜ਼ੋਰੀ ਨਹੀਂ, ਸਿਫ਼ਤ ਹੈ।

ਅਨੁਰਾਗ—ਜਿਸ ਨੂੰ ਤੁਸੀਂ ਕਮਜ਼ੋਰੀ ਕਹਿ ਰਹੇ ਹੋ, ਉਹ ਤੁਹਾਡੇ ਦਿਲ ਦੀ ਉਦਾਰਤਾ 'ਚੋਂ ਉਪਜਦੀ ਹੈ। ਮੇਰੀ ਕਮਜ਼ੋਰੀ ਤੰਗ-ਦਿਲੀ 'ਚੋਂ ਜ਼ਿੰਦਗੀ ਦੀ ਵੰਨ ਸਵੰਨਤਾਂ ਨੂੰ ਨਾ ਮਾਣ ਸਕਣ 'ਚੋਂ ਪੈਦਾ ਹੁੰਦੀ ਹੈ।

ਮਨਮੋਹਨ—ਤੁਹਾਡੇ ਕੋਲ ਕੁਝ ਤਾਂ ਮਾਣਨ ਲਈ ਹੈ, ਮੇਰੇ ਕੋਲ ਤਾਂ ਇਹ ਵੰਨ-ਸਵੰਨੀਆਂ ਬੋਤਲਾਂ ਹੀ ਨੇ।

ਅਨੁਰਾਗ—ਜੋ ਹੈ, ਸੀ, ਉਹ ਖੁਸ ਗਿਆ ਹੈ। ਹੁਣ ਸਭ ਸਖਣਾ ਹੀ ਸਖਣਾ ਹੈ।

ਮਨਮੋਹਨ—(ਮਾੜਾ ਮਾੜਾ ਖੁਲ੍ਹਦੇ ਹੋਏ) ਅਨੂ, ਕਦੇ ਕਦੇ, ਜਦੋਂ ਮੈਂ ਬੋਤਲ ਖੋਲ੍ਹ ਕੇ ਕਲ ਮੁਕੱਲਾ ਬੈਠਾ ਹੁੰਦਾ ਹਾਂ ਤਾਂ ਮੈਨੂੰ ਸੋਚ ਆਂਦੀ ਹੈ ਕਿ ਮੇਰੇ ਲਈ ਜ਼ਿੰਦਗੀ ਦੀ ਸਾਰੀ ਧਾਰ ਸੁਕੜ ਕੇ ਇਸੇ ਵਿਚੋਂ ਵਗ ਰਹੀ ਹੈ, ਪਰ ਮੇਰਾ ਦਿਲ ਇਨਾ ਬੰਜਰ ਪਿਆ ਹੈ ਕਿ ਇਹਨਾਂ ਦਾ ਹੜ ਵੀ ਸ਼ਾਇਦ ਉਹਨੂੰ ਸੈਰਾਬ ਨਹੀਂ ਕਰ ਸਕਦਾ।

ਅਨੁਰਾਗ—ਇਹ ਤੁਸੀਂ ਆਪਣੇ ਆਪ ਨਾਲ ਜ਼ੁਲਮ ਕਰਦੇ ਹੋ। ਇਸ ਨਾਲ ਵੀ ਕਦੇ ਸੁਕੇ ਦਿਲ ਹਰੇ ਹੋਏ ਨੇ?

ਮਨਮੋਹਨ—ਫਟ ਉਪਰ ਉਹੋ ਮਲ੍ਹਮ ਲਗਦੀ ਹੈ ਜਿਹੜੀ ਉਸ ਵੇਲੇ ਕੋਲ ਹੋਵੇ। ਜੇ ਡਾਕਟਰ ਤਕ ਉਸੇ ਤਰ੍ਹਾਂ ਫਟੜ ਹੀ ਜਾਣਾ ਪਵੇ ਤਾਂ ਫਟ ਸਿਰਫ਼ ਰਾਜ਼ੀ ਹੀ ਚਿਰਕਾ ਨਹੀਂ ਹੁੰਦਾ, ਉਸ ਉਪਰ ਮੈਲ ਮਿਟੀ ਪੈਣ ਦਾ ਵੀ ਸਖ਼ਤ ਖ਼ਤਰਾ ਰਹਿੰਦਾ ਹੈ।

ਅਨੁਰਾਗ—(ਰੁਸੇ ਨੂੰ ਮਨਾਉਣ ਦੇ ਲਹਿਜੇ ਵਿਚ) ਇਕ ਗਲ ਆਖਾਂ—ਮਨ ਜਾਵੋਗੇ?

ਮਨਮੋਹਨ—ਹਾਂ ਕਰ ਕੇ ਮੈਂ ਝੂਠਾ ਨਹੀਂ ਪੈਣਾ ਚਾਹੁੰਦਾ। ਪੀਣ ਵਾਲੇ ਪੀਤੇ ਬਿਨਾਂ ਝੂਠ ਬੇਸ਼ਕ ਬੋਲ ਜਾਣ, ਪੀ ਕੇ ਕਦੀ ਝੂਠ ਨਹੀਂ

ਬੋਲਦੇ।

ਅਨੁਰਾਗ–ਇਸ ਵੇਲੇ ਤੁਸੀਂ ਪੀ ਕੇ ਬੈਠੇ ਹੋਏ ਹੋ?

ਮਨਮੋਹਨ–ਪੀਤੀ ਤਾਂ ਨਹੀਂ ਹੋਈ, ਪਰ ਮਸਤੀ ਜ਼ਰੂਰ ਚੜ੍ਹੀ ਹੋਈ ਹੈ।

ਅਨੁਰਾਗ–ਚੜ੍ਹੀ ਕਿਸ ਤਰ੍ਹਾਂ ਹੋਈ ਹੈ?

ਮਨਮੋਹਨ–ਮਸਤੀ ਕਈ ਕਿਸਮਾਂ ਦੀ ਹੁੰਦੀ ਹੈ। ਇਸ ਵੇਲੇ ਦੀ ਮਸਤੀ ਪੀਤੇ ਬਿਨਾਂ ਦੀ ਹੈ।

ਅਨੁਰਾਗ–ਫੇਰ ਮੇਰੀ ਗਲ ਮੰਨੋ। ਪੀਣਾ ਛਡ ਦੇਵੋ, ਮਸਤੀ ਵਿਚ ਬੇਸ਼ਕ ਲੀਨ ਰਿਹਾ ਕਰੋ।

ਮਨਮੋਹਨ–ਇਹ ਮਸਤੀ ਪੀਤੇ ਬਿਨਾਂ ਜ਼ਰੂਰ ਚੜ੍ਹਦੀ ਹੈ, ਪਰ ਸਰੂਰ ਬਿਨਾਂ ਨਹੀਂ। ਜਿਨੇ ਤਕ ਰੂਹ ਨੂੰ ਸਰੂਰ ਨਾ ਆਵੇ, ਮਸਤੀ ਕਿਵੇਂ ਚੜ੍ਹ ਸਕਦੀ ਹੈ!

ਅਨੁਰਾਗ–ਰੂਹ ਦਾ ਸਰੂਰ ਇਨਾ ਦੁਰਲਭ ਨਹੀਂ ਕਿ ਕਦੀ ਨਾ ਮਿਲ ਸਕੇ।

ਮਨਮੋਹਨ–ਅਜ ਅੱਠ ਸਾਲਾਂ ਬਾਦ ਅੰਦੇਸੇ ਜਿਹੇ ਆਇਆ ਹੈ।

ਅਨੁਰਾਗ–ਮੇਰੀ ਰੂਹ ਦੀ ਅੱਠ ਸਾਲ ਬੁਝੀ ਰਹੀ ਹੈ ਤੇ ਹਾਲੀ ਵੀ ਇਹ ਸਹਿਮ ਇਸ ਨੂੰ ਨੂੜ ਕੇ ਬੈਠਾ ਹੋਇਆ ਹੈ।

ਮਨਮੋਹਨ–ਇਹ ਸਹਿਮ ਅਖ ਮੀਟਣ ਤੇ ਅਖ ਖੁਲ੍ਹਣ ਦੀ ਖੇਡ ਹੈ।

ਅਨੁਰਾਗ–ਮੇਰੀ ਰੂਹ ਨਪੀ ਪਈ ਹੈ, ਨੂੜੀ ਪਈ ਹੈ।

ਮਨਮੋਹਨ–ਤੇਰੀ ਰੂਹ ਨੂੰ ਇਕੋ ਛੋਹ ਚਾਹੀਦੀ ਹੈ, ਕਿਸੇ ਅਛੋਹ ਚੀਜ਼ ਦੀ।

ਅਨੁਰਾਗ–ਉਹ ਅਛੋਹ ਚੀਜ਼ ਮੇਰੇ ਹਥਾਂ ਵਿਚ ਆਈ ਪਰ ਮੈਂ ਮੁਠ ਨਾ ਮੀਟ ਸਕੀ।

ਮਨਮੋਹਨ–ਉਹ ਛੋਹ ਤੇਰੇ ਬੁਲ੍ਹਾਂ ਤਕ ਅਪੜੀ ਸੀ ਪਰ ਤੂੰ ਉਹਨੂੰ ਛੋਹ ਨਾ ਸਕੀ।

ਅਨੁਰਾਗ–ਉਹ ਛੋਹ ਮੇਰੀ ਹਿਕ ਨੂੰ ਤਰੁੰਡਦੀ ਸੀ, ਪਰ ਮੈਂ ਪੀੜ

ਉਹਦੀ ਸਹਿ ਨਾ ਸਕੀ।

ਮਨਮੋਹਨ–ਉਹ ਛੋਹ ਪੀੜਾਂ ਨਾਲ ਪਰੁਤੀ ਇਸ ਹਿਕ ਅੰਦਰ ਹਾਲੀ ਵੀ ਭੜਿਆ ਰਹੀ ਹੈ।

ਅਨੁਰਾਗ–ਉਸ ਅਣਛੋਹੀ ਛੋਹ ਦੀ ਪੀੜ ਮੇਰੀ ਅਣਟੋਹੀ ਹਿਕ ਨੂੰ ਤੋੜੋ ਤੋੜ ਕੱਢਿਆ ਗਈ।

ਮਨਮੋਹਨ–ਉਸ ਹਿਕ ਦੀ ਕੰਡਿਆਲੀ ਸੇਜ ਉਪਰ ਇਹ ਦਿਲ ਅਣਹੂੰਝਿਆ ਵਿਛੋਣਾ ਮੰਗਦਾ ਹੈ।

ਅਨੁਰਾਗ–ਉਸ ਕੰਡਿਆਲੀ ਸੇਜ ਦੇ ਕੰਡਿਆਂ ਨੂੰ ਮੈਂ ਚੁਣ ਲਵਾਂ, ਉਸ ਅਣਹੂੰਝੇ ਵਿਛੋਣੇ ਨੂੰ ਮੈਂ ਹੂੰਝ ਲਵਾਂ।

ਮਨਮੋਹਨ–ਇਹ ਦਿਲ ਬੜਾ ਕਾਹਲਾ ਹੈ, ਉਡੀਕ ਨਹੀਂ ਜਾਣਦਾ।

ਅਨੁਰਾਗ–ਇਹ ਸੇਜ ਬੜੀ ਕੰਡਿਆਲੀ ਹੈ, ਤਰਸ ਨਹੀਂ ਜਾਣਦੀ।

ਮਨਮੋਹਨ–ਇਹ ਦਿਲ ਬੇਤਰਸੀ ਦਾ ਹਿਲਿਆ ਹੈ, ਪੀੜ ਨਹੀਂ ਮਨੇਗਾ।

ਅਨੁਰਾਗ–ਇਹ ਦਿਲ ਪੀੜਾਂ ਦਾ ਪੁਟਿਆ ਹੈ, ਕਿਧਰੇ ਹੋਰ ਨਾ ਕਰ ਦੇਵੇ।

ਮਨਮੋਹਨ–ਪੀੜਾਂ ਹੁਣ ਪੀੜਾਂ ਨਹੀਂ ਰਹੀਆਂ, ਪੀੜਾਂ ਦੇ ਸਲ ਹੁਣ ਮਠੇ ਹੋ ਗਏ ਨੇ।

ਅਨੁਰਾਗ–ਪੀੜਾਂ ਹੁਣ ਪੀੜਾਂ ਨਹੀਂ ਰਹੀਆਂ, ਪੀੜਾਂ ਦੇ ਸਲ ਮਿਠੇ ਹੋ ਗਏ ਨੇ।

[ਪਰਦਾ]

# ਅਖ ਅਗੇ ਕਖ

ਪਾਤਰ—

ਐਸ. ਐਲ. ਹੂਜਾ—ਜ਼ਿਲੇ ਦਾ ਡਿਪਟੀ ਕਮਿਸ਼ਨਰ

ਰਾਮ ਪਰਸ਼ਾਦ—ਉਸ ਦੇ ਦਫਤਰ ਦਾ ਸੁਪਰਡੈਂਟ

ਸੁਸ਼ਮਾ ਹੂਜਾ—ਐਸ. ਐਲ. ਹੂਜੇ ਦੀ ਪਤਨੀ

ਅਮਰ ਨਾਥ ਪੁਰੀ—ਡਿਪਟੀ ਕਮਿਸ਼ਨਰ ਦੇ ਦਫ਼ਤਰ ਦਾ ਹੈਡ ਕਲਰਕ

ਚਪੜਾਸੀ—ਐਸ. ਐਲ ਹੂਜੇ ਦਾ ਚਪੜਾਸੀ

ਇਕ ਦਫ਼ਤਰ ਦਾ ਸਜਿਆ ਹੋਇਆ ਕਮਰਾ । ਜਿਸ ਵੇਲੇ ਪਰਦਾ ਉਠਦਾ ਹੈ, ਐਸ. ਐਲ. ਹੂਜਾ ਜ਼ਿਲੇ ਦਾ

ਡਿਪਟੀ ਕਮਿਸ਼ਨਰ ਤੇ ਉਸ ਦੇ ਦਫ਼ਤਰ ਦਾ ਸੁਪਰਡੈਂਟ, ਬਾਬੂ ਰਾਮ ਪਰਸ਼ਾਦ ਆਪਸ ਵਿਚ ਗਲਾਂ ਕਰ ਰਹੇ ਹਨ। ਹੂਜਾ ੩੦–੩੫ ਸਾਲਾਂ ਦਾ ਬਣਿਆ ਫਬਿਆ, ਹੋਰਾਂ ਉਪਰ ਵਿਸ਼ਵਾਸ਼ ਕਰਨ ਵਾਲਾ ਤੇ ਵਸ ਲਗੇ ਮਦਦ ਕਰਨ ਵਾਲਾ ਆਦਮੀ ਹੈ। ਰਾਮ ਪਰਸ਼ਾਦ ੫੦ ਸਾਲਾਂ ਦੇ ਨੇੜੇ ਤੇੜੇ ਹੈ। ਉਸ ਨੂੰ ਧੌਲੇ ਕਾਫ਼ੀ ਆਏ ਹੋਣੇ ਨੇ ਪਰ ਉਹਦੀ ਚਾਲ ਢਾਲ ਵਿਚ ਚੁਸਤੀ ਤੇ ਵਿਸ਼ਵਾਸ਼ ਹੈ। ਵੇਖਣ ਤੋਂ ਇੰਜ ਦਿਸਦਾ ਹੈ ਕਿ ਦਫ਼ਤਰ ਦੀਆਂ ਫ਼ਾਈਲਾਂ ਉਹਦੇ ਲਈ ਜ਼ਹਿਮਤ ਦਾ ਸਾਮਾਨ ਨਹੀਂ, ਸਗੋਂ ਹੋਰਾਂ ਉਪਰ ਹਕੂਮਤ ਕਰਨ ਦਾ ਬਹਾਨਾ ਹਨ। ਜੇ ਉਹਦੀ ਸਿਫ਼ਤ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹ ਹੁਸ਼ਿਆਰ ਹੈ ਤੇ ਜੇ ਨਿੰਦਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਮੀਸਣਾ ਹੈ।

ਹੂਜਾ–(ਮੇਜ਼ ਤੇ ਪਏ ਕਾਗ਼ਜ਼ਾਂ ਤੋਂ ਪਿਛੇ ਵਲ ਹੁੰਦੇ ਹੋਏ ਤੇ ਕੁਰਸੀ ਦੀ ਪਿਠ ਨਾਲ ਟੇਕ ਲਾਂਦੇ ਹੋਏ) ਨਹੀਂ ਬਾਬੂ ਰਾਮ ਪਰਸ਼ਾਦ, ਮੈਂ ਇਸ ਹੁਕਮ ਤੇ ਦਸਖ਼ਤ ਨਹੀਂ ਕਰ ਸਕਦਾ।

ਰਾਮ ਪਰਸ਼ਾਦ–ਜਨਾਬ, ਤੁਹਾਨੂੰ ਐਵੇਂ ਸ਼ਕ ਪੈ ਗਿਆ ਹੈ। ਗਲ ਵਿਚੋਂ ਕੁਝ ਵੀ ਨਹੀਂ।

ਹੂਜਾ–(ਮੇਜ਼ ਉਪਰ ਮੁੜ ਝੁਕਦੇ ਹੋਏ) ਕੁਝ ਕਿਸ ਤਰ੍ਹਾਂ ਨਹੀਂ ? ਤਰੱਕੀ ਦਾ ਹਕ ਮਨਚੰਦੇ ਦਾ ਹੈ ਤੇ ਨਾਂ ਤੁਸੀਂ ਰਾਮ ਸਰੂਪ ਦਾ ਪੇਸ਼ ਕਰ ਰਹੇ ਹੋ।

ਰਾਮ ਪਰਸ਼ਾਦ–ਮੇਰੀ ਰਾਏ ਵਿਚ ਰਾਮ ਸਰੂਪ ਇਸ ਤਰੱਕੀ ਲਈ ਸਭ ਤੋਂ ਫ਼ਿਟ ਆਦਮੀ ਹੈ। ਏਸ ਲਈ ਮੈਂ ਉਹਦਾ ਨਾਂ ਤਜਵੀਜ਼

ਕੀਤਾ ਹੈ।

ਹੂਜਾ—ਪਰ ਮਨਚੰਦੇ ਵਿਚ ਕੀ ਨੁਕਸ ਹੈ ? ਉਹਦਾ ਨਾਂ ਤੁਸੀਂ ਕਿਉਂ ਨਹੀਂ ਪੇਸ਼ ਕੀਤਾ ?

ਰਾਮ ਪਰਸ਼ਾਦ—ਉਸ ਨੇ ਦੋ ਸਾਲਾਂ ਤਕ ਪਿਨਸ਼ਨ ਤੇ ਚਲੇ ਜਾਣਾ ਹੈ, ਇਸ ਲਈ......

ਹੂਜਾ—(ਜ਼ਰਾ ਜਿਹਾ ਖਿਝ ਕੇ) ਅਜੀਬ ਗਲ ਹੈ, ਜਦ ਦੋ ਸਾਲਾਂ ਬਾਦ ਰਾਮ ਸਰੂਪ ਦੀ ਵਾਰੀ ਆ ਹੀ ਜਾਣੀ ਹੈ, ਤਾਂ ਮਨਚੰਦੇ ਨੂੰ ਹੁਣ ਜਗ੍ਹਾ ਕਿਉਂ ਨਾ ਦਿਤੀ ਜਾਵੇ ?

ਰਾਮ ਪਰਸ਼ਾਦ—ਮੇਰੀ ਰਾਏ ਵਿਚ ਜਿਹੜੀ ਥਾਂ ਦੋ ਸਾਲਾਂ ਮਗਰੋਂ ਰਾਮ ਸਰੂਪ ਨੂੰ ਦੇਣੀ ਹੈ, ਉਹ ਹੁਣੇ ਹੀ ਉਹਨੂੰ ਦੇਣੀ ਚਾਹੀਦੀ ਹੈ।

ਹੂਜਾ—ਇਹ ਗ਼ਲਤ ਹੈ, ਇਕ ਤਰ੍ਹਾਂ ਮਨਚੰਦੇ ਦਾ ਹਕ ਮਾਰਿਆ ਜਾਵੇਗਾ ਤੇ ਇਸ ਗਲ ਲਈ ਮੈਂ ਬਿਲਕੁਲ ਤਿਆਰ ਨਹੀਂ।

ਰਾਮ ਪਰਸ਼ਾਦ—ਸਰਕਾਰ, ਦਫ਼ਤਰ ਵਿਚ ਇਹ ਆਮ ਰਿਵਾਜ ਹੁੰਦਾ ਹੈ ਕਿ ਜਿਸ ਆਦਮੀ ਨੇ ਹਾਲੀ ਕੁਝ ਚਿਰ ਨੌਕਰੀ ਕਰਨੀ ਹੋਵੇ, ਉਸੇ ਨੂੰ ਤਰੱਕੀ ਦਿਤੀ ਜਾਂਦੀ ਹੈ ਤਾਕਿ ਨਵਾਂ ਕੰਮ ਸਿਖ ਕੇ ਉਹ ਦਫ਼ਤਰ ਦੇ ਚੰਗੀ ਤਰ੍ਹਾਂ ਕੰਮ ਆ ਸਕੇ।

ਹੂਜਾ—ਇਹ ਗ਼ਲਤ ਰਿਵਾਜ ਹੈ। ਤੇ ਰਿਵਾਜ ਦਾ ਕੀ ਹੈ, ਅਸੀਂ ਉਹਨੂੰ ਬਦਲ ਵੀ ਸਕਦੇ ਹਾਂ। ਇਹ ਕਿਹੜਾ ਕੋਈ ਫ਼ੰਡੇਮੈਂਟਲ ਰੂਲ ਹੈ!

ਰਾਮ ਪਰਸ਼ਾਦ—ਮਾਲਕ ਹੋ, ਜਨਾਬ। ਜੋ ਮਰਜ਼ੀ ਹੋਵੇ ਕਰ ਸਕਦੇ ਹੋ। ਆਪ ਨੂੰ ਆਮ ਰਿਵਾਜ ਦਸ ਦਿਤਾ ਹੈ।

ਹੂਜਾ—(ਕਾਗ਼ਜ਼ ਬਾਬੂ ਰਾਮ ਪਰਸ਼ਾਦ ਨੂੰ ਮੋੜਦੇ ਹੋਏ) ਮੇਰਾ ਖ਼ਿਆਲ ਹੈ ਤੁਸੀਂ ਮਨਚੰਦੇ ਦਾ ਨਾਂ ਤਜਵੀਜ਼ ਕਰੋ।

ਰਾਮ ਪਰਸ਼ਾਦ–(ਬੇ ਦਿਲੀ ਨਾਲ ਕਾਗਜ਼ ਚੁਕਦੇ ਹੋਏ) ਜਨਾਬ, ਇਹ ਪਹਿਲੀ ਵਾਰ ਤੁਸੀਂ ਮੇਰੀ ਤਜਵੀਜ਼ ਨੂੰ ਰੱਦ ਕਰ ਰਹੇ ਹੋ।

ਹੂਜਾ–ਮੈਨੂੰ ਖ਼ੁਦ ਅਹਿਸਾਸ ਹੈ ਇਸ ਗਲ ਦਾ।

ਰਾਮ ਪਰਸ਼ਾਦ ਬਾਹਰ ਵਲ ਜਾਣ ਲਈ ਮੁੜਦਾ ਹੈ।

ਹੂਜਾ–(ਕੁਰਸੀ ਤੋਂ ਉਠਦੇ ਹੋਏ ਤੇ ਮੇਜ਼ ਤੋਂ ਅਗੇ ਵਲ ਆਂਦੇ ਹੋਏ) ਮੈਂ ਸਾਰੀ ਰਾਤ ਇਸ ਗਲ ਉਪਰ ਸੋਚਦਾ ਰਿਹਾ ਹਾਂ। ਕਲ ਸ਼ਾਮ ਨੂੰ ਜਦ ਤੁਸੀਂ ਇਹ ਕਾਗ਼ਜ਼ ਪੇਸ਼ ਕੀਤੇ ਸਨ ਤਾਂ ਮੈਂ ਕਿਹਾ ਸੀ ਕਿ ਕਲ ਦਸਖ਼ਤ ਕਰਾਂਗਾ। ਮੈਨੂੰ ਇਸ ਚੀਜ਼ ਨੇ ਕਾਫ਼ੀ ਬੇ-ਆਰਾਮ ਰਖਿਆ ਹੈ।

ਰਾਮ ਪਰਸ਼ਾਦ–(ਨਿਮੋਝੂਣਾ ਮੂੰਹ ਬਣਾ ਕੇ) ਹਜ਼ੂਰ, ਮੈਨੂੰ ਤਾਂ ਇਹੋ ਮਾੜਾ ਲਗ ਰਿਹਾ ਹੈ ਕਿ ਇਸ ਡੇਢ ਸਾਲ ਵਿਚ ਮੈਂ ਜਿਹੜੀ ਵੀ ਤਜਵੀਜ਼ ਕੀਤੀ, ਉਹੋ ਤੁਸੀਂ ਮਨਜ਼ੂਰ ਕਰ ਲਈ। ਇਹ ਪਹਿਲੀ ਵਾਰ ਹੈ ਕਿ ਤੁਸੀਂ ਇਸ ਤਰਾਂ........

ਹੂਜਾ–(ਚੁਟਕੀ ਵਜਾ ਕੇ) ਫੇਰ, ਏਨਾ ਕੀ ਹਰਜ ਹੋ ਗਿਆ? ਕਦੇ ਕਦਾਈਂ ਹੋ ਹੀ ਜਾਂਦਾ ਹੈ, ਦੋ ਬੰਦਿਆਂ ਦੀਆਂ ਸਲਾਹਾਂ ਆਪਸ ਵਿਚ ਨਹੀਂ ਮਿਲਦੀਆਂ।

ਰਾਮ ਪਰਸ਼ਾਦ–ਜਿਵੇਂ ਮਰਜ਼ੀ ਹਜ਼ੂਰ ਦੀ।

ਸਿਰ ਨੀਵਾਂ ਕਰ ਕੇ ਤੁਰ ਪੈਂਦਾ ਹੈ।

ਹੂਜਾ–(ਪਿਛੋਂ ਆਵਾਜ਼ ਦੇ ਕੇ) ਏਨੇ ਉਦਾਸ ਹੋਣ ਦੀ ਕੋਈ ਗਲ ਨਹੀਂ।

ਰਾਮ ਪਰਸ਼ਾਦ–(ਵਾਪਸ ਮੁੜਦਾ ਹੋਇਆ ਕੁਝ ਗੰਭੀਰਤਾ ਦੇ ਲਹਿਜੇ ਵਿਚ) ਹਜ਼ੂਰ, ਇਹਦਾ ਮਤਲਬ ਇਹ ਹੋਇਆ ਕਿ ਤੁਸੀਂ ਸਮਝੋਗੇ ਕਿ ਮੈਂ ਰਾਮ ਸਰੂਪ ਦੀ ਰਿਆਇਤ ਕੀਤੀ ਹੈ ਤੇ

ਮਨਚੰਦੇ ਦੇ ਮੈਂ ਖ਼ਿਲਾਫ਼ ਹਾਂ ।

ਹੁਜਾ–ਨਹੀਂ ਨਹੀਂ, ਇਹ ਗਲ ਨਹੀਂ। ਇਹ ਗਲ ਸੋਚੇ ਬਿਨਾਂ ਵ ਮੇਰੀ ਰਾਏ ਇਕ ਹੋ ਸਕਦੀ ਹੈ ਤੇ ਤੁਹਾਡੀ ਰਾਏ ਦੂਜੀ।

ਰਾਮ ਪਰਸ਼ਾਦ–ਜਨਾਬ, ਮਾਫ਼ ਕਰਨਾ। ਤੁਹਾਡੇ ਕਹਿਣ ਦੇ ਬਾਵਜੂ ਵੀ ਮੇਰੇ ਦਿਲ ਵਿਚ ਇਹੋ ਖ਼ਿਆਲ ਰਹੇਗਾ ਕਿ ਮੈਂ ਆਪ ਦ ਵਿਸ਼ਵਾਸ਼ ਗਵਾ ਬੈਠਾ ਹਾਂ ।

ਹੁਜਾ–ਇਹ ਗਲ ਹੈ! (ਇਸ਼ਾਰਾ ਕਰਦੇ ਹੋਏ) ਅਛਾ, ਸੁਣੋ!

ਰਾਮ ਪਰਸ਼ਾਦ ਹੁਜਾ ਦੇ ਨੇੜੇ ਆਂਦਾ ਹੈ। ਦੋਵੇਂ ਆਪੋ ਅਪਣੀਆਂ ਕੁਰਸੀਆਂ ਤੇ ਬੈਠ ਜਾਂਦੇ ਹਨ।

ਹੁਜਾ–ਅਛਾ, ਮੈਨੂੰ ਹਰ ਗਲ ਦਾ ਨਾਲ ਨਾਲ ਜਵਾਬ ਦੇਂਦੇ ਜਾਵੋ ਪਹਿਲੀ ਗਲ ਇਹ ਹੈ ਕਿ ਤੁਸੀਂ ਆਪ ਮੰਨਦੇ ਹੋ ਕਿ ਮਨਚੰਦੇ ਦਾ ਕੰਮ ਬਿਲਕੁਲ ਤਸੱਲੀ ਬਖ਼ਸ਼ ਹੈ ।

ਰਾਮ ਪਰਸ਼ਾਦ–ਹਾਂ ਜੀ।

ਹੁਜਾ–ਉਹਦੇ ਜਿਨੇ ਨੋਟਿੰਗ ਮੇਰੇ ਕੋਲ ਆਂਦੇ ਹਨ, ਸਭ ਸਿਆਣਪ ਨਾਲ ਲਿਖੇ ਹੁੰਦੇ ਹਨ। ਕੋਈ ਉਹਨਾਂ ਵਿਚ ਫ਼ਾਲਤੂ ਗਲ ਨਹੀਂ ਹੁੰਦੀ ।

ਰਾਮ ਪਰਸ਼ਾਦ–ਠੀਕ ਹੈ ਜੀ।

ਹੁਜਾ–ਦੂਜੀ ਗਲ ਇਹ ਕਿ ਉਸ ਦਾ ਰੀਕਾਰਡ ਬਿਲਕੁਲ ਸਾਫ਼ ਹੈ। ਕਦੇ ਕਿਸੇ ਨੇ ਉਸ ਦੇ ਖ਼ਿਲਾਫ ਸ਼ਿਕਾਇਤ ਨਹੀਂ ਕੀਤੀ, ਮਾੜਾ ਰੀਮਾਰਕ ਨਹੀਂ ਦਿਤਾ, ਉਹਨੂੰ ਬਦ-ਦਿਆਨਤ ਨਹੀਂ ਆਖਿਆ।

ਰਾਮ ਪਰਸ਼ਾਦ–ਠੀਕ ਹੈ ਜੀ।

ਹੁਜਾ–ਤੀਜੀ ਗਲ ਇਹ ਕਿ ਉਹ ਸਭ ਤੋਂ ਸੀਨੀਅਰ ਹੈ। ਦੋ ਸਾਲ

ਉਹਦੀ ਨੌਕਰੀ ਬਾਕੀ ਰਹਿ ਗਈ ਹੈ । ਸੋ ਕੀ ਹਰਜ ਹੈ ਜੇ ਜਾਂਦੀ ਵਾਰ ਅਸੀਂ ਉਹਨੂੰ ਮਾੜਾ ਜਿਹਾ ਝੂਟਾ ਦੇ ਦੇਵੀਏ ?

ਰਾਮ ਪਰਸ਼ਾਦ–ਕੋਈ ਹਰਜ ਨਹੀਂ, ਸਰਕਾਰ । ਮੈਂ ਤਾਂ ਸਿਰਫ਼ ਦਫ਼ਤਰਾਂ ਦੇ ਦਸਤੂਰ ਦੀ ਗਲ ਕੀਤੀ ਸੀ । ਅਗੋਂ ਤੁਸੀਂ ਬਾਦਸ਼ਾਹ ਹੋ।

ਹੂਜਾ–(ਜ਼ਰਾ ਤੱਤੇ ਲਹਿਜੇ ਵਿਚ) ਬਾਦਸ਼ਾਹ ਦੀ ਗਲ ਨਹੀਂ । ਮੈਂ ਤੁਹਾਨੂੰ ਕਈ ਵਾਰੀ ਕਿਹਾ ਹੈ ਕਿ ਮੇਰੇ ਲਈ ਇਹੋ ਜਿਹੇ ਲਫ਼ਜ਼ ਇਸਤਮਾਲ ਨਾ ਕੀਤਾ ਕਰੋ।

ਰਾਮ ਪਰਸ਼ਾਦ–ਗ਼ਲਤੀ ਹੋ ਗਈ, ਹਜ਼ੂਰ। (ਸ਼ਰਮਿੰਦਾ ਜਿਹਾ ਹੋ ਕੇ) ਕੁਝ ਆਦਤ ਜਿਹੀ ਬਣ ਗਈ ਹੋਈ ਹੈ । ਮੈਂ ਮਾਫ਼ੀ ਮੰਗਦਾ ਹਾਂ ।

ਹੂਜਾ–(ਬੇ-ਸਬਰੇ ਹੋ ਕੇ) ਮਾਫ਼ੀ ਮੰਗਣ ਦਾ ਕੀ ਮਤਲਬ ? ਛੋਟੀ ਗਲ ਲਈ ਮਾਫ਼ੀ ਮੰਗ ਲਈ ਤੇ ਵਡੀ ਗਲ ਨੂੰ ਡਕਾਰ ਮਾਰ ਕੇ ਹਜ਼ਮ ਕਰ ਗਏ । ਮੈਂ ਪੁਛਦਾ ਹਾਂ ਜਦ ਇਹ ਤਿਨੇ ਗਲਾਂ ਮਨਚੰਦੇ ਦੇ ਹਕ ਵਿਚ ਨੇ ਤਾਂ ਅਸੀਂ ਉਸ ਨਾਲ ਬੇਇਨਸਾਫ਼ੀ ਕਿਉਂ ਕਰੀਏ। ਇਹ ਮੈਂ ਇਸ ਲਈ ਨਹੀਂ ਕਹਿ ਰਿਹਾ ਕਿ ਮੈਨੂੰ ਉਹਦੀ ਕੋਈ ਸਿਫ਼ਾਰਸ਼ ਆਈ ਹੈ ਜਾਂ ਕਿਸੇ ਨੇ ਆ ਕੇ ਉਹਦੇ ਲਈ ਮੈਨੂੰ ਕਿਹਾ ਹੈ ।

ਰਾਮ ਪਰਸ਼ਾਦ–ਮੈਂ ਜਾਣਦਾ ਹਾਂ, ਜੀ।

ਹੂਜਾ–ਮੈਂ ਤਾਂ ਸਗੋਂ ਉਹਦੀ ਸ਼ਕਲ ਤਕ ਨਹੀਂ ਵੇਖੀ। ਪਰ ਉਹਦਾ ਕੰਮ ਮੈਨੂੰ ਜ਼ਰੂਰ ਪਸੰਦ ਹੈ। ਫ਼ਾਈਲਾਂ ਤੇ ਜੋ ਕੁਝ ਲਿਖਿਆ ਆਂਦਾ ਹੈ, ਉਸ ਤੋਂ ਉਹ ਬੜਾ ਸਮਝਦਾਰ ਤੇ ਦਾਨਾਂ ਆਦਮੀ ਦਿਸਦਾ ਹੈ ।

ਰਾਮ ਪਰਸ਼ਾਦ–(ਇਨਾਂ ਚਿਰ ਦਬੇ ਰਹਿਣ ਦੇ ਬਾਦ ਕੁਝ ਵਿਸ਼ਵਾਸ

ਨਾਲ) ਇਹ ਸਭ ਠੀਕ ਹੈ ਹਜ਼ੂਰ। ਮੈਂ ਵੀ ਆਪਣੀ ਪੁਜ਼ੀਸ਼ਨ ਸਾਫ਼ ਕਰ ਦੇਵਾਂ ਆਪ ਅਗੇ। ਮੈਂ ਤੇ ਮਨਚੰਦਾ ਅਜ ਤੋਂ ਨਹੀਂ, ਪਿਛਲੇ ੨੫ ਸਾਲਾਂ ਤੋਂ ਗਵਾਂਢੀ ਹਾਂ। ਉਮਰੋਂ ਉਹ ਮੇਰੇ ਕੋਲੋਂ ਛੇ ਸਾਲ ਵਡਾ ਹੈ, ਪਰ ਭਰਤੀ ਇਸ ਦਫ਼ਤਰ ਵਿਚ ਅਸੀਂ ਕਠੇ ਹੋਏ ਸਾਂ। ਉਹ ਮੈਟਰਿਕ ਸੀ, ਮੈਂ ਗ੍ਰੈਜੂਏਟ ਸਾਂ। ਇਸ ਲਈ ਉਹ ਤਰੱਕੀ ਨਾ ਪਾ ਸਕਿਆ ਤੇ ਮੈਂ ਸੁਪਰਡੈਂਟ ਬਣ ਗਿਆ।

ਹੂਜਾ—ਹੁਣ ਜਦੋਂ ਉਹਨੂੰ ਤਰੱਕੀ ਮਿਲਣ ਲਗੀ ਹੈ ਤਾਂ ਤੁਹਾਨੂੰ ਉਹਦੇ ਰਾਹ ਵਿਚ ਰੋੜਾ ਨਹੀਂ ਬਣਨਾ ਚਾਹੀਦਾ।

ਰਾਮ ਪਰਸ਼ਾਦ—ਮੈਨੂੰ ਤਾਂ ਸਗੋਂ ਖ਼ੁਸ਼ੀ ਹੋਵੇਗੀ, ਪਰ ਜੇ ਗਲ ਬਣ ਵੀ ਸਕੇ, ਤਾਂ.........

ਹੂਜਾ—ਬਣ ਕਿਉਂ ਨਹੀਂ ਸਕਦੀ? ਤੁਸੀਂ ਉਸ ਦੇ ਨਾਂ ਦੀ ਤਜਵੀਜ਼ ਲਿਖ ਕੇ ਲੈ ਆਵੋ, ਮੈਂ ਫ਼ੌਰਨ ਦਸਖ਼ਤ ਕਰ ਦੇਵਾਂਗਾ।

ਰਾਮ ਪਰਸ਼ਾਦ—ਸਾਰੇ ਦਫ਼ਤਰ ਵਾਲੇ ਕਹਿਣਗੇ ਕਿ ਰਾਮ ਪਰਸ਼ਾਦ ਮਨਚੰਦੇ ਦਾ ਗਵਾਂਢੀ ਸੀ, ਨਾਲੇ ਦੋਸਤ ਸੀ, ਇਸ ਲਈ ਰਾਮ ਸਰੂਪ ਦਾ ਹੱਕ ਮਾਰ ਕੇ ਇਸ ਨੇ ਮਨਚੰਦੇ ਨੂੰ ਬਣਵਾ ਦਿਤਾ ਹੈ।

ਹੂਜਾ—(ਜ਼ਰਾ ਤੇਜ਼ੀ ਨਾਲ) ਹੱਕ ਮਾਰ ਕੇ ਕਿਸ ਤਰ੍ਹਾਂ? ਹੱਕ ਮਨਚੰਦੇ ਦਾ ਹੈ, ਰਾਮ ਸਰੂਪ ਦਾ ਥੋੜਾ ਹੈ!

ਰਾਮ ਪਰਸ਼ਾਦ—ਜਨਾਬ, ਇਸ ਦਫ਼ਤਰ ਦਾ ਹਮੇਸ਼ਾ ਇਹੋ ਦਸਤੂਰ ਰਿਹਾ ਹੈ।

ਹੂਜਾ—ਇਸ ਦਫ਼ਤਰ ਦਾ ਹੀ ਹੋਣਾ ਹੈ, ਹੋਰ ਤਾਂ ਕਿਧਰੇ ਨਹੀਂ। ਮੈਂ ਕਈ ਜ਼ਿਲਿਆਂ ਵਿਚ ਰਿਹਾ ਹਾਂ—ਗੁੜਗਾਉਂ ਰਿਹਾ ਹਾਂ, ਗੁਰਦਾਸ ਪੁਰ ਰਿਹਾ ਹਾਂ। ਹੋਰ ਤਾਂ ਕਿਧਰੇ ਇਹ ਦਸਤੂਰ ਨਹੀਂ ਵੇਖਿਆ।

ਰਾਮ ਪਰਸ਼ਾਦ–ਪਹਿਲਾਂ ਇਥੇ ਵੀ ਨਹੀਂ ਸੀ ਹੁੰਦਾ। ਇਹ ਆਪ ਦੇ ਸਹੁਰਾ ਜੀ ਨੇ ਸ਼ੁਰੂ ਕੀਤਾ ਸੀ। ਰਾਏ ਬਹਾਦਰ ਸਾਹਿਬ ਜਿਥੇ ਜਿਥੇ ਵੀ ਰਹੇ ਨੇ, ਉਹਨਾਂ ਨੇ ਇਹੋ ਦਸਤੂਰ ਲਾਗੂ ਕੀਤਾ। ਮੇਰੀ ਤਰੱਕੀ ਵੀ ਇਸ ਹਿਸਾਬ ਮੁਤਾਬਿਕ ਹੋਈ ਸੀ।

ਹੂਜਾ–(ਕੁਝ ਮੁਸਕਰਾ ਕੇ) ਕਿਧਰੇ ਤੁਹਾਨੂੰ ਸੁਪਰਡੈਂਟ ਬਣਾਨ ਦੀ ਖ਼ਾਤਰ ਤਾਂ ਰਾਏ ਬਹਾਦਰ ਸਾਹਿਬ ਨੇ ਇਹ ਰਿਵਾਜ ਸ਼ੁਰੂ ਨਹੀਂ ਸੀ ਕੀਤਾ ?

ਰਾਮ ਪਰਸ਼ਾਦ–(ਜ਼ਰਾ ਝੇਂਪ ਕੇ) ਰਾਮ ਰਾਮ ਕਰੋ ਜੀ। ਮੇਰੇ ਤੋਂ ਪਹਿਲਾਂ ਵਰਮੇ ਨੂੰ ਫ਼ਾਇਦਾ ਹੋਇਆ ਸੀ। ਉਹ ਛੇਤੀ ਹੀ ਸੁਪਰਡੈਂਟ ਬਣ ਗਿਆ ਸੀ। ਫੇਰ ਮੇਰੀ ਵਾਰੀ ਆਈ।

ਹੂਜਾ–(ਰਾਮ ਪਰਸ਼ਾਦ ਦੀ ਘਬਰਾਹਟ ਦਾ ਸਵਾਦ ਲੈਂਦੇ ਹੋਏ) ਮੇਰਾ ਖ਼ਿਆਲ ਹੈ ਤੁਹਾਨੂੰ ਸਾਹਮਣੇ ਰਖ ਕੇ ਹੀ ਰਾਏ ਬਹਾਦਰ ਸਾਹਿਬ ਨੇ ਇਹ ਰਿਵਾਜ ਬਦਲਿਆ ਹੋਣਾ ਹੈ !

ਰਾਮ ਪਰਸ਼ਾਦ–ਬਿਲਕੁਲ ਨਹੀਂ, ਜਨਾਬ। ਮੈਂ ਤਾਂ ਉਸ ਵੇਲੇ ਬਹੁਤ ਜੂਨੀਅਰ ਸਾਂ। ਤੁਸੀਂ ਬੇਸ਼ਕ ਬੀਬੀ ਜੀ ਕੋਲੋਂ ਪੁਛ ਕੇ ਵੇਖ ਲਵੋ।

ਹੂਜਾ–(ਹਾਲੀ ਵੀ ਮੁਸਕਰਾਂਦੇ ਹੋਏ) ਪੁਛਣਾ ਹੀ ਪੈਣਾ ਹੈ।

ਰਾਮ ਪਰਸ਼ਾਦ–ਤੁਸੀਂ ਬੇਸ਼ਕ ਪੁਛ ਲਵੋ ਜੀ।

ਹੂਜਾ–(ਅਚਾਨਕ ਗੰਭੀਰ ਹੁੰਦੇ ਹੋਏ) ਜੇ ਅਸੀਂ ਇਹ ਤਰੀਕਾ ਬਦਲ ਦੇਈਏ ਤਾਂ ਫੇਰ ਕੀ ਹੋਵੇਗਾ ?

ਰਾਮ ਪਰਸ਼ਾਦ–(ਘਬਰਾਹਟ ਨਾਲ) ਬੜਾ ਨੁਕਸਾਨ ਹੋਵੇਗਾ ਜੀ।

ਹੂਜਾ–ਨੁਕਸਾਨ ਕਿਸ ਤਰ੍ਹਾਂ ?

ਰਾਮ ਪਰਸ਼ਾਦ–ਜੇ ਤਰੱਕੀ ਇਸ ਵੇਲੇ ਮਨਚੰਦੇ ਨੂੰ ਮਿਲ ਜਾਵੇ, ਤਾਂ ਦੋ ਸਾਲਾਂ ਬਾਦ ਰਾਮ ਸਰੂਪ ਦੀ ਵਾਰੀ ਨਹੀਂ ਆਵੇਗੀ। ਉਸ ਵੇਲੇ

ਉਹਦੇ ਆਪਣੇ ਦੋ ਸਾਲ ਬਾਕੀ ਰਹਿੰਦੇ ਹੋਣਗੇ।

ਹੂਜਾ—(ਰਾਮ ਪਰਸ਼ਾਦ ਨੂੰ ਡੂੰਘੀਆਂ ਨਜ਼ਰਾਂ ਨਾਲ ਤਕਦੇ ਹੋਏ) ਹੁਣ ਮੈਂ ਸਮਝ ਗਿਆ ਹਾਂ। ਅਸਲ ਵਿਚ ਤੁਸੀਂ ਇਹ ਚਾਹੁੰਦੇ ਹੋ ਕਿ ਰਾਮ ਸਰੂਪ ਦੀ ਤਰੱਕੀ ਕਿਸੇ ਤਰ੍ਹਾਂ ਨਾ ਖੁੰਝੇ, ਮਨਚੰਦੇ ਦੀ ਭਾਵੇਂ ਖੁੰਝ ਜਾਵੇ। (ਗੁਸੇ ਨਾਲ ਕੁਰਸੀ ਤੋਂ ਉਠ ਕੇ) ਮੈਂ ਇਹ ਹਨੇਰ-ਗਰਦੀ ਨਹੀਂ ਹੋਣ ਦੇਵਾਂਗਾ। ਹੱਕ ਮਨਚੰਦੇ ਦਾ ਤੇ ਮਿਲੇ ਰਾਮ ਸਰੂਪ ਨੂੰ! ਵੇਖ ਲਈ ਹੈ ਮੈਂ ਮਨਚੰਦੇ ਨਾਲ ਤੁਹਾਡੀ ਦੋਸਤੀ। ਕਹਿੰਦੇ ਨੇ ਪਿਛਲੇ ੨੫ ਸਾਲਾਂ ਦੇ ਗਵਾਂਢੀ ਹਾਂ।

ਰਾਮ ਪਰਸ਼ਾਦ—ਗ਼ਲਤੀ ਲਗ ਰਹੀ ਹੈ ਜਨਾਬ, ਆਪ ਨੂੰ। ਮੈਂ ਬਿਲਕੁਲ ਕਿਸੇ ਦਾ ਲਿਹਾਜ਼ ਨਹੀਂ ਕਰ ਰਿਹਾ। ਮੈਂ ਤਾਂ ਸਿਰਫ਼ ਪੁਰਾਣੇ ਦਸਤੂਰ ਮੁਤਾਬਿਕ ਚਲਣਾ ਚਾਹੁੰਦਾ ਹਾਂ।

ਹੂਜਾ—(ਪਹਿਲਾਂ ਵਾਂਗ ਗੁਸੇ ਵਿਚ ਹੀ) ਰਹਿਣ ਦੇਵੋ ਬਹੁਤੀਆਂ ਸਫ਼ਾਈਆਂ। ਕਲ ਸ਼ਾਮ ਦੀਆਂ ਮੈਂ ਇਹ ਗਲਾਂ ਸੁਣ ਰਿਹਾ ਹਾਂ। ਸਾਡੇ ਦਫ਼ਤਰ ਦਾ ਇਹ ਰਿਵਾਜ ਹੈ, ਫ਼ਲਾਣਾ ਜੂਨੀਅਰ ਫ਼ਲਾਣਾ ਸੀਨੀਅਰ ਹੈ, ਉਸ ਦੇ ਦੋ ਸਾਲ ਰਹਿ ਗਏ ਨੇ, ਉਸ ਦੇ ਚਾਰ ਸਾਲ ਰਹਿ ਗਏ ਨੇ। ਕੀ ਚਕਰ ਚਲ ਰਿਹਾ ਹੈ ਇਸ ਦਫ਼ਤਰ ਵਿਚ। ਹਨੇਰ ਗਰਦੀ ਹੈ ਜਾਂ ਨਾਦਰ ਸ਼ਾਹੀ ਹੈ!

ਰਾਮ ਪਰਸ਼ਾਦ-(ਜ਼ਰਾ ਸਹਿਮ ਕੇ) ਹਜ਼ੂਰ, ਗ਼ਲਤ-ਫਹਿਮੀ ਹੋ ਗਈ ਹੈ ਆਪ ਨੂੰ। ਮੇਰਾ ਮਤਲਬ ਇਹ ਬਿਲਕੁਲ ਨਹੀਂ ਸੀ।

ਹੂਜਾ—ਬਿਲਕੁਲ ਨਹੀਂ, ਬਿਲਕੁਲ ਨਹੀਂ, ਦਾ ਕੀ ਮਤਲਬ? ਕਲ ਸ਼ਾਮ ਦਾ ਇਸ ਮਸਲੇ ਨੇ ਪਰੇਸ਼ਾਨ ਕਰ ਰਖਿਆ ਹੈ ਮੈਨੂੰ। ਤੁਸੀਂ ਹੁਣ ਸੌ ਦਲੀਲਾਂ ਦੇਂਦੇ ਫਿਰੋ, ਮੈਨੂੰ ਪਤਾ ਲਗ ਗਿਆ ਹੈ ਕਿ ਵਿਚਲੀ ਗਲ ਕੀ ਹੈ।

ਰਾਮ ਪਰਸ਼ਾਦ–(ਪਹਿਲਾਂ ਨਾਲੋਂ ਜ਼ਰਾ ਜ਼ਿਆਦਾ ਵਿਸ਼ਵਾਸ ਨਾਲ) ਹਜ਼ੂਰ, ਤੁਹਾਡਾ ਖ਼ਿਆਲ ਹੈ ਕਿ ਰਾਮ ਸਰੂਪ ਮੇਰਾ ਦੋਸਤ ਹੈ, ਇਸ ਲਈ ਮੈਂ ਉਹਦੀ ਰਿਆਇਤ ਕਰ ਰਿਹਾ ਹਾਂ ?

ਹੂਜਾ–(ਬੜੇ ਜ਼ੋਰ ਨਾਲ) ਬਿਲਕੁਲ ਇਹੋ ਗਲ ਹੈ। ਹੋਰ ਸਭ ਬਹਾਨੇ ਨੇ, ਇਕ ਗਲ ਨੂੰ ਸਾਬਤ ਕਰਨ ਲਈ ਦਲੀਲਾਂ ਨੇ।

ਰਾਮ ਪਰਸ਼ਾਦ–(ਪੂਰੇ ਵਿਸ਼ਵਾਸ ਨਾਲ) ਜਨਾਬ, ਆਪ ਦਾ ਇਹ ਖ਼ਿਆਲ ਠੀਕ ਹੁੰਦਾ ਜੇਕਰ ਮੈਂ ਇਸ ਤਜਵੀਜ਼ ਨਾਲ ਦਫ਼ਤਰ ਦਾ ਦਸਤੂਰ ਤੋੜ ਰਿਹਾ ਹੁੰਦਾ। ਮੈਂ ਤਾਂ......।

ਹੂਜਾ–ਹੁਣ ਜਦੋਂ ਦਫ਼ਤਰ ਦਾ ਦਸਤੂਰ ਮੈਂ ਤੋੜਨਾ ਚਾਹੁੰਦਾ ਹਾਂ ਤਾਂ ਤੁਸੀਂ ਉਸ ਦੇ ਰਸਤੇ ਵਿਚ ਰੁਕਾਵਟਾਂ ਪਾਂਦੇ ਹੋ ਤੇ ਉਹ ਇਸ ਲਈ ਕਿ ਇਸ ਤਰ੍ਹਾਂ ਕਰਨ ਨਾਲ ਤੁਹਾਡੇ ਦੋਸਤ ਰਾਮ ਸਰੂਪ ਦਾ ਨੁਕਸਾਨ ਹੁੰਦਾ ਹੈ।

ਰਾਮ ਪਰਸ਼ਾਦ–ਮਾਲਕ ਹੋ ਜਨਾਬ। ਜਿਵੇਂ ਤੁਸੀਂ ਸਮਝ ਲਵੋ, ਮੈਂ ਕੁਝ ਨਹੀਂ ਕਰ ਸਕਦਾ। ਪਰ ਇਨਾਂ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਆਪ ਨੂੰ ਬੜੀ ਭਾਰੀ ਗ਼ਲਤ-ਫ਼ਹਿਮੀ ਹੋਈ ਹੈ।

ਹੂਜਾ–ਮੈਨੂੰ ਗ਼ਲਤ-ਫ਼ਹਿਮੀ ਕੋਈ ਨਹੀਂ। ਸਗੋਂ ਮੇਰੀ ਗ਼ਲਤ-ਫ਼ਹਿਮੀ ਦੂਰ ਹੋ ਗਈ ਹੈ।

ਰਾਮ ਪਰਸ਼ਾਦ–(ਹੌਲੀ ਜਹੀ) ਦੂਰ ਹੋ ਗਈ ਹੈ !

ਹੂਜਾ–(ਇਸ ਅਹਿਸਾਸ ਨਾਲ ਕਿ ਰਾਮ ਪਰਸ਼ਾਦ ਹੁਣ ਉਹਦੇ ਰਹਿਮ ਉਪਰ ਹੈ) ਅਗੇ ਤੁਸੀਂ ਜੋ ਕੁਝ ਲਿਖ ਕੇ ਲਿਆਂਦੇ ਸੀ, ਮੈਂ ਬਿਨਾਂ ਵੇਖੇ ਚਾਖੇ ਉਸ ਉਪਰ ਦਸਖ਼ਤ ਕਰ ਦੇਂਦਾ ਸੀ। ਤੇ ਉਹ ਇਹ ਸਮਝ ਕੇ ਕਿ ਤੁਸੀਂ ਜੋ ਲਿਖਿਆ ਹੋਣਾ ਹੈ ਠੀਕ ਹੀ ਹੋਣਾ ਹੈ। ਪਰ ਹੁਣ ਮੈਨੂੰ ਪਤਾ ਲਗ ਗਿਆ ਹੈ ਕਿ ਮੈਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ।

ਇਸ ਵੇਲੇ ਬਾਹਰੋਂ ਚਿੱਕ ਚੁਕ ਕੇ ਹੁਜੇ ਦੀ ਪਤਨੀ, ਸੁਸ਼ਮਾ ਦਾਖ਼ਲ ਹੁੰਦੀ ਹੈ। ੨੬–੨੭ ਸਾਲਾਂ ਦੀ ਸੁੰਦਰ ਸਜੀ ਸਜਾਈ, ਆਂਪਣੀ ਸਾੜ੍ਹੀ ਵਿਚ ਬੜੀ ਪਿਆਰੀ ਦਿਸ ਰਹੀ ਹੈ। ਉਹਦੇ ਚਿਹਰੇ ਤੋਂ ਬਚਪਨੇ ਦਾ ਤੇ ਲਾਡਾਂ ਨਾਲ ਵਿਗੜੇ ਹੋਏ ਹੋਣ ਦਾ ਪਰਭਾਵ ਪੈਂਦਾ ਹੈ। ਸਗੋਂ ਉਹਦਾ ਪਹਿਲਾ ਫ਼ਿਕਰਾ ਹੀ ਏਸ ਪਰਭਾਵ ਨੂੰ ਪਕਿਆਂ ਕਰਦਾ ਹੈ।

ਸੁਸ਼ਮਾ–ਹੈਲੋ, ਡਾਰਲਿੰਗ। ਚੰਗਾ ਹੈ ਤੁਸੀਂ ਅਗੇ ਹੀ ਤਿਆਰ ਖੜੇ ਹੋ। (ਬੜੇ ਨਖ਼ਰੇ ਨਾਲ) ਬਸ ਅਧੇ ਘੰਟੇ ਲਈ ਮੇਰੇ ਨਾਲ ਕਲੱਬ ਤਕ ਚਲੋ, ਸਿਰਫ਼ ਅਧੇ ਘੰਟੇ ਲਈ। (ਹੁਜੇ ਦੀਆਂ ਅਖਾਂ ਵਿਚ ਕੋਈ ਚਮਕ ਨ ਵੇਖ ਕੇ) promise, ਇਸ ਤੋਂ ਵਧ ਨਹੀਂ ਲਾਵਾਂਗੇ।

ਹੁਜਾ–ਨਹੀਂ ਡੀਅਰ, ਮੈਂ ਇਥੋਂ ਅਧੇ ਘੰਟੇ ਲਈ ਵੀ ਨਹੀਂ ਜਾ ਸਕਦਾ। ਮੈਨੂੰ ਇਕ ਦੋ ਬੜੇ ਜ਼ਰੂਰੀ ਕੰਮ ਨੇ।

ਰਾਮ ਪਰਸ਼ਾਦ–(ਸੁਸ਼ਮਾ ਦਾ ਆਪਣੇ ਵਲ ਧਿਆਨ ਖਿਚਦੇ ਹੋਏ) ਨਮਸਤੇ, ਬੀਬੀ ਜੀ!

ਸੁਸਮਾ–(ਆਪਣੇ ਪਤੀ ਵਲੋਂ ਧਿਆਨ ਜ਼ਰਾ ਖਿਚਦੇ ਹੋਏ) ਨਮਸਤੇ। ਓਹ ਬਾਬੂ ਜੀ। ਕੀ ਹਾਲ ਹੈ ਤੁਹਾਡਾ?

ਰਾਮ ਪਰਸ਼ਾਦ–(ਬੜੀ ਨਿਰਮਾਣਤਾ ਨਾਲ) ਮਿਹਰਬਾਨੀ ਆਪ ਦੀ ਜੀ।

ਸੁਸ਼ਮਾ–(ਮੁੜ ਪਹਿਲੇ ਵਾਲੇ ਲਹਿਜੇ ਨਾਲ) ਤੁਹਾਨੂੰ ਹਰ ਵੇਲੇ ਕੰਮ ਹੀ ਪਏ ਰਹਿੰਦੇ ਨੇ। ਭਲਾ ਅਧਾ ਘੰਟਾ ਨਹੀਂ ਕਢ ਸਕਦੇ ਵਿਚੋਂ?

ਹੂਜਾ—ਗਲ ਅਧੇ ਘੰਟੇ ਦੀ ਨਹੀਂ, ਗਲ attitude ਦੀ ਹੈ। ਤੇਰੇ ਕੋਲ ਕੰਮ ਕੋਈ ਨਹੀਂ ਤੇ ਮੇਰਾ ਕੰਮ ਇਨਾਂ ਹੈ ਕਿ ਮੁਕਦਾ ਹੀ ਨਹੀਂ। ਪਰ ਇਹ ਦਸ ਇਹ ਕਿਹੜਾ ਵੇਲਾ ਹੈ ਕਲੱਬ ਜਾਣ ਦਾ? ਸ਼ਾਮ ਨੂੰ ਕਠੇ ਚਲਾਂਗੇ।

ਸੁਸ਼ਮਾ—ਮੈਂ ਮਿਸਿਜ਼ ਸ੍ਰੀ ਨਿਗੇਸ਼ ਨੂੰ ਬੁਲਾਇਆ ਹੈ ਉਥੇ। ਚੰਗਾ ਸੀ ਤੁਸੀਂ ਵੀ ਨਾਲ ਹੁੰਦੇ। ਇਕ ਦੋ ਗਲਾਂ ਦੀ ਸਲਾਹ ਕਰਨੀ ਸੀ।

ਹੂਜਾ—(ਰਾਮ ਪਰਸ਼ਾਦ ਨੂੰ) ਚੰਗਾ, ਮੈਂ ਤੁਹਾਨੂੰ ਠਹਿਰ ਕੇ ਬੁਲਾ ਲਵਾਂਗਾ। ਤੁਸੀਂ ਇਨਾਂ ਚਿਰ ਆਪਣੀ ਤਜਵੀਜ਼ ਨਵੇਂ ਸਿਰੇ ਤੋਂ ਲਿਖੋ।

ਰਾਮ ਪਰਸ਼ਾਦ—(ਮਾੜਾ ਮਾੜਾ ਝਕਦੇ ਹੋਏ) ਜੇ ਤੁਸੀਂ ਮਨਚੰਦੇ ਨੂੰ ਹੀ ਹੈਡ ਕਲਰਕ ਬਣਾਉਣਾ ਹੋਵੇ, ਤਾਂ ਚੰਗਾ ਰਹੇਗਾ ਜੇ ਤੁਸੀਂ ਆਪਣੇ ਹਥਾਂ ਨਾਲ ਹੀ ਇਹ ਹੁਕਮ ਕਢ ਦੇਵੋ।

ਹੂਜਾ—(ਉਸ ਦੀ ਬਹਿਸ ਨੂੰ ਪਸੰਦ ਨਾ ਕਰਦੇ ਹੋਏ) ਨਹੀਂ, ਇਹ ਤਜਵੀਜ਼ ਤੁਹਾਡੇ ਵਲੋਂ ਹੀ ਆਣੀ ਚਾਹੀਦੀ ਹੈ।

ਰਾਮ ਪਰਸ਼ਾਦ—(ਡਰ ਕੇ ਵੀ ਪਰ ਕਹਿਣ ਦੀ ਨੀਅਤ ਨਾਲ ਵੀ) ਜੇ ਮਾਫ਼ ਕਰ ਸਕੋ, ਤਾਂ......

ਹੂਜਾ—(ਆਪਣੇ ਗੁਸੇ ਨੂੰ ਰੋਕਦੇ ਹੋਏ ਤੇ ਨਾਲ ਹੀ ਮੇਜ਼ ਤੇ ਪਏ ਕਾਗਜ਼ ਚੁਕ ਕੇ ਫੜਾਂਦੇ ਹੋਏ) ਇਹ ਤਜਵੀਜ਼ ਕਰਨਾ ਤੁਹਾਡੇ ਲਈ ਚੰਗਾ ਹੋਵੇਗਾ। ਰੀਕਾਰਡ ਤੇ ਇਹ ਗਲ ਨਹੀਂ ਹੋਣੀ ਚਾਹੀਦੀ ਕਿ ਮੈਂ ਤੁਹਾਡੀ ਤਜਵੀਜ਼ ਰੱਦ ਕੀਤੀ ਸੀ।

ਰਾਮ ਪਰਸ਼ਾਦ—(ਕਾਗਜ਼ ਚੁਕਦਾ ਹੋਇਆ) ਨਮਸਤੇ ਬੀਬੀ ਜੀ।

ਸੁਸ਼ਮਾ—ਨਮਸਤੇ, ਬਾਬੂ ਜੀ! ਸਰੋਜਨੀ ਰਾਜ਼ੀ ਖ਼ੁਸ਼ੀ ਹੈ? ਕੋਈ ਚਿਠੀ ਚਪਠੀ ਆਈ ਹੈ?

ਰਾਮ ਪਰਸ਼ਾਦ–(ਕੁਝ ਹੌਸਲੇ ਨਾਲ) ਹਾਲੀ ਪਰਸੋਂ ਹੀ ਆਈ ਸੀ ਜੀ। ਸਗੋਂ ਮਾਫ਼ ਕਰਨਾ ਮੈਂ ਆਪ ਨੂੰ ਉਸ ਦੀ ਨਮਸਤੇ ਦੇਣੀ ਭੁਲ ਗਿਆ।

ਸੁਸ਼ਮਾ–ਮੇਰੀ ਵਲੋਂ ਵੀ ਉਹਨੂੰ ਨਮਸਤੇ ਲਿਖ ਦੇਣੀ।

ਰਾਮ ਪਰਸ਼ਾਦ–(ਬਾਹਰ ਵਲ ਜਾਂਦੇ ਹੋਏ) ਜੁਗ ਜੁਗ ਜੀਵੇ ਬੇਟਾ।

ਇਹ ਕਹਿੰਦਾ ਕਹਿੰਦਾ ਬਾਹਰ ਵਲ ਚਲਾ ਜਾਂਦਾ ਹੈ।

ਹੂਜਾ–ਬੜਾ ਮੀਸਣਾ ਹੈ ਇਹ ਆਦਮੀ। ਜ਼ਰਾ ਨਹੀਂ ਪਤਾ ਲਗਣ ਦੇਂਦਾ ਕਿ ਇਹਦੇ ਦਿਲ ਵਿਚ ਕੀ ਹੈ।

ਸੁਸ਼ਮਾ–ਮੈਂ ਤਾਂ ਪਹਿਲੇ ਦਿਨ ਦੀ ਇਹੋ ਕਹਿੰਦੀ ਹਾਂ, ਪਰ ਤੁਸੀਂ ਕਦੇ ਮੰਨਦੇ ਹੀ ਨਹੀਂ।

ਹੂਜਾ–ਮੈਨੂੰ ਨਹੀਂ ਸੀ ਪਤਾ ਕਿ ਇਹ ਇਸ ਤਰ੍ਹਾਂ ਦੀਆਂ ਚਾਲਾਂ ਵੀ ਚਲ ਸਕਦਾ ਹੈ।

ਸੁਸ਼ਮਾ–(ਜ਼ਰਾ ਕੰਨ ਖੜੇ ਕਰ ਕੇ) ਹੁਣ ਹੋਇਆ ਕੀ ਹੈ?

ਹੂਜਾ–ਕਲ ਦੀ ਇਹਨੇ ਮੇਰੀ ਨੀਂਦਰ ਹਰਾਮ ਕਰ ਛਡੀ ਹੋਈ ਹੈ। ਸਾਰੀ ਰਾਤ ਮੈਂ ਪਾਸੇ ਮਾਰਦਾ ਰਿਹਾ ਹਾਂ ਤੇ ਸੋਚਦਾ ਰਿਹਾ ਹਾਂ ਕਿ ਕੀ ਹਲ ਕਢਿਆ ਜਾਵੇ।

ਸੁਸ਼ਮਾ–(ਥੋੜੀ ਜਿਹੀ ਚਿੰਤਾ ਨਾਲ) ਪਰ ਹੋਇਆ ਕੀ ਹੈ?

ਹੂਜਾ–ਪੁਰੀ, ਸਾਡਾ ਹੈਡ ਕਲਰਕ, ਅਗਲੇ ਮਹੀਨੇ ਤੋਂ ਪਿਨਸ਼ਨ ਤੇ ਜਾ ਰਿਹਾ ਹੈ। ਇਹਨੇ ਉਸ ਜਗ੍ਹਾ ਲਈ, ਜਿਸ ਦਾ ਹੱਕ ਬਣਦਾ ਹੈ, ਉਹਦਾ ਨਾਂ ਤਾਂ ਤਜਵੀਜ਼ ਨਹੀਂ ਕੀਤਾ, ਸਗੋਂ ਇਕ ਹੋਰ ਆਦਮੀ ਲਈ ਜ਼ੋਰ ਪਾ ਰਿਹਾ ਹੈ।

ਸੁਸ਼ਮਾ–ਫੇਰ ਹੋ ਕੀ ਗਿਆ? ਤੁਸੀਂ ਉਹਦੀ ਗਲ ਨਾ ਮੰਨੋ। ਵਿਚੋਂ ਏਡੀ ਜਿਹੀ ਗਲ ਹੈ ਤੇ ਤੁਸੀਂ ਖ਼ਾਹ ਮਖ਼ਾਹ ਘਬਰਾ ਰਹੇ

ਹੋ । ਚਲੋ ਛਡੋ ਪਰੇ। ਕਾਰ ਵਿਚ ਬੈਠੇ ਬੈਠੇ ਸਾਰੀ ਗਲ ਸੋਚ ਲਵਾਂਗੇ। ਵਿਚੋਂ ਆਖ਼ਰ ਕਿਹੜੀ ਆ ਗਈ ਹੈ ?

ਹੂਜਾ–(ਸੁਸ਼ਮਾ ਦੀ ਉਹਦੇ ਮਸਲੇ ਨੂੰ ਛੁਟਿਆਉਣ ਦੀ ਕੋਸ਼ਿਸ਼ ਨੂੰ ਪਸੰਦ ਨਾ ਕਰਦੇ ਹੋਏ) ਤੂੰ ਬਸ ਹਰ ਵੇਲੇ ਬਚਪਨੇ ਦੀਆਂ ਗਲਾਂ ਕਰਦੀ ਰਹਿੰਦੀ ਹੈਂ। ਭਲਾ ਕਲੱਬ ਇਸ ਵੇਲੇ ਜਾ ਕੇ ਮੈਂ ਕੀ ਲੈਣਾ ਹੈ ?

ਸੁਸ਼ਮਾ–ਮੈਂ ਜੋ ਕਹਿ ਰਹੀ ਹਾਂ । ਇਹ ਕੋਈ ਦਲੀਲ ਹੀ ਨਹੀਂ ?

ਹੂਜਾ–ਪਰ ਉਥੇ ਜਾ ਕੇ ਕਰਨਾ ਕੀ ਹੈ ? ਏਥੇ ਵੇਖ ਫ਼ਾਈਲਾਂ ਦੇ ਕਿਡੇ ਢੇਰ ਲਗੇ ਪਏ ਨੇ । ਕਈ ਕੰਮ ਕਰਨੇ ਨੇ, ਹੁਣੇ ਫੇਰ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋ ਜਾਏਗਾ।

ਸੁਸ਼ਮਾ–(ਲਾਡ ਨਾਲ) ਨਹੀਂ ਡਾਰਲਿੰਗ । ਤੁਸੀਂ ਮੇਰੇ ਨਾਲ ਜ਼ਰੂਰ ਚਲੋ !

ਹੂਜਾ–ਪਰ ਮੈਂ ਕਰਾਂਗਾ ਕੀ ? ਤੂੰ ਮਿਸਿਜ਼ ਸ੍ਰੀ ਨਿਗੇਸ਼ ਨਾਲ ਗਲਾਂ ਕਰੇਂਗੀ ’ਤੇ ਮੈਂ ਕੀ ਕਰਾਂਗਾ ?

ਸੁਸ਼ਮਾ–ਤੁਹਾਡੀ ਬੜੀ ਸਖ਼ਤ ਲੋੜ ਏ ਉਥੇ, ਤੁਹਾਡੇ ਬਿਨਾਂ ਗਲ ਨਹੀਂ ਬਣਨੀ ।

ਹੂਜਾ–(ਸੁਸ਼ਮਾ ਦੇ ਬਚਪਨੇ ਤੇ ਖਿਝਦੇ ਹੋਏ, ਪਰ ਨਾਲ ਹੀ ਖਿਝ ਨੂੰ ਰੋਕਦੇ ਹੋਏ) ਮੈਨੂੰ ਸਮਝ ਨਹੀਂ ਆਈ ਮੇਰੀ ਉਥੇ ਲੋੜ ਕੀ ਹੈ ।

ਸੁਸ਼ਮਾ–ਗਲ ਇਹ ਹੈ ਕਿ ਮੈਂ ਤੇ ਮਿਸਿਜ਼ ਸ੍ਰੀ ਨਿਗੇਸ਼ ਰਲ ਕੇ ਕਲੱਬ ਵਿਚ ਇਕ Ladie's Fair ਕਰਨਾ ਚਾਹੁੰਦੀਆਂ ਹਾਂ । ਉਸ ਵਿਚ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ।

ਹੂਜਾ–(ਜਾਣ ਦੀ ਮੁਸੀਬਤ ਟਲਦੀ ਹੋਈ ਵੇਖ ਕੇ) ਜਿਹੜੀ ਮਦਦ

ਕਹੋਗੇ, ਮਿਲ ਜਾਵੇਗੀ। ਇਹ ਵੀ ਭਲਾ ਪੁਛਣ ਦੀ ਗਲ ਹੈ!

ਸੁਸ਼ਮਾ–ਪੁਛਣ ਦੀ ਗਲ ਹੈ ਤਾਂ ਹੀ ਤਾਂ ਤੁਹਾਨੂੰ ਨਾਲ ਜਾਣ ਲਈ ਕਹਿ ਰਹੀ ਹਾਂ। ਐਵੇਂ ਭਲਾ ਕੀ ਲੋੜ ਸੀ ਤੁਹਾਨੂੰ ਤੰਗ ਕਰਨ ਦੀ। (ਜ਼ਰਾ ਵਿਗੜ ਕੇ) ਤੁਸੀਂ ਮੈਨੂੰ ਕੀ ਸਮਝਿਆ ਹੈ ?

ਹੂਜਾ–(ਸ਼ਰਾਰਤ ਨਾਲ) ਸਵਾਦ ਜੋ ਪੂਰਾ ਕਰਨਾ ਹੋਇਆ।

ਸੁਸ਼ਮਾ–(ਹੋਰ ਵਿਗੜਦੇ ਹੋਏ) ਫੇਰ ਉਹੋ ਗਲ। ਮੈਂ ਚਲੀ ਜਾਂਦੀ ਹਾਂ ਜੇ ਤੁਹਾਨੂੰ ਮੇਰਾ ਆਉਣਾ ਏਨਾ ਹੀ ਬੁਰਾ ਲਗਿਆ ਹੈ।

ਹੂਜਾ–(ਆਪਣਾ ਲਹਿਜਾ ਬਦਲਦੇ ਹੋਏ) ਬਸ ਝਟ ਰੁਸ ਜਾਂਦੀ ਹੈ, ਬਚਿਆਂ ਵਾਂਗ। ਅੱਛਾ ਦਸ, ਮੁਸੀਬਤ ਕੀ ਪੈ ਗਈ ਹੈ ਉਥੇ ?

ਸੁਸ਼ਮਾ–(ਕੁਝ ਰੁਸੀ ਰੁਸੀ ਹੋਈ) ਮੁਸੀਬਤ ਕੋਈ ਪਈ। ਜੇ ਚਜ ਨਾਲ ਗਲ ਕਰਨੀ ਹੈ ਤਾਂ ਕਰੋ, ਨਹੀਂ ਤਾਂ ਮੈਂ ਚਲੀ ਜਾਂਦੀ ਹਾਂ।

ਹੂਜਾ–(ਸੁਸ਼ਮਾ ਨੂੰ ਬਾਂਹ ਤੋਂ ਫੜਦੇ ਹੋਏ) ਚਲ ਬੈਠ ਇਸ ਕੁਰਸੀ ਤੇ ਤੇ ਦਸ ਮੈਨੂੰ ਕੀ ਗਲ ਹੈ।

ਸੁਸ਼ਮਾ–(ਬੈਠਣ ਦੀ ਨਾਂਹ ਕਰਦੇ ਹੋਏ) ਤੁਸੀਂ ਮੈਨੂੰ ਦਸੋ ਕਿ ਕੀ ਕਲੱਬ ਤਕ ਚਲ ਨਹੀਂ ਸਕਦੇ ਮੇਰੇ ਨਾਲ ?

ਹੂਜਾ–(ਪਕੀ ਤਰ੍ਹਾਂ) ਨਹੀਂ।

ਸੁਸ਼ਮਾ–(ਕੁਝ ਚੁਪ ਦੇ ਬਾਦ ਜਿਵੇਂ ਮਨ ਵਿਚ ਕੁਝ ਤੋਲ ਰਹੀ ਹੋਵੇ) ਗਲ ਇਹ ਹੈ ਕਿ ਮਿਸਿਜ਼ ਪੁਰਾਨਿਕ ਵੀ ਇਕ Ladie's Fair ਕਰਨਾ ਚਾਹੁੰਦੀ ਹੈ। ਪਰ ਮੇਰੀ ਤੇ ਮਿਸਿਜ਼ ਸ੍ਰੀ

ਨਿਰੋਸ਼ ਦੀ ਸਲਾਹ ਹੈ ਕਿ ਉਹਦੇ ਤੋਂ ਪਹਿਲਾਂ ਅਸੀਂ ਕਰ ਲਈਏ।

ਹੁਜਾ–(ਬੇਪਰਵਾਹੀ ਨਾਲ) ਕਰ ਲਵੇ, ਕੀ ਹਰਜ ਹੈ?

ਸੁਸ਼ਮਾ–ਪਰ ਕਿਧਰੇ ਇਹ ਨਾ ਹੋ ਜਾਵੇ ਕਿ ਉਹ Brigade Headquarters ਦੀ ਮਦਦ ਨਾਲ fair ਕਰ ਜਾਵੇ ਤੇ ਅਸੀਂ ਮੂੰਹ ਹੀ ਵੇਖਦੀਆਂ ਰਹਿ ਜਾਏ।

ਹੁਜਾ–(ਸਾਰੀ ਗਲ ਵਲੋਂ ਉਪਰਾਮ ਹੁੰਦੇ ਹੋਏ) ਭੋਲੀਆਂ ਗਲਾਂ ਕਰਦੀ ਹੈਂ ਤੂੰ। ਅਸੀਂ ਕਲੱਬ ਦੀ executive ਵਿਚ ਪਾਸ ਕਰ ਲਵਾਂਗੇ ਕਿ ਮਿਸਿਜ਼ ਹੁਜਾ ਦੀ ਅਰਜ਼ੀ ਪਹਿਲਾਂ ਆਈ ਸੀ, ਇਸ ਲਈ Ladie's Fair ਉਹਦੇ ਵਲੋਂ ਹੀ ਹੋਵੇਗਾ। ਬੜੀ ਸੌਖੀ ਜਿਹੀ ਗਲ ਹੈ। ਬਸ ਅਰਜ਼ੀ ਅਜ ਸ਼ਾਮ ਨੂੰ ਦੇ ਦੇਵੀਂ।

ਸੁਸ਼ਮਾ–ਮਗਰੋਂ ਤੁਸੀਂ ਕਹਿੰਦੇ ਹੁੰਦੇ ਹੋ ਕਿ ਤੁਸੀਂ ਔਰਤਾਂ ਆਪਸ ਵਿਚ ਲਗਦੀਆਂ ਹੋ ਤੇ ਸਾਡੇ ਤਅਲਕ ਖ਼ਰਾਬ ਕਰਦੀਆਂ ਹੋ।

ਹੁਜਾ–(ਤਸੱਲੀ ਦੇਂਦੇ ਹੋਏ) ਕੋਈ ਨਹੀਂ ਕਹਿੰਦਾ, ਡੀਅਰ।

ਸੁਸ਼ਮਾ–ਨਾਲੇ ਕਹਿੰਦੇ ਹੁੰਦੇ ਹੋ ਕਿ ਸਿਵਲ ਤੇ ਮਿਲਟਰੀ ਦੇ ਤਅੱਲਕ ਖ਼ਰਾਬ ਹੁੰਦੇ ਨੇ।

ਹੁਜਾ–(ਸਾਰੀ ਸਮਸਿਆ ਨੂੰ ਖ਼ਤਮ ਕਰਨ ਦੀ ਮਰਜ਼ੀ ਨਾਲ) ਕੁਝ ਨਹੀਂ ਹੁੰਦਾ। ਤੂੰ ਜੋ ਮਰਜ਼ੀ ਕਰਨਾ ਹੈ ਕਰ ਲੈ। ਅਸੀਂ ਹਮੇਸ਼ਾਂ ਵਾਂਗ ਮਗਰੋਂ ਸਾਂਭ ਲਵਾਂਗੇ।

ਸੁਸ਼ਮਾ–ਚੰਗਾ ਫੇਰ ਮੈਂ ਕਲੀ ਹੀ ਕਲੱਬ ਚਲੀ ਜਾਂਦੀ ਹਾਂ। ਸਾਰੀ ਗਲ ਮਿਸਿਜ਼ ਸ੍ਰੀ ਨਿਰੋਸ਼ ਨਾਲ ਪਕੀ ਕਰ ਲਵਾਂਗੇ।

ਹੁਜਾ–ਪਰ ਹਾਲੀ ਨਹੀਂ ਜਾਣਾ। ਪਹਿਲਾਂ ਮੇਰੀ ਮੁਸ਼ਕਲ ਤਾਂ ਹਲ

ਕਰ ਕੇ ਜਾ।

ਸੁਸ਼ਮਾ—ਕੀ ?

ਹੁਜਾ—ਕੀ ! ਮੈਂ ਇਨੀ ਮੁਸੀਬਤ ਵਿਚ ਫਸਿਆ ਹੋਇਆਂ ਹਾਂ, ਅਗੋਂ ਪੁਛਦੀ ਹੈ ਕੀ।

ਸੁਸ਼ਮਾ—ਦਸੋ ਫੇਰ।

ਹੁਜਾ—ਤੈਨੂੰ ਦਸਿਆ ਤਾਂ ਹੈ ਕਿ ਬਾਬੂ ਰਾਮ ਪਰਸ਼ਾਦ ਚਲਾਕੀ ਨਾਲ ਹੈਡ ਕਲਰਕ ਆਪਣੇ ਇਕ ਦੋਸਤ ਨੂੰ ਲੁਆਣਾ ਚਾਹੁੰਦਾ ਹੈ।

ਸੁਸ਼ਮਾ—(ਭੋਲੇ-ਪਨ ਨਾਲ) ਫੇਰ ਤੁਸੀਂ ਨਾ ਲਾਉ !

ਹੁਜਾ—ਗੱਲ ਇਨੀ ਸੌਖੀ ਨਹੀਂ। ਨਾਂਹ ਵੀ ਕਿਸ ਤਰ੍ਹਾਂ ਕਰਾਂ ?

ਸੁਸ਼ਮਾ—ਮੈਂ ਤਾਂ ਸਗੋਂ ਤੁਹਾਨੂੰ ਪਹਿਲੇ ਦਿਨ ਦੀ ਹੀ ਕਹਿੰਦੀ ਰਹੀ ਹਾਂ ਕਿ ਰਾਮ ਪਰਸ਼ਾਦ ਦੀ ਹਰ ਗਲ ਨਾ ਮੰਨਿਆਂ ਕਰੋ। ਇਹ ਬੜਾ ਖਚਰਾ ਆਦਮੀ ਹੈ। ਪਿਤਾ ਜੀ ਵੀ ਇਸ ਉਪਰ ਵਸਾਹ ਕਰ ਕੇ ਪਛਤਾਂਦੇ ਸਨ।

ਹੁਜਾ—ਲਾਇਆ ਵੀ ਤਾਂ ਉਹਨਾਂ ਹੀ ਸੀ।

ਸੁਸ਼ਮਾ—ਬਿਲਕੁਲ ਅਖ਼ੀਰ ਜਿਹੇ ਕਰ ਕੇ। ਦੋ ਤਿੰਨ ਮਹੀਨਿਆਂ ਬਾਦ ਹੀ ਬਦਲੀ ਹੋ ਗਈ ਸੀ ਸਾਡੀ।

ਹੁਜਾ—ਹੁਣ ਤਕ ਤਾਂ ਮੈਂ ਇਹਦੀ ਹਰ ਗਲ ਹੀ ਮੰਨਦਾ ਰਿਹਾ ਹਾਂ, ਪਰ ਐਤਕੀ ਨਾਂਹ ਕਰਨ ਨੂੰ ਜੀ ਕਰਦਾ ਹੈ।

ਸੁਸ਼ਮਾ—ਫੇਰ ਕਰ ਦੇਵੋ। ਲਿਹਾਜ਼ ਕਿਹੜੀ ਗਲ ਦਾ ਕਰਨਾ ਹੋਇਆ ? ਮਕੀ ਦਾ ਆਟਾ ਲਿਆ ਦਿਤਾ ਜਾਂ ਬਾਸਮਤੀ ਦੇ ਚਾਵਲ ਕਿਧਰੋਂ ਪੈਦਾ ਕਰ ਦਿਤੇ, ਇਹਨਾਂ ਗਲਾਂ ਨਾਲ ਕਿਸੇ ਦੇ ਵਸ ਥੋੜਾ ਹੋ ਜਾਈਦਾ ਹੈ।

ਹੁਜਾ—ਫੇਰ ਤੇਰੇ ਕੋਲ ਆ ਕੇ ਪੋਲੀਆਂ ਪੋਲੀਆਂ ਗਲਾਂ ਕਰੇਗਾ।

ਸੁਸ਼ਮਾ—ਕਰੇਗਾ ਤਾਂ ਕਰੇ ਪਿਆ। ਮੈਨੂੰ ਇਹ ਜ਼ਰਾ ਨਹੀਂ ਭਾਉਂਦਾ।

ਪਿਤਾ ਜੀ ਦੇ ਵੇਲੇ ਦਾ ਲਗਿਆ ਹੋਇਆ ਹੈ। ਫੇਰ, ਇਹਦੀ ਲੜਕੀ, ਸਰੋਜਨੀ, ਮੇਰੀ ਕਾਫ਼ੀ ਸਹੇਲੀ ਹੁੰਦੀ ਸੀ, ਪਰ ਇਹਦਾ ਇਹ ਮਤਲਬ ਥੋੜਾ ਹੈ ਕਿ.........

ਹੂਜਾ—ਉਹ ਵੀ ਤਾਂ ਸਾਰਿਆਂ ਨੂੰ ਇਹੋ ਕਹਿੰਦਾ ਹੈ ਕਿ ਸਾਹਿਬ ਦੀ ਬੀਵੀ ਮੇਰੀ ਲੜਕੀ ਦੀ ਸਹੇਲੀ ਹੈ, ਇਸ ਲਈ ਮੈਂ ਜੋ ਮਰਜ਼ੀ ਹੈ ਸਾਹਿਬ ਕੋਲੋਂ ਕਰਵਾ ਲਵਾਂ।

ਸੁਸ਼ਮਾ—ਮੈਂ ਤੁਹਾਨੂੰ ਪੰਜਾਹ ਵਾਰੀ ਕਿਹਾ ਹੋਣਾ ਹੈ ਕਿ ਰਾਮ ਪਰਸ਼ਾਦ ਦੀ ਹਰ ਗਲ ਨਾ ਮੰਨਿਆਂ ਕਰੋ। ਮੈਨੂੰ ਬਚਪਨ ਤੋਂ ਹੀ ਇਹ ਚਲਾਕ ਤੇ ਮੀਸਣਾ ਜਿਹਾ ਬੰਦਾ ਲਗਿਆ ਹੈ। ਅਗੇ ਮੈਂ ਜਦੋਂ ਸਰੋਜਨੀ ਨੂੰ ਕਦੇ ਮਿਲਣ ਜਾਂਦੀ ਹੁੰਦੀ ਸਾਂ, ਤਾਂ ਹਰ ਵੇਲੇ ਮੇਰੇ ਆਲੇ ਦਵਾਲੇ ਘੁੰਮਦਾ ਰਹਿੰਦਾ ਸੀ। ਇਕ ਵਾਰੀ ਕਹਿਣ ਲਗਾ, 'ਰਾਏ ਬਹਾਦਰ ਨੂੰ ਕਹਿਣਾ, ਮੇਰਾ ਜ਼ਰੂਰ ਧਿਆਨ ਰਖਿਆ ਕਰਨ।' ਬਸ ਇਸੇ ਕਰ ਕੇ ਮੈਨੂੰ ਚੰਗਾ ਨਹੀਂ ਲਗਦਾ। (ਜ਼ਰਾ ਰੁਕ ਕੇ) ਪਰ ਤੁਸੀਂ, ਪਤਾ ਨਹੀਂ ਕਿਉਂ ਉਹਦੀ ਹਰ ਗਲ ਮੰਨ ਲੈਂਦੇ ਹੋ!

ਹੂਜਾ—ਸੁਸ਼ਮਾ, ਦੋਵੇਂ ਪਾਸੇ ਮੁਸ਼ਕਲ ਹੈ। ਮੰਨ ਲਵਾਂ ਤਾਂ ਮੁਸ਼ਕਲ ਹੈ, ਨਾ ਮੰਨਾਂ ਤਾਂ ਮੁਸ਼ਕਲ ਹੈ।

ਸੁਸ਼ਮਾ-ਨਾ ਮੰਨਣ ਵਿਚ ਕੀ ਮੁਸ਼ਕਲ ਹੈ ? ਇਸ ਨੇ ਤੁਹਾਡਾ ਕੀ ਵਿਗਾੜ ਲੈਣਾ ਹੈ ?

ਹੂਜਾ—ਤੈਨੂੰ ਸੇਠ ਰਾਮ ਦਿਆਲ ਵਾਲੀ ਗਲ ਯਾਦ ਹੈ ?

ਸੁਸ਼ਮਾ—(ਕੰਨ ਖੜੇ ਕਰ ਕੇ) ਆਹੋ!

ਹੂਜਾ—ਮੈਨੂੰ ਬਾਦ ਵਿਚ ਪਤਾ ਲਗਿਆ ਕਿ ਉਹ ਰਾਮ ਪਰਸ਼ਾਦ ਦਾ ਰਿਸ਼ਤੇਦਾਰ ਸੀ।

ਸੁਸ਼ਮਾਂ—ਫੇਰ ?

ਹੂਜਾ—ਇਹਦਾ ਮਤਲਬ ਇਹ ਹੋਇਆ ਕਿ ਰਾਮ ਪਰਸ਼ਾਦ ਨੂੰ ਪਤਾ ਲਗ ਗਿਆ ਹੋਣਾ ਹੈ ਕਿ ਮੈਂ ਉਹਦਾ ਕੰਮ ਬਣਾ ਦਿਤਾ ਸੀ—ਕਿਸ ਕਰ ਕੇ ।

ਸੁਸ਼ਮਾ—ਫੇਰ ਤਾਂ ਜ਼ਰੂਰ ਪਤਾ ਹੋਣਾ ਹੈ ।

ਹੂਜਾ—(ਭੇਦ ਖੋਲ੍ਹਦੇ ਹੋਏ) ਇਸੇ ਕਰ ਕੇ ਮੈਂ ਰਾਮ ਪਰਸ਼ਾਦ ਦੀ ਹਰ ਗਲ ਮੰਨ ਲੈਂਦਾ ਹਾਂ ਤਾਕਿ ਇਹਨੂੰ ਸਾਡੇ ਖਿਲਾਫ਼ ਕੋਈ ਗਲ ਕਰਨ ਦਾ ਮੌਕਾ ਨਾ ਮਿਲੇ ।

ਸੁਸ਼ਮਾ—(ਸਾਰੀ ਗਲ ਨੂੰ ਇਕ ਨਵੇਂ ਪਹਿਲੂ ਤੋਂ ਵੇਖਦੇ ਹੋਏ) ਪਰ ਇਹ ਗਲ ਕਿਨੀ ਦੇਰ ਇਸ ਤਰ੍ਹਾਂ ਚਲ ਸਕਦੀ ਹੈ ?

ਹੂਜਾ—(ਗਲ ਨੂੰ ਪਰਤਾਂਦੇ ਹੋਏ) ਹੁਣ ਤਕ ਤਾਂ ਚਲਦੀ ਹੀ ਰਹੀ ਹੈ ।

ਸੁਸ਼ਮਾ—(ਹੂਜੇ ਦੇ ਜਵਾਬ 'ਚੋਂ ਦਲੀਲ ਲਭਦੇ ਹੋਏ) ਫੇਰ ਬਾਕੀ ਦਾ ਚਿਰ ਵੀ ਚਲਾਈ ਰਖੋ ।

ਹੂਜਾ—ਪਰ ਇਸ ਕੇਸ ਵਿਚ ਮੇਰਾ ਦਿਲ ਨਹੀਂ ਮੰਨਦਾ ।

ਸੁਸ਼ਮਾ—ਕਿਉਂ ?

ਹੂਜਾ—ਮਨਚੰਦਾ ਸਭ ਤੋਂ ਸੀਨੀਅਰ ਹੈ, ਕੰਮ ਵੀ ਉਹਦਾ ਚੰਗਾ ਹੈ, ਦੋ ਸਾਲਾਂ ਤਕ ਉਹ ਪਿਨਸ਼ਨ ਵੀ ਪਾਣ ਵਾਲਾ ਹੈ । ਕੀ ਹਰਜ ਹੈ ਜੇਕਰ ਉਹ ਦੋ ਸਾਲਾਂ ਲਈ ਹੈਡ ਕਲਰਕ ਬਣ ਜਾਏ ? ਹੋਰ ਨਹੀਂ ਤਾਂ ਉਹਦੀ ਪਿਨਸ਼ਨ ਵਿਚ ਹੀ ੧੫—੨੦ ਰੁਪੈ ਮਹੀਨੇ ਦਾ ਫ਼ਰਕ ਪੈ ਜਾਵੇਗਾ ।

ਸੁਸ਼ਮਾ—ਗਲ ਤਾਂ ਇਹ ਠੀਕ ਹੈ ।

ਹੂਜਾ—ਰਾਮ ਪਰਸ਼ਾਦ ਆਪਣੇ ਦੋਸਤ ਰਾਮ ਸਰੂਪ ਦੀ ਮਦਦ ਕਰਨਾ ਚਾਹੁੰਦਾ ਹੈ ।

ਸੁਸ਼ਮਾ—(ਕੁਝ ਸੋਚ ਦੇ ਬਾਦ) ਜੇ ਤੁਸੀਂ ਉਹਦੀ ਗਲ ਨਾ ਮੰਨੋ, ਤਾਂ ਕੀ ਹੋਵੇਗਾ ?

ਹੂਜਾ–ਹੋਣਾ ਕੀ ਹੈ ? ਸ਼ਾਇਦ ਰਾਮ ਪਰਸ਼ਾਦ ਕੁਝ ਗਲਾਂ ਬਣਾਏਗਾ ।

ਸੁਸ਼ਮਾ–ਤੁਸੀਂ ਕਿਹੜਾ ਦੂਜੀ ਵਾਰ ਕੁਝ ਲੈਣਾ ਹੈ ਕਿ ਉਹਦੇ ਕਹਿਣ ਨਾਲ ਫ਼ਰਕ ਪਵੇਗਾ ।

ਹੂਜਾ–ਇਸੇ ਕਰ ਕੇ ਮੈਂ ਕਹਿੰਦਾ ਹਾਂ ਕਿ ਜਿਹੜੀ ਇਜ਼ਤ ਤੇ reputation ਆਪਣੀ ਅਗੇ ਬਣੀ ਹੋਈ ਹੈ, ਉਹ ਬਣੀ ਹੀ ਰਹੇ, ਵਿਗੜੇ ਨਾ ।

ਸੁਸ਼ਮਾ–ਸੋਚ ਲਵੋ, ਫੇਰ ।

ਹੂਜਾ–ਕਲ ਦਾ ਮੈਂ ਇਸ ਬਾਰੇ ਸੋਚ ਹੀ ਰਿਹਾ ਹਾਂ, ਹੋਰ ਕੀ ਕਰ ਰਿਹਾ ਹਾਂ ।

ਸੁਸ਼ਮਾ–ਖਿਝਣ ਦੀ ਕੋਈ ਲੋੜ ਨਹੀਂ । ਧਿਆਨ ਨਾਲ ਚਲਿਆਂ ਕੋਈ ਨਾ ਕੋਈ ਰਾਹ ਨਿਕਲ ਹੀ ਆਵੇਗਾ ।

ਹੂਜਾ–ਰਹਿਣ ਵੀ ਦੇ । ਹੁਣ ਮੈਨੂੰ ਉਪਦੇਸ਼ ਦੇਣ ਲਗੀ ਏ ।

ਸੁਸ਼ਮਾ–ਅਛਾ, ਮੈਨੂੰ ਇਹ ਦਸੋ ਕਿ ਤੁਹਾਨੂੰ ਇਹ ਕਦੋਂ ਪਤਾ ਲਗਿਆ ਕਿ ਉਹ ਸੇਠ ਰਾਮ ਦਿਆਲ ਰਾਮ ਪਰਸ਼ਾਦ ਦਾ ਰਿਸ਼ਤੇਦਾਰ ਸੀ ?

ਹੂਜਾ–ਪਤਾ ਤਾਂ ਮੈਨੂੰ ਕਈ ਮਹੀਨਿਆਂ ਦਾ ਸੀ, ਪਰ ਮੈਂ ਤੇਰੇ ਨਾਲ ਜ਼ਿਕਰ ਹੀ ਨਹੀਂ ਕੀਤਾ ।

ਸੁਸ਼ਮਾ–ਕਿਉਂ ? ਮੈਨੂੰ ਦਸਣ ਵਿਚ ਕੀ ਹਰਜ ਸੀ ?

ਹੂਜਾ–ਮੈਂ ਸੋਚਿਆ ਐਵੇਂ ਖ਼ਾਹ ਮਖ਼ਾਹ ਫ਼ਿਕਰ ਕਰਦੀ ਰਹੇਗੀ । ਚਲੋ ਕੀ ਫ਼ਰਕ ਪੈਂਦਾ ਹੈ ।

ਸੁਸ਼ਮਾ–ਇਨੀ ਜ਼ਰੂਰੀ ਗਲ ਮੈਨੂੰ ਘਟੋ ਘਟ ਦਸਣੀ ਤਾਂ ਚਾਹੀਦੀ ਸੀ । ਪਰ ਮੈਂ ਪੁਛਿਆ ਏ ਤੁਹਾਨੂੰ ਪਤਾ ਕਿਥੋਂ ਲਗਿਆ ।

ਹੂਜਾ–ਹੈਡ ਕਲਰਕ ਪੁਰੀ ਕੋਲੋਂ ।

ਸੁਸ਼ਮਾ–ਕਿਸ ਤਰ੍ਹਾਂ ?

ਹੂਜਾ—ਸੇਠ ਰਾਮ ਦਿਆਲ ਦੇ ਕਾਗ਼ਜ਼ ਮੇਰੇ ਕੋਲ ਆਏ ਹੋਏ ਸਨ। ਇਹ ਪੁਰੀ ਮੇਰੇ ਕੋਲ ਹੀ ਖਲੋਤਾ ਸੀ। ਕਹਿਣ ਲਗਾ, 'ਜੀ ਇਹ ਸੇਠ ਆਪਣੇ ਸੁਪਰਡੈਂਟ ਸਾਹਿਬ ਦੇ ਮਾਮੇ ਲਗਦੇ ਨੇ।'

ਸੁਸ਼ਮਾ—ਅਛਾ, ਇਨਾ ਨੇੜੇ ਦਾ ਰਿਸ਼ਤਾ ਹੈ?

ਹੂਜਾ—(ਸੁਸ਼ਮਾ ਦੀ ਹੈਰਾਨੀ ਵਲ ਧਿਆਨ ਨਾ ਦੇਂਦੇ ਹੋਏ) ਮੈਂ ਗਲ ਗੌਲੀ ਹੀ ਨਾ। ਉਹਨੇ ਫੇਰ ਉਹੋ ਗਲ ਦੂਜੀ ਵਾਰੀ ਕਹੀ। ਮੈਂ ਕਿਹਾ, 'ਤਾਂ ਕੀ ਫ਼ਰਕ ਪੈਂਦਾ ਹੈ?' ਕਹਿਣ ਲਗਾ, 'ਹੋਰ ਤਾਂ ਕੁਝ ਨਹੀਂ। ਸੁਪਰਡੈਂਟ ਸਾਹਿਬ ਤੁਹਾਨੂੰ ਆਪਣੇ ਮਾਮੇ ਬਾਰੇ ਸ਼ਾਇਦ ਕੁਝ ਨਹੀਂ ਕਹਿ ਸਕੇ, ਮੈਂ ਸੋਚਿਆ ਮੈਂ ਹੀ ਤੁਹਾਡੇ ਨਾਲ ਜ਼ਿਕਰ ਕਰ ਦੇਵਾਂ।'

ਸੁਸ਼ਮਾ—ਫੇਰ ਤੁਸੀਂ ਕੀ ਕਿਹਾ?

ਹੂਜਾ—ਮੈਂ ਕਿਹਾ, 'ਸਾਨੂੰ ਇਸ ਗਲ ਦਾ ਕੀ ਫ਼ਰਕ ਪੈਂਦਾ ਹੈ? ਜੋ ਠੀਕ ਹੈ ਆਪੇ ਹੋ ਜਾਵੇਗਾ।'

ਸੁਸ਼ਮਾ—ਇਹਦਾ ਕੀ ਮਤਲਬ ਹੋਇਆ? ਕੀ ਉਸ ਨੂੰ ਪਤਾ ਹੈ ਕਿ ਤੁਸੀਂ ਕੁਝ ਸੇਠ ਰਾਮ ਦਿਆਲ ਕੋਲੋਂ...... .

ਹੂਜਾ—ਜਾਂ ਇਹ ਵੀ ਹੋ ਸਕਦਾ ਹੈ ਕਿ ਰਾਮ ਪਰਸ਼ਾਦ ਨੇ ਹੀ ਇਹਨੂੰ ਸਿਖਾਇਆ ਹੋਵੇ ਕਿ ਮੈਨੂੰ ਟੋਹ ਕੇ ਵੇਖੇ ਕਿ ਕਿਸ ਤਰ੍ਹਾਂ......।

ਸੁਸ਼ਮਾ—ਰਾਮ ਪਰਸ਼ਾਦ ਬੜਾ ਖਚਰਾ ਹੈ। ਹੋ ਸਕਦਾ ਹੈ ਉਹ ਤੁਹਾਨੂੰ ਜਤਾਣਾ ਚਾਹੁੰਦਾ ਹੋਵੇ ਕਿ ਉਹਨੂੰ ਤੁਹਾਡੀ ਤੇ ਸੇਠ ਰਾਮ ਦਿਆਲ ਦੀ ਗਲ ਦਾ ਪਤਾ ਹੈ।

ਹੂਜਾ—ਕੁਝ ਪਿਆ ਹੋਵੇ। ਸੇਠ ਦੀ ਮਦਦ ਨਾਲ ਮੋਟਰ ਜਿਹੜੀ ਲੈਣੀ ਸੀ, ਲੈ ਲਈ ਹੈ। ਹੋਰ ਹੁਣ ਸਾਨੂੰ ਕਿਸੇ ਚੀਜ਼ ਦੀ ਲੋੜ

ਨਹੀਂ। ਠਹਿਰ, ਮੈਨੂੰ ਇਕ ਖ਼ਿਆਲ ਆਇਆ ਹੈ। ਮੈਂ ਇਕ ਕੰਮ ਕਰਨ ਲਗਾ ਹਾਂ। (ਘੰਟੀ ਵਜਾਂਦਾ ਹੈ, ਚਪੜਾਸੀ ਸਾਹਮਣੇ ਆਂਦਾ ਹੈ) ਚਪੜਾਸੀ, ਹੈਡ ਕਲਰਕ ਨੂੰ ਮੇਰੇ ਕੋਲ ਭੇਜੀਂ !

ਚਪੜਾਸੀ ਚਲਾ ਜਾਂਦਾ ਹੈ।

ਸੁਸ਼ਮਾ—ਇਹ ਕੀ ਕਰਨ ਲਗੇ ਹੋ ?

ਹੂਜਾ—ਮੈਂ ਹੈਡ ਕਲਰਕ ਕੋਲੋਂ ਪੁਛਣ ਲਗਾ ਹਾਂ ਕਿ ਕੀ ਕਰਨਾ ਚਾਹੀਦਾ ਹੈ।

ਸੁਸ਼ਮਾ—ਉਹਨੇ ਕੋਈ ਵਖਰੀ ਸਲਾਹ ਦੇ ਦੇਣੀ ਹੈ। (ਸਾਰੀ ਗਲ ਦੀ ਕਮਜ਼ੋਰੀ ਨੂੰ ਮੁਖ ਰਖਦੇ ਹੋਏ) ਮੇਰਾ ਖ਼ਿਆਲ ਹੈ ਜਿਵੇਂ ਰਾਮ ਪਰਸ਼ਾਦ ਕਹਿੰਦਾ ਹੈ, ਉਸੇ ਤਰ੍ਹਾਂ ਕਰ ਲਵੋ।

ਹੈਡ ਕਲਰਕ ਪੁਰੀ ਬਾਹਰੋਂ ਆਂਦਾ ਹੈ। ਪਪ ਸਾਲ ਦਾ ਦਫ਼ਤਰਾਂ ਵਿਚ ਘਸਿਆ ਹੋਇਆ ਕਲਰਕ ਹੈ। ਕੁਰਸੀ ਤੇ ਬਹਿ ਬਹਿ ਕੇ ਉਹਦੀ ਪਿਠ ਵਿਚ ਮਾੜਾ ਮਾੜਾ ਕੁਬ ਨਿਕਲ ਆਇਆ ਹੈ। ਜਿਨਾ ਚਿਰ ਉਹ ਸਾਹਿਬ ਦੇ ਸਾਹਮਣੇ ਖਲੋਤਾ ਰਹਿੰਦਾ ਹੈ, ਆਪਣੇ ਲਕ ਤੇ ਇਵੇਂ ਹਥ ਰਖੀ ਰਖਦਾ ਹੈ ਜਿਵੇਂ ਡਿਗਣ ਵਲੋਂ ਆਪਣੇ ਆਪ ਨੂੰ ਬਚਾ ਰਿਹਾ ਹੋਵੇ।

ਹੂਜਾ—ਲੰਘ ਆਵੋ।

ਪੁਰੀ—ਨਮਸਤੇ ਜੀ।

ਸੁਸ਼ਮਾ—ਨਮਸਤੇ।

ਹੂਜਾ–ਪੁਰੀ ਸਾਹਿਬ, ਮੈਨੂੰ ਇਹ ਗਲ ਦਸੋ ਕਿ ਤਰੱਕੀ ਦੇ ਬਾਰੇ ਤੁਹਾਡੇ ਦਫ਼ਤਰ ਦਾ ਕੀ ਰਿਵਾਜ ਹੈ।

ਪੁਰੀ–ਕੀ ਮਤਲਬ ਜੀ ? ਮੈਨੂੰ ਗਲ ਪੂਰੀ ਤਰ੍ਹਾਂ ਸਮਝ ਨਹੀਂ ਆਈ ।

ਹੂਜਾ–ਮੇਰਾ ਮਤਲਬ ਇਹ ਹੈ ਕਿ ਹੁਣ ਤੁਸੀਂ ਜੋ ਅਗਲੇ ਮਹੀਨੇ ਤੋਂ ਪੇਨਸ਼ਨ ਤੇ ਜਾ ਰਹੇ ਹੋ, ਤਾਂ ਤੁਹਾਡੀ ਜਗ੍ਹਾ ਕਿਸ ਦੀ ਵਾਰੀ ਹੈ ?

ਪੁਰੀ–ਸਾਡੇ ਦਫ਼ਤਰ ਵਿਚ ਰਿਵਾਜ ਇਹ ਹੈ ਜੀ ਕਿ ਜੇ ਕਰ ਅਗਲੇ ਆਦਮੀ ਦੀ ਨੌਕਰੀ ਦੋ ਸਾਲ ਤੋਂ ਘਟ ਹੋਵੇ, ਤਾਂ ਮੌਕਾ ਉਹਨੂੰ ਨਹੀਂ ਮਿਲਦਾ, ਉਸ ਤੋਂ ਅਗਲੇ ਨੂੰ ਦਿਤਾ ਜਾਂਦਾ ਹੈ ।

ਹੂਜਾ ਆਪਣੀ ਪਤਨੀ ਵਲ ਤਕਦਾ ਹੈ, ਪਰ ਉਹ ਅਹਿਲ ਬੈਠੀ ਰਹਿੰਦੀ ਹੈ ।

ਹੂਜਾ–(ਗਲ ਨੂੰ ਸਪਸ਼ਟ ਕਰਾਣ ਲਈ) ਅਗਲਾ ਆਦਮੀ ਹੁਣ ਮਨਚੰਦਾ ਹੈ ਜਾਂ ਰਾਮ ਸਰੂਪ ?

ਪੁਰੀ–ਮਨਚੰਦੇ ਦੀ ਨੌਕਰੀ ਕੋਈ ਸਵਾ ਦੋ ਸਾਲ ਬਾਕੀ ਰਹਿੰਦੀ ਹੈ, ਪਰ ਮੇਰੇ ਖ਼ਿਆਲ ਵਿਚ ਮੌਕਾ ਰਾਮ ਸਰੂਪ ਨੂੰ ਹੀ ਮਿਲਣਾ ਚਾਹੀਦਾ ਹੈ ।

ਹੂਜਾ–ਇਹ ਕਿਉਂ ? ਜਦ ਮਨਚੰਦੇ ਦੀ ਨੌਕਰੀ ਸਵਾ ਦੋ ਸਾਲ ਬਾਕੀ ਹੈ, ਤਾਂ ਮੌਕਾ ਰਾਮ ਸਰੂਪ ਨੂੰ ਕਿਉਂ ਮਿਲਣਾ ਚਾਹੀਦਾ ਹੈ ?

ਪੁਰੀ–ਮੇਰਾ ਖ਼ਿਆਲ ਹੈ ਜੀ ਕਿ ਰਾਮ ਸਰੂਪ ਹੀ ਠੀਕ ਰਹੇਗਾ । ਮਨਚੰਦੇ ਦੀ ਨੌਕਰੀ ਦੋ ਦੀ ਥਾਂ ਸਵਾ ਦੋ ਸਾਲ ਬਾਕੀ ਰਹਿੰਦੀ

ਹੈ, ਅਖ਼ੀਰ ਤਿੰਨ ਮਹੀਨਿਆਂ ਦਾ ਕੀ ਫ਼ਰਕ ਹੁੰਦਾ ਹੈ ?

ਹੁਜਾ–ਕਿਉਂ ? ਤਿੰਨ ਮਹੀਨਿਆਂ ਦਾ ਕੋਈ ਫ਼ਰਕ ਹੀ ਨਹੀਂ ਹੁੰਦਾ ? ਜੇ ਤੁਹਾਨੂੰ ਤਿੰਨ ਮਹੀਨੇ ਪਹਿਲਾਂ ਰੀਟਾਇਰ ਕਰ ਦਿਤਾ ਜਾਵੇ, ਤਾਂ ਤੁਸੀਂ ਇਸ ਗਲ ਨੂੰ ਪਸੰਦ ਕਰੋਗੇ ?

ਪੁਰੀ–ਇਹ ਤਾਂ ਇਕ ਵਖਰੀ ਗਲ ਹੈ ਜੀ।

ਹੁਜਾ–(ਜ਼ਰਾ ਤੇਜ਼ੀ ਵਿਚ ਆ ਕੇ) ਆਪਣੀ ਵਾਰੀ ਗਲ ਵਖਰੀ ਬਣ ਜਾਂਦੀ ਹੈ । ਤੁਸੀਂ ਸਾਰੇ ਆਪਸ ਵਿਚ ਮਿਲੇ ਹੋਏ ਹੋ, ਰਾਮ ਪਰਸ਼ਾਦ ਵੀ ਤੇ ਆਪ ਜਨਾਬ ਵੀ । ਇਹ ਰਾਮ ਸਰੂਪ ਕੌਣ ਆਦਮੀ ਹੈ ਜਿਸ ਨੇ ਤੁਸਾਂ ਸਾਰਿਆਂ ਨੂੰ ਗਠਿਆ ਹੋਇਆ ਹੈ ਆਪਣੇ ਨਾਲ ?

ਪੁਰੀ–(ਢਿਲੀ ਤਰ੍ਹਾਂ) ਨਹੀਂ ਜੀ, ਇਹ ਗਲ ਨਹੀਂ ।

ਹੁਜਾ–(ਪਹਿਲਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ) ਨਹੀਂ, ਕਿਸ ਤਰ੍ਹਾਂ ਨਹੀਂ ? ਤੁਸੀਂ ਸਾਰੇ ਆਪਸ ਵਿਚ ਰਲੇ ਹੋਏ ਹੋ । ਪਤਾ ਨਹੀਂ ਮਨਚੰਦੇ ਦੇ ਖ਼ਿਲਾਫ਼ ਤੁਸੀਂ ਕੀ ਸਾਜ਼ਸ਼ ਕੀਤੀ ਹੋਈ ਹੈ ! ਉਹਦਾ ਹੱਕ ਵੀ ਤੁਸੀਂ ਲੋਕ ਉਹਨੂੰ ਲੈਣ ਨਹੀਂ ਦੇਂਦੇ । ਕੀ ਨੁਕਸ ਹੈ ਭਲਾ ਉਸ ਵਿਚ ? ਕੰਮ ਉਹ ਤੁਸਾਂ ਸਾਰਿਆਂ ਨਾਲੋਂ ਚੰਗਾ ਕਰਦਾ ਹੈ । ਨੁਕਸ ਕੀ ਹੈ ਉਸ ਵਿਚ ?

ਪੁਰੀ–(ਪਾਣੀ ਪਾਣੀ ਹੁੰਦੇ ਹੋਏ) ਮੈਂ ਤਾਂ ਕੁਝ ਨਹੀਂ ਕਿਹਾ, ਹਜ਼ੂਰ । ਮੈਂ ਤਾਂ ਆਪਣੇ ਦਫ਼ਤਰ ਦਾ ਦਸਤੂਰ ਦਸਿਆ ਹੈ ਆਪ ਨੂੰ, ਅਗੋਂ ਆਪ ਦੀ ਮਰਜ਼ੀ ।

ਹੁਜਾ–ਮੈਂ ਕੋਈ ਫ਼ਜ਼ੂਲ ਗਲ ਸੁਣਨ ਨੂੰ ਤਿਆਰ ਨਹੀਂ । (ਗੁਸੇ ਦੀ ਰੌਂ ਵਿਚ ਆਂਦੇ ਹੋਏ) ਮੈਂ ਆਪਣੀ ਮਰਜ਼ੀ ਮੁਤਾਬਕ ਫ਼ੈਸਲਾ ਕਰਾਂਗਾ । ਮੈਨੂੰ ਕੋਈ ਪਰਵਾਹ ਨਹੀਂ ਤੁਹਾਡੇ ਰੂਲ

ਵੀ । ਕਲ ਦਾ ਸਿਰ ਖਾ ਮਾਰਿਆ ਹੈ ਮੇਰਾ ਇਹਨਾਂ ਗਲਾਂ ਨੇ–'ਇਸ ਦਫ਼ਤਰ ਦਾ ਰਿਵਾਜ ਇਹ ਹੈ। ਉਹਦੇ ਦੋ ਸਾਲ ਰਹਿ ਗਏ ਨੇ, ਉਹਦੇ ਸਵਾ ਦੋ ਸਾਲ ਰਹਿ ਗਏ ਨੇ ।'

ਪੁਰੀ–ਮਾਫ਼ ਕਰਨਾ, ਜਨਾਬ, ਤੁਹਾਨੂੰ ਕੁਝ ਗ਼ਲਤ-ਫ਼ਹਿਮੀ ਹੋਈ ਹੈ । ਮੈਂ ਇਹ ਅਰਜ਼......

ਹੂਜਾ–(ਉਹਦੀ ਗਲ ਟੁਕਦੇ ਹੋਏ) ਮੈਨੂੰ ਅਫ਼ਸੋਸ ਹੈ ਮਿਸਟਰ ਪੁਰੀ ਕਿ ਰੀਟਾਇਰ ਹੋਣ ਲਗਿਆਂ ਵੀ ਤੁਸੀਂ ਹਕ ਦੀ ਗਲ ਨਹੀਂ ਕੀਤੀ। ਘਟੋ ਘਟ ਜਾਣ ਲਗਿਆਂ ਯਾਦ ਤਾਂ ਛਡ ਕੇ ਜਾਣੀ ਚਾਹੀਦਾ ਹੈ ।

ਪੁਰੀ–ਹਜ਼ੂਰ, ਜੇ ਤੁਸੀਂ ਮੈਨੂੰ ਗਲ ਪੂਰੀ ਕਰਨ ਦੇਵੋ ਤਾਂ ਸ਼ਾਇਦ.........

ਹੂਜਾ–ਉਹ ਫੇਰ ਕਿਸੇ ਵੇਲੇ ਕਰ ਲਵਾਂਗੇ। ਮੈਂ ਆਪਣਾ ਮਨ ਬਣਾ ਲਿਆ ਹੈ। ਤੁਸੀਂ ਮਿਹਰਬਾਨੀ ਕਰ ਕੇ ਮਿਸਟਰ ਮਨਚੰਦਾ ਤੇ ਮਿਸਟਰ ਰਾਮ ਸਰੂਪ ਦੋਹਾਂ ਨੂੰ ਮੇਰੇ ਕੋਲ ਭੇਜ ਦੇਵੋ। ਮੈਂ ਉਹਨਾਂ ਨਾਲ ਗਲ ਬਾਤ ਕਰ ਕੇ ਆਪੇ ਫ਼ੈਸਲਾ ਕਰ ਲਵਾਂਗਾ ਕਿ ਉਹਨਾਂ ਦੋਹਾਂ ਵਿਚੋਂ ਕਿਹੜਾ ਠੀਕ ਹੈ।

ਇਹ ਕਹਿ ਕੇ ਉਹ ਸੁਸ਼ਮਾ ਵਲ ਤਕਦਾ ਹੈ, ਇਹ ਪੁਛਣ ਲਈ ਕਿ ਕੀ ਉਸ ਨੇ ਠੀਕ ਫ਼ੈਸਲਾ ਕੀਤਾ ਹੈ। ਪਰ ਉਹ ਬਲੇ ਵਲ ਤਕ ਰਹੀ ਹੈ, ਤੇ ਇਸ ਲਈ ਉਸ ਵਲ ਨਹੀਂ ਤਕ ਸਕਦਾ ।

ਪੁਰੀ–(ਬੜੀ ਘਬਰਾਹਟ ਨਾਲ) ਪਰ ਮਨਚੰਦਾ ਤਾਂ ਅਜ ਛੁਟੀ ਤੇ

ਹੈ, ਜੀ ।

ਹੂਜਾ–ਛੁਟੀ ਤੇ ! ਪਰ ਮੇਰੇ ਕੋਲ ਤਾਂ ਉਹਦੀ ਅਰਜ਼ੀ ਨਹੀਂ ਆਈ ।

ਪੁਰੀ–(ਹਾਲੀ ਵੀ ਘਬਰਾਇਆ ਹੋਇਆ) ਤਿੰਨ ਦਿਨ ਦੀ ਛੁਟੀ ਦਾ ਅਖਤਿਆਰ ਤੁਸੀਂ ਸੁਪਰਡੈਂਟ ਨੂੰ ਦੇ ਦਿਤਾ ਹੋਇਆ ਹੈ, ਜਨਾਬ ।

ਹੂਜਾ–(ਯਾਦ ਕਰਦੇ ਹੋਏ) ਉਹੋ, ਠੀਕ ਹੈ, ਠੀਕ ਹੈ। ਇਹ ਕਮਬਖ਼ਤ ਰਾਮ ਪਰਸ਼ਾਦ.........(ਕੁਝ ਸੋਚਣ ਲਗ ਜਾਂਦਾ ਹੈ) ਅਛਾ , ਰਾਮ ਪਰਸ਼ਾਦ ਨੂੰ ਹੀ ਮੇਰੇ ਕੋਲ ਭੇਜੋ ।

ਪੁਰੀ–(ਜਾਂਦਾ ਹੋਇਆ) ਨਮਸਤੇ ਜੀ ।

ਸੁਸ਼ਮਾ–ਨਮਸਤੇ । (ਉਹਦੇ ਜਾ ਲੈਣ ਬਾਦ) ਕਰਨ ਕੀ ਲਗੇ ਹੋ ਤੁਸੀਂ ?

ਹੂਜਾ–ਰਾਮ ਪਰਸ਼ਾਦ ਦੀ ਤਜਵੀਜ਼ ਨਾ ਮੰਨਣ ਦਾ ਮੈਂ ਫ਼ੈਸਲਾ ਕਰ ਲਿਆ ਹੈ। ਅਗੇ ਹੀ ਮੈਂ ਉਹਨੂੰ ਕਿਹਾ ਹੈ ਕਿ ਨਵੀਂ ਤਜਵੀਜ਼ ਲਿਖ ਕੇ ਲਿਆਵੇ।

ਸੁਸ਼ਮਾ–(ਫ਼ਿਕਰ-ਭਰੇ ਲਹਿਜੇ ਵਿਚ) ਸੋਚ ਲਵੋ। ਹੁਣੇ ਤੁਸੀਂ ਕਹਿੰਦੇ ਪਏ ਸੀ ਕਿ ਗਲਾਂ ਬਣਾਏਗਾ। ਮਤੇ ਕਿਧਰੇ.........

ਹੂਜਾ–(ਤੇਜ਼ੀ ਵਿਚ) ਕਰ ਲਵੇ ਜੋ ਕਰਨਾ ਸੂ। ਅਖ਼ੀਰ ਕਿਨਾਂ ਚਿਰ ਅਸੀਂ ਇਹਦੀਆਂ ਗਲਾਂ ਸਹਿੰਦੇ ਰਹਾਂਗੇ ?

ਸੁਸ਼ਮਾ–(ਹਾਲੀ ਵੀ ਫ਼ਿਕਰ ਵਾਲੇ ਲਹਿਜੇ ਵਿਚ) ਹੁਣੇ ਕੁਝ ਹੋਰ ਪਏ ਕਹਿੰਦੇ ਸੀ ਤੁਸੀਂ ਤੇ ਹੁਣੇ ਉਹਦੇ ਉਲਟ ਗਲਾਂ ਕਰਨ ਲਗ ਪਏ ਹੋ।

ਹੂਜਾ–(ਬੇਪਰਵਾਹੀ ਵਾਲੀ ਦ੍ਰਿੜ੍ਹਤਾ ਨਾਲ) ਇਸੇ ਤਰ੍ਹਾਂ ਹੁੰਦਾ ਹੁੰਦਾ ਹੈ। ਜੇ ਮੈਂ ਏਸ ਗਲ ਤੇ ਸਟੈਂਡ ਨਾ ਲਿਆ ਤਾਂ ਰਾਮ ਪਰਸ਼ਾਦ

ਦਿਨੋ ਦਿਨ ਸਿਰੋ ਚੜ੍ਹਦਾ ਜਾਏਗਾ। ਇਸ ਲਈ ਜ਼ਰੂਰੀ ਹੈ ਕਿ.........

ਰਾਮ ਪਰਸ਼ਾਦ ਦਾਖ਼ਲ ਹੁੰਦਾ ਹੈ।

ਹੂਜਾ—(ਰਾਮ ਪਰਸ਼ਾਦ ਦੇ ਬੂਹੇ ਵੜਦਿਆਂ ਹੀ) ਤੁਸੀਂ ਉਹ ਨਵੀਂ ਤਜਵੀਜ਼ ਲਿਖ ਲਈ ਹੈ?

ਰਾਮ ਪਰਸ਼ਾਦ—ਨਹੀਂ ਜੀ।

ਹੂਜਾ—ਕਿਉਂ ?

ਰਾਮ ਪਰਸ਼ਾਦ—ਮੇਰਾ ਖ਼ਿਆਲ ਹੈ ਜੀ ਕਿ ਥੋੜਾ ਚਿਰ ਇਸ ਗਲ ਉਪਰ ਹੋਰ ਸੋਚ ਲਈਏ। (ਹੂਜੇ ਨੂੰ ਅਹਿਲ ਵੇਖ ਕੇ) ਆਖ਼ਰ ਕੀ ਹਰਜ ਹੈ ?

ਹੂਜਾ—ਕੋਈ ਲੋੜ ਨਹੀਂ ਹੋਰ ਸੋਚਣ ਦੀ। ਮੈਂ ਸੋਚ ਲਿਆ ਹੈ।

ਰਾਮ ਪਰਸ਼ਾਦ—ਮੇਰਾ ਖ਼ਿਆਲ ਹੈ ਜੀ ਕਾਹਲੀ ਨਾ ਕਰੀਏ।

ਸੁਸ਼ਮਾ—(ਵਿਚ ਦਖ਼ਲ ਦੇਂਦੇ ਹੋਏ) ਠੀਕ ਹੈ, ਜ਼ਰਾ ਹੋਰ ਸੋਚ ਲਵੋ।

ਹੂਜਾ—ਇਹ ਗਲ ਕਲ ਦੀ ਮੇਰੇ ਮਨ ਉਪਰ ਸਵਾਰ ਹੈ। ਜਿਨੇ ਚਿਰ ਤਕ ਇਹਦਾ ਫੈਸਲਾ ਨਹੀਂ ਹੋ ਜਾਂਦਾ ਮੇਰੇ ਮੰਨ ਨੂੰ ਚੈਨ ਨਹੀਂ ਆਏਗਾ।

ਸੁਸ਼ਮਾ—ਡਾਰਲਿੰਗ, ਕਲ ਫ਼ੈਸਲਾ ਕਰ ਲੈਣਾ। ਅਖ਼ੀਰ ਅਜ ਤੇ ਕਲ ਵਿਚ ਕੀ ਫ਼ਰਕ ਹੈ ?

ਹੂਜਾ—(ਬੇ-ਆਰਾਮੀ ਨਾਲ) ਇਕ ਦਿਨ ਦਾ! ਮੇਰੇ ਲਈ ਤਾਂ ਇਕ ਇਕ ਘੜੀ ਔਖੀ ਹੋ ਰਹੀ ਹੈ। (ਰਾਮ ਪਰਸ਼ਾਦ ਨੂੰ) ਲਿਆਉ ਮੈਂ ਫ਼ਾਈਲ ਤੇ ਹੁਣੇ ਲਿਖ ਦੇਵਾਂ ਕਿ ਪੁਰੀ ਦੇ ਬਾਦ ਮਨਚੰਦੇ ਨੂੰ ਹੈਡ ਕਲੱਰਕ ਬਣਾਇਆ ਜਾਵੇਗਾ।

ਰਾਮ ਪਰਸ਼ਾਦ—ਹਜ਼ੂਰ, ਤੁਸੀਂ ਮੇਰੀ ਗਲ ਉਪਰ ਪੂਰਾ ਗੌਹ ਨਹੀਂ

ਕੀਤਾ। ਇਸ ਤਰ੍ਹਾਂ ਕਰਨ ਨਾਲ ਸਾਰੇ ਦਫ਼ਤਰ ਵਿਚ ਗੜ ਬੜ ਮਚ ਜਾਵੇਗੀ।

ਹੂਜਾ—ਕੋਈ ਗਲ ਨਹੀਂ। ਮੈਂ ਇਹ ਬੇਇਨਸਾਫ਼ੀ ਨਹੀਂ ਵੇਖ ਸਕਦਾ ਕਿ ਹੱਕ ਮਨਚੰਦੇ ਦਾ ਹੋਵੇ ਤੇ ਮਿਲੇ ਰਾਮ ਸਰੂਪ ਨੂੰ।

ਰਾਮ ਪਰਸ਼ਾਦ—ਜਨਾਬ, ਜਿਹੜਾ ਦਫ਼ਤਰ ਦਾ ਦਸਤੂਰ ਹੋਵੇ, ਉਹਦੇ ਮੁਤਾਬਕ ਹੀ ਚਲਣਾ ਚੰਗਾ ਹਹਿੰਦਾ ਹੈ। ਨਹੀਂ ਤਾਂ ਹੋਰ ਲੋਕ ਵੀ ਜਿਹੜੀਆਂ ਆਸਾਂ ਲਾਈ ਬੈਠੇ ਹਨ, ਉਹ ਔਖੇ ਹੋਣਗੇ।

ਹੂਜਾ—(ਬੇ-ਸਬਰੀ ਨਾਲ ਜਿਵੇਂ ਇਕ ਕਠਨ ਗੱਲ ਨੂੰ ਬਿਨਾ ਲਮਕਾਣ ਦੇ ਉਸੇ ਵੇਲੇ ਨਜਿੱਠਣਾ ਚਾਹੁੰਦਾ ਹੈ) ਸਭ ਕੁਝ ਸੋਚ ਲਿਆ ਹੈ। ਲਿਆਉ, ਉਰੇ ਕਰੋ ਕਾਗ਼ਜ਼।

ਰਾਮ ਪਰਸ਼ਾਦ ਫ਼ਾਈਲ ਉਹਦੇ ਅਗੇ ਕਰਦਾ ਹੈ। ਹੂਜਾ ਉਸ ਉਪਰ ਕੁਝ ਲਿਖਦਾ ਹੈ। ਰਾਮ ਪਰਸ਼ਾਦ ਸੁਸ਼ਮਾ ਵਲ ਤਕਦਾ ਹੈ। ਉਹ ਆਪਣੇ ਪਤੀ ਵਲ ਤਕਦੀ ਹੈ। ਲਿਖਣ ਦੇ ਬਾਦ ਹੂਜਾ ਫ਼ਾਈਲ ਰਾਮ ਪਰਸ਼ਾਦ ਵਲ ਕਰਦਾ ਹੈ ਤੇ ਨਾਲ ਹੀ ਸੁਖ ਦਾ ਸਾਹ ਭਰਦਾ ਹੈ।

ਰਾਮ ਪਰਸ਼ਾਦ—ਅਛਾ, ਸਰਕਾਰ। ਜਿਸ ਗੱਲ ਵਿਚ ਤੁਹਾਡੀ ਖ਼ੁਸ਼ੀ ਹੈ, ਮੈਂ ਉਸੇ ਵਿਚ ਰਾਜ਼ੀ ਹਾਂ।

ਹੂਜਾ—(ਜਿਤ ਦੇ ਅਹਿਸਾਸ ਨਾਲ) ਹੁਣ ਤੁਸੀਂ ਜੋ ਮਰਜ਼ੀ ਕਹਿ ਲਵੋ, ਮੈਂ ਸੁਣਨ ਨੂੰ ਤਿਆਰ ਹਾਂ।

ਰਾਮ ਪਰਸ਼ਾਦ—ਲੌ, ਸਰਕਾਰ, ਫੇਰ ਸੁਣ ਲਵੋ। ਮਨਚੰਦਾ ਪਿਛਲੇ ਤਿੰਨਾਂ ਸਾਲਾਂ ਦਾ ਅਨ੍ਹਾਂ ਹੈ। ਇਕ ਵਾਰੀ ਉਹਦੇ ਸਾਈਕਲ ਦੀ ਕਿਸੇ ਮੋਟਰ ਨਾਲ ਟਕਰ ਹੋ ਗਈ। ਜਾਨ ਤਾਂ ਬਚ ਗਈ, ਪਰ ਉਹਦੀਆਂ ਦੋਹਾਂ ਅੱਖਾਂ ਦੀ ਦੀਦ ਜਾਂਦੀ ਰਹੀ। ਟਬਰਦਾਰ

ਆਦਮੀ ਸੀ, ਨਾਲੇ ਨੌਕਰੀ ਉਹਦੀ ਪੰਜ ਸਾਲ ਬਾਕੀ ਰਹਿੰਦੀ ਸੀ, ਸੋ ਅਸਾਂ ਸਾਰਿਆਂ ਨੇ ਇਹ ਫ਼ੈਸਲਾ ਕੀਤਾ ਕਿ ਉਹਦਾ ਕੰਮ ਕਰ ਕੇ ਉਹਦੇ ਕੋਲੋਂ ਦਸਖ਼ਤ ਕਰਵਾ ਲਏ ਜਾਇਆ ਕਰਨ।

ਹੂਜਾ–(ਜਿਸ ਦੇ ਚਿਹਰੇ ਦਾ ਰੰਗ ਲਹਿੰਦਾ, ਚੜ੍ਹਦਾ ਦਿਸ ਰਿਹਾ ਹੈ) ਕੀ ਮਤਲਬ ਤੁਹਾਡਾ ? ਜਿਹੜੀਆਂ ਫ਼ਾਈਲਾਂ ਉਹਦੇ ਦਸਖ਼ਤਾਂ ਥਲੇ ਮੇਰੇ ਕੋਲ ਆਂਦੀਆਂ ਹਨ, ਉਹਨਾਂ ਤੇ ਉਹਦੇ ਸਿਰਫ਼ ਦਸਖ਼ਤ ਹੀ ਹੁੰਦੇ ਹਨ ?

ਰਾਮ ਪਰਸ਼ਾਦ–ਬਿਲਕੁਲ ਇਸੇ ਤਰ੍ਹਾਂ ਹਜ਼ੂਰ। ਉਹ ਦਫ਼ਤਰ ਦੇ ਇਕ ਖੂੰਜੇ ਵਿਚ ਲੁਕ ਕੇ ਬੈਠਾ ਰਹਿੰਦਾ ਹੈ ਤੇ ਕੰਮ ਉਹਦਾ ਅਸੀਂ ਸਾਰੇ ਕਰ ਦੇਂਦੇ ਹਾਂ।

ਹੂਜਾ–ਸੁਸ਼ਮਾ, ਸੁਣ ਰਹੀ ਹੈਂ ?

ਸੁਸ਼ਮਾ–ਮੈਂ ਤਾਂ ਸੁਣ ਸੁਣ ਕੇ ਹੈਰਾਨ ਹੋ ਰਹੀ ਹਾਂ।

ਰਾਮ ਪਰਸ਼ਾਦ–(ਜਿਸ ਦੀ ਜੀਭ ਤੋਂ ਹੁਣ ਲਫ਼ਜ਼ ਬੜੀ ਸਰਲਤਾ ਨਾਲ ਤਿਲ੍ਹਕਦੇ ਜਾਂਦੇ ਹਨ) ਸਿਰਫ਼ ਇਨੀ ਗਲ ਹੀ ਨਹੀਂ ਜੀ। ਦੋ ਸਾਲਾਂ ਤਕ ਉਹਦਾ ਮੁੰਡਾ ਦਸਵੀਂ ਕਰ ਲਵੇਗਾ, ਤੇ ਜਦੋਂ ਇਹ ਰੀਟਾਇਰ ਹੋਵੇਗਾ ਤਾਂ ਕੋਸ਼ਿਸ਼ ਕਰ ਕੇ ਉਹਨੂੰ ਭਰਤੀ ਕਰ ਲਵਾਂਗੇ ਤਾਕਿ ਟਬਰ ਦੀ ਰੋਟੀ ਤਾਂ ਚਲਦੀ ਰਹੇ।

ਹੂਜਾ–ਤੁਸੀਂ ਮੈਨੂੰ ਪਹਿਲਾਂ ਇਹ ਕਿਉਂ ਨਾ ਦਸਿਆ ? ਇਨੀ ਅਜੀਬ ਗਲ !

ਰਾਮ ਪਰਸ਼ਾਦ–ਹਜ਼ੂਰ, ਦਸਦੇ ਕਿਸ ਤਰ੍ਹਾਂ ? ਕੀ ਪਤਾ ਆਪ ਕੀ ਕਰਦੇ, ਕੀ ਨਾ ਕਰਦੇ। ਹੋ ਸਕਦਾ ਸੀ ਕਿ ਤੁਹਾਨੂੰ ਅਸੀਂ ਪਹਿਲਾਂ ਇਹ ਦਸਦੇ ਤਾਂ ਤੁਸੀਂ ਕਹਿੰਦੇ ਇਹੋ ਜਿਹੇ ਆਦਮੀ ਨੂੰ ਨੌਕਰੀ ਵਿਚ ਨਹੀਂ ਰਖਣਾ ਚਾਹੀਦਾ।

ਹੂਜਾ–(ਢਿਲਾ ਪੈ ਕੇ) ਹੋ ਸਕਦਾ ਸੀ।

ਰਾਮ ਪਰਸ਼ਾਦ—(ਗਲ ਕੀ ਲੜੀ ਨੂੰ ਫੇਰ ਜੋੜਦੇ ਹੋਏ) ਮਨਚੰਦੇ ਨੂੰ ਜੇ ਕਰ ਹੈਡ ਕਲੱਰਕ ਬਣਾ ਦੇਂਦੇ, ਤਾਂ ਗਲ ਕਿਵੇਂ ਚਲ ਸਕਦੀ ਸੀ ?

ਹੂਜਾ—ਬੜੀ ਹੈਰਾਨੀ ਦੀ ਗਲ ਹੈ !

ਰਾਮ ਪਰਸ਼ਾਦ—(ਕਾਗਜ਼ ਸੰਭਾਲਦਾ ਹੋਇਆ) ਜੀ, ਤੁਸੀਂ ਸਮਝਿਆ ਹੋਣਾ ਹੈ ਕਿ ਰਾਮ ਪਰਸ਼ਾਦ ਕਿਨਾਂ ਬੇਈਮਾਨ ਆਦਮੀ ਹੈ । ਪਰ ਕੋਈ ਗਲ ਨਹੀਂ ਜੀ । ਗ਼ਲਤ-ਫਹਿਮੀ ਹੋ ਹੀ ਜਾਂਦੀ ਹੈ । ਕਹਿੰਦੇ ਨੇ ਕਿ 'ਅੱਖ ਅੱਗੇ ਕੱਖ ਆ ਜਾਵੇ, ਤਾਂ ਸੂਰਜ ਵੀ ਨਹੀਂ ਦਿਸਦਾ ।' ਤੇ ਮੈਂ ਗ਼ਰੀਬ ਦਾ ਕੀ ਹੈ ?

ਹੂਜਾ ਸੁਸ਼ਮਾ ਦਾ ਮੂੰਹ ਵੇਖਦਾ ਹੈ ਤੇ ਰਾਮ ਪਰਸ਼ਾਦ ਕਾਗ਼ਜ਼ ਚੁਕ ਕੇ ਬਾਹਰ ਵਲ ਤੁਰ ਜਾਂਦਾ ਹੈ ।

[ ਪਰਦਾ ]

# ਤਾਸ਼ ਦੀ ਬਾਜ਼ੀ

ਪਾਤਰ–

ਭਗਤ ਸਿੰਘ
ਪਰਤਾਪ
ਲਾਲ ਚੰਦ
ਮੁਨਸ਼ੀ

ਕਿਸੇ ਕੋਠੀ ਵਿਚ ਇਕ ਨੌਕਰ ਦਾ ਕਮਰਾ। ਇਕ ਪਾਸੇ ਇਕ ਮਾੜੀ ਜਿਹੀ ਮੰਜੀ ਤੇ ਕੁਝ ਕਪੜੇ ਖਿਲਰੇ ਪਏ ਹਨ ਤੇ ਦੂਜੇ ਪਾਸੇ ਪਾਣੀ ਦਾ ਘੜਾ, ਇਕ ਉਸ ਉਪਰ ਮੂਧਾ ਪਿਆ ਹੋਇਆ

ਗਲਾਸ ਤੇ ਹੋਰ ਕਿਨਾ ਕੁਝ ਨਿਕ ਸੁਕ ਹੈ ।
ਜਿਸ ਵੇਲੇ ਪਰਦਾ ਉਠਦਾ ਹੈ, ਕਮਰਾ ਖ਼ਾਲੀ ਹੈ, ਪਰ ਉਸੇ ਵੇਲੇ ਭਗਤ ਸਿੰਘ, ਗੁਸੇ ਨਾਲ ਭਰਿਆ ਪੀਤਾ, ਅੰਦਰ ਦਾਖ਼ਲ ਹੁੰਦਾ ਹੈ ਤੇ ਅਛੇ ਖਾਸੇ ਖੜਾਕ ਨਾਲ ਬੂਹਾ ਬੰਦ ਕਰਦਾ ਹੈ । ਅੰਦਰ ਆ ਕੇ ਕਪੜਿਆਂ ਦੀ ਫੋਲਾ ਫਾਲੀ ਕਰਦਾ ਹੈ। ਹਾਲੀ ਉਹ ਕੁਝ ਲਭ ਹੀ ਰਿਹਾ ਹੈ ਕਿ ਬਾਹਰੋਂ ਟਕ ਟਕ ਹੁੰਦੀ ਹੈ । ਇਹ ਅਣਸੁਣੀ ਜਿਹੀ ਕਰ ਛਡਦਾ ਹੈ ! ਟਕ ਟਕ ਫੇਰ ਹੁੰਦਾ ਹੈ ।

ਭਗਤ ਸਿੰਘ—ਕੌਣ ? (ਟਕ ਟਕ ਫੇਰ ਹੁੰਦੀ ਹੈ) ਕੌਣ ਹੈ ? ਪਰਤਾਪ ? (ਅਗੇ ਹੋ ਕੇ ਕੁੰਡੀ ਖੋਲ੍ਹਦਾ ਹੈ) ਪਰਤਾਪ, ਯਾਰ ਮੈਂ ਤੈਨੂੰ ਉਡੀਕ ਹੀ ਰਿਹਾ ਸਾਂ ।
ਪਰਤਾਪ—ਉਡੀਕ ਤੂੰ ਸੁਆਹ ਰਿਹਾ ਸੈਂ । ਵੀਹ ਵਾਰੀ ਟਕ ਟਕ ਕੀਤੀ ਹੈ, ਅਗੋਂ ਬੋਲਦਾ ਹੀ ਨਹੀਂ ਸੀ ।
ਭਗਤ ਸਿੰਘ—(ਢਿਲਾ ਪੈ ਕੇ ਮੰਜੀ ਤੇ ਬਹਿ ਜਾਂਦਾ ਹੈ) ਕੁਝ ਨਾ ਪੁਛ ਯਾਰ ।
ਲਾਲ ਚੰਦ—(ਅਗੇ ਵਲ ਹੋ ਕੇ) ਕੀ ਗਲ ਹੈ ਭਗਤ ਸਿੰਘ ?
ਪਰਤਾਪ—ਕਿਉਂ ਉਏ, ਮਰਿਆ ਕਿਉਂ ਪਿਆ ਏਂ ?
ਭਗਤ ਸਿੰਘ—ਯਾਰ, ਆਪਣਾ ਤਾਂ ਅਜ ਦੀਵਾ ਹੀ ਗੁਲ ਹੋ ਗਿਆ ਏ ।
ਪਰਤਾਪ—ਕੀ ਹੋਇਆ ਏ ?
ਭਗਤ ਸਿੰਘ—ਪਕੀ ਛੁਟੀ ਮਿਲ ਗਈ ਏ । ਅਜ ਸ਼ਾਮ ਨੂੰ ਬਾਬੂ ਜੀ ਨੇ ਆ ਕੇ ਤਨਖ਼ਾਹ ਦੇ ਦੇਣੀ ਹੈ ਤੇ ਸਾਡਾ ਬੋਰੀਆ ਬਿਸਤਰਾ

ਗੋਲ।

ਪਰਤਾਪ-ਸ਼ਾਬਾਸ਼ ਪੁਤਰ।

ਲਾਲ ਚੰਦ—ਸਾਡੀ ਚੌਕੜੀ ਤਾਂ ਫੇਰ ਖ਼ਤਮ ਹੋਈ ਸਮਝੋ। ਅਗੇ ਕੋਈ ਚੌਥਾ ਨਹੀਂ ਸੀ ਮਿਲਦਾ ਹੁੰਦਾ। ਬੜੀ ਮੁਸ਼ਕਲ ਨਾਲ ਮੁਨਸ਼ੀ ਲਭਿਆ ਸੀ। ਸਹੁਰੇ ਨੂੰ ਇਟ ਤੇ ਪਾਨ ਦੀ ਵੀ ਪਛਾਣ ਨਹੀਂ ਸੀ।

ਪਰਤਾਪ-(ਹਸ ਕੇ) ਉੱਲੂ ਦਾ ਪਠਾ, ਪਹਿਲੇ ਦਿਨ ਕਹਿੰਦਾ ਸੀ ਤੁਰਬ ਖੇਡਣਾ ਹੈ, ਰੰਗ ਨਹੀਂ ਖੇਡਣਾ।

ਭਗਤ ਸਿੰਘ—(ਗਲ ਵਿਚ ਰਲਣ ਦੇ ਯਤਨ ਨਾਲ) ਕਿਧਰੋਂ ਤੁਰਬ ਦਾ ਨਾਂ ਸੁਣ ਲਿਆ ਹੋਣਾ ਹੈ ਉਹਨੇ। ਗ਼ਰੀਬ ਨੂੰ ਕੀ ਪਤਾ ਸੀ ਕਿ ਰੰਗ ਤੇ ਤੁਰਬ ਇਕੋ ਖੇਡ ਦਾ ਨਾਂ ਹੈ।

ਪਰਤਾਪ-(ਬੂਹੇ ਵਲ ਤਕ ਕੇ) ਮੁਨਸ਼ੀ ਆਇਆ ਨਹੀਂ ਹਾਲੀ ਤਕ?

ਭਗਤ ਸਿੰਘ—ਆ ਜਾਵੇਗਾ। ਮੇਰੇ ਵਾਂਗ ਉਹਨੂੰ ਵੀ ਬੀਬੀ ਨੇ ਕੁਟ ਕਢਿਆ ਹੋਣਾ ਹੈ।

ਪਰਤਾਪ-(ਹੈਰਾਨੀ ਨਾਲ) ਹੈਂ! ਤੈਨੂੰ ਕੁਟ ਪਈ ਹੈ?

ਭਗਤ ਸਿੰਘ—ਕੁਟ ਤਾਂ ਨਹੀਂ ਪਈ ਪਰ ਉਹਦੇ ਬਰਾਬਰ ਹੀ ਕੰਮ ਹੋ ਗਿਆ ਹੈ, (ਲਾਲ ਚੰਦ ਨੂੰ) ਤੇਰੀ ਖਾਤਰ ਚੌਧਰੀ, ਵੇਖ ਲੈ ਅਸੀਂ ਕਿੰਨੀ ਕੁਰਬਾਨੀ ਕੀਤੀ ਹੈ।

ਲਾਲ ਚੰਦ—ਚਲ ਓਏ, ਵਿਚੋਂ ਗਲ ਕੋਈ ਹੋਰ ਹੋਣੀ ਹੈ ਤੇ ਨਾਂ ਸਾਡੇ ਪਿਆ ਲਾਂਦਾ ਏ!

ਭਗਤ ਸਿੰਘ—ਸਹੁੰ ਰਬ ਦੀ, ਹੋਰ ਕੋਈ ਗਲ ਨਹੀਂ ਹੋਈ। ਬੀਬੀ ਕਹਿੰਦੀ ਸੀ ਤੂੰ ਤਾਸ਼ ਨਾ ਖੇਡਿਆ ਕਰ ਤੇ ਮੈਂ ਕਿਹਾ, ਅਜ ਤਾਂ ਮੈਂ ਜ਼ਰੂਰ ਖੇਡਾਂਗਾ—ਅਜ ਤਾਂ ਮੇਰੇ ਕਮਰੇ ਵਿਚ ਚੌਕੜੀ

ਲਗਣੀ ਏਂ ।

ਪਰਤਾਪ–ਤੇ ਏਸੇ ਗਲੇ ਤੇਰੀ ਬੀਬੀ ਨੇ ਤੈਨੂੰ ਕਢ ਦਿਤਾ ?

ਭਗਤ ਸਿੰਘ–ਏਸੇ ਗਲੋਂ ਵਧਾਣ ਵਧ ਗਿਆ। ਦੋ ਬੀਬੀ ਨੇ ਕਹੀਆਂ, ਦੋ ਮੈਂ ਕਹੀਆਂ। ਅਖ਼ੀਰ ਉਸ ਨੇ ਕਹਿ ਦਿਤਾ, 'ਜਾ ਛੁਟੀ ਕਰ ਜਾ, ਮੈਨੂੰ ਇਹੋ ਜਿਹਾ ਛਟਿਆ ਹੋਇਆ ਨੌਕਰ ਨਹੀਂ ਚਾਹੀਦਾ।'

ਲਾਲ ਚੰਦ–(ਭਗਤ ਸਿੰਘ ਨੂੰ ਮੋਢੇ ਤੋਂ ਫੜ ਕੇ ਥਲੇ ਬਿਠਾਉਣ ਦੀ ਕੋਸ਼ਿਸ਼ ਕਰਦੇ ਹੋਏ) ਚਲ ਛਡ ਪਰ੍ਹੇ ਯਾਰ, ਤੂੰ ਤਾਂ ਐਵੇਂ ਅਲਫ ਲੈਲਾ ਦਾ ਕਿਸਾ ਛੁਹ ਬੈਠਾ ਏਂ। ਆ ਬਾਜ਼ੀ ਸ਼ੁਰੂ ਕਰੀਏ ।

ਪਰਤਾਪ–ਚੌਧਰੀ ਤਾਂ ਪੂਰਾ ਅਮਲੀ ਹੈ। ਇਹਨੂੰ ਰੋਜ਼ ਤਾਸ਼ ਦੀ ਬਾਜੀ ਚਾਹੀਦੀ ਹੈ ਭਾਵੇਂ ਅਗਲਾ ਬੀਮਾਰ ਹੋਵੇ ਤੇ ਭਾਵੇਂ ਉਹਦੀ ਨੌਕਰੀ ਚਲੀ ਜਾਵੇ ।

ਭਗਤ ਸਿੰਘ–ਚਲ ਨੌਕਰੀਆਂ ਕੀ ਏ ? ਇਹ ਨਾ ਹੋਈ ਤਾਂ ਕੋਈ ਹੋਰ ਮਿਲ ਹੀ ਜਾਏਗੀ ।

ਪਰਤਾਪ–(ਬੜੇ ਨਿਘੇ ਤਰੀਕੇ ਨਾਲ) ਪਰ, ਪੁਤਰ, ਤੇਰੇ ਬਿਨਾਂ ਸਾਡਾ ਦਿਲ ਨਹੀਂ ਲਗਣਾ।

ਭਗਤ ਸਿੰਘ-(ਗੰਭੀਰ ਹੋ ਕੇ) ਤੇ ਮੇਰਾ ਨਿਟੂ ਬਿਨਾਂ ਨਹੀਂ ਲਗਣਾ।

ਪਰਤਾਪ–ਨਿਟੂ ਦੇ ਕੀ ਕਹਿਣੇ ! ਬੜਾ ਮਜ਼ੇਦਾਰ ਬਚਾ ਹੈ।

ਭਗਤ ਸਿੰਘ–ਮੇਰਾ ਤਾਂ ਉਦੋਂ ਵੀ ਦਿਲ ਨਹੀਂ ਲਗਦਾ ਜਦੋਂ ਉਹ ਸਕੂਲ ਚਲਾ ਜਾਂਦਾ ਹੈ। ਉਡੀਕਦਾ ਰਹਿੰਦਾ ਹਾਂ ਕਿ ਕਿਸ ਵੇਲੇ ਉਹਦੀ ਬੱਸ ਆਵੇ।

ਪਰਤਾਪ–ਐਵੇਂ ਨਿਕੇ ਨਿਕੇ ਨਿਆਣਿਆਂ ਨੂੰ ਸਕੂਲ ਭੇਜ ਦੇਂਦੇ ਨੇ । ਸਾਡੀ ਉਮਰ ਵੀਹ ਸਾਲ ਦੀ ਹੋ ਗਈ ਹੈ ਤੇ ਅਸੀਂ

ਹਾਲੀ ਤਕ ਸਕੂਲ ਦਾ ਮੂੰਹ ਤਕ ਨਹੀਂ ਵੇਖਿਆ। ਭਲਾ ਕੀ ਫ਼ਰਕ ਪੈ ਗਿਆ ਹੈ। ਤੇ ਨਿਟੂ, ਨਿਟੂ ਤਾਂ ਸੁਖ ਨਾਲ ਹਾਲੀ ਪੰਜ ਸਾਲ ਦਾ ਵੀ ਨਹੀਂ ਹੋਇਆ।

ਭਗਤ ਸਿੰਘ–(ਉਤਸ਼ਾਹ ਨਾਲ) ਹਾਲੀ ਕਿਥੇ? ਉਹਦਾ ਪੰਜਵਾਂ ਜਨਮ ਦਿਨ ਅਗਲੇ ਮਹੀਨੇ ਆਉਣਾ ਹੈ।

ਲਾਲ ਚੰਦ–ਤੈਨੂੰ ਹੁਣ ਕੀ ਲਗੇ ਉਹਦੇ ਜਨਮ ਦਿਨ ਨਾਲ। ਤੂੰ ਆਰਾਮ ਨਾਲ ਸੜਕਾਂ ਦੀ ਹਵਾ ਖਾਹ। ਮਾਂ ਪਿਉ ਜਾਣਨ ਤੇ ਉਹਨਾਂ ਦਾ ਪੁਤਰ ਜਾਣੇ। ਤੈਨੂੰ ਹੁਣ ਕਿਨ੍ਹੇ ਪੁਛਣਾ ਹੈ!

ਭਗਤ ਸਿੰਘ–ਕਿਉਂ? ਤੇ ਮੈਨੂੰ ਕਿਸੇ ਨਿਟੂ ਨੂੰ ਮਿਲਣ ਤੋਂ ਮਨ੍ਹਾਂ ਕਰ ਦੇਣਾ ਹੈ! ਮੈਂ ਭਾਵੇਂ ਰੋਜ਼ ਉਹਨੂੰ ਮਿਲਣ ਆ ਜਾਇਆ ਕਰਾਂ।

ਲਾਲ ਚੰਦ–ਉਏ ਘਨ ਚੱਕਰ, ਕਿਸ ਚੱਕਰ ਵਿਚ ਪੈ ਗਿਆ ਹੈਂ ਤੂੰ? ਚਲ, ਆਰਾਮ ਨਾਲ ਬਾਜ਼ੀ ਲਾਈਏ। ਸੱਭੇ ਗਲਾਂ ਵਿਚੇ ਆ ਜਾਣਗੀਆਂ।

ਪਰਤਾਪ–ਪਰ ਲਾਈਏ ਕਿਸ ਤਰ੍ਹਾਂ? ਮੁਣਸ਼ੀ ਤਾਂ ਆਇਆ ਨਹੀਂ ਹਾਲੀ ਤੀਕਰ।

ਲਾਲ ਚੰਦ–ਹੁਣੇ ਆਉਂਦਾ ਹੀ ਪਿਆ ਹੋਣਾ ਹੈ। ਅਜੀਂ ਏਨਾਂ ਚਿਰ ਤਾਸ਼ ਤਾਂ ਰਲਾਈਏ।

ਭਗਤ ਸਿੰਘ–ਚੌਧਰੀ, ਤੇਰੀਆਂ ਉਂਗਲਾਂ ਨੂੰ ਤਾਂ ਖੁਜਲੀ ਹੁੰਦੀ ਰਹਿੰਦੀ ਹੈ ਜਿਨੇ ਤਕ ਤੂੰ ਤਾਸ਼ ਦੇ ਪਤੇ ਨਾ ਮਧੋਲ ਲਵੇਂ।

ਲਾਲ ਚੰਦ–ਉਏ ਰਹਿਣ ਵੀ ਦੇ!

ਭਗਤ ਸਿੰਘ–ਰਹਿਣ ਕੀ ਦੇਵਾਂ? ਤੇਰੇ ਪਿਛੇ ਅਸਾਂ ਨੌਕਰੀ ਗਵਾ ਲਈ ਏ ਤੇ ਹੋਰ ਹੁਣ ਕਾਹਦੀ ਕਸਰ ਰਹਿ ਗਈ ਏ।

ਲਾਲ ਚੰਦ–ਮੇਰੇ ਪਿਛੇ ਗੁਆ ਲਈ ਹੋਣੀ ਹੈ?

ਭਗਤ ਸਿੰਘ–ਸਹੁੰ ਰਬ ਦੀ, ਤੈਥੋਂ ਪਹਿਲਾਂ ਅਸੀਂ ਤਾਸ਼ ਤਦੋ ਹੀ

ਨਹੀਂ ਸਾਂ ਹੁੰਦੇ। ਤੂੰ ਆਇਆ, ਤਾਂ ਦੀ ਇਹ ਇੱਲਤ ਸ਼ੁਰੂ ਹੋਈ ਹੈ। ਕਿਉਂ ਪਰਤਾਪ ?

ਪਰਤਾਪ–ਬਿਲਕੁਲ ਇਸੇ ਤਰ੍ਹਾਂ ਹੈ। ਭਗਤ ਸਿੰਘ ਨੂੰ ਏਥੇ ਆਇਆਂ ਦੋ ਸਾਲ ਹੋ ਗਏ ਨੇ ਤੇ ਸਾਲ ਕੁ ਮੈਨੂੰ ਵੀ ਹੋ ਚਲਿਆ ਏ। ਬਸ ਇਕ ਅਧ ਵਾਰੀ ਕਿਧਰੇ ਤਾਸ਼ ਖੇਡੇ ਹੋਣੇ ਹਾਂ, ਵਧ ਨਹੀਂ। ਸਾਡੇ ਕੋਲ ਤਾਸ਼ ਵੀ ਨਹੀਂ ਸੀ ਹੁੰਦੀ।

ਲਾਲ ਚੰਦ–ਜਿਸ ਤਰ੍ਹਾਂ ਦੀਆਂ ਤੁਸੀਂ ਗਲਾਂ ਪਏ ਕਰਦੇ ਹੋ, ਇਸ ਹਿਸਾਬ ਨਾਲ ਤੁਸਾਂ ਦੋਹਾਂ ਨੇ ਮੈਨੂੰ ਪੁਲਸ ਕੋਲ ਫੜਵਾ ਦੇਣਾ ਹੈ। ਵਿਚਲੀ ਗਲ ਇਹ ਹੈ ਕਿ ਤੁਸੀਂ ਦੋਵੇਂ ਪੁਰਾਣੇ ਬੇਲੀ ਹੋ ਤੇ ਆਪਸ ਵਿਚ ਤੁਹਾਡੀ ਧੁਰ ਮਿਲੀ ਹੋਈ ਹੈ। ਬਸ ਜੋ ਇਕ ਕਹਿੰਦਾ ਹੈ, ਦੂਜਾ ਉਹਦੀ ਹਾਂ ਵਿਚ ਹਾਂ ਮਿਲਾ ਦੇਂਦਾ ਹੈ।

ਪਰਤਾਪ–(ਮਜ਼ਾਕ ਕਰਨ ਦੇ ਲਹਿਜੇ ਵਿਚ) ਤੂੰ ਮੁਨਸ਼ੀ ਨਾਲ ਧੁਰ ਮਿਲਾ ਲੈ, ਜਿਹੜਾ ਸਮਝਦਾ ਏ ਤੁਰਬ ਰੰਗ ਨਾਲੋਂ ਵਖਰੀ ਖੇਡ ਹੁੰਦੀ ਹੈ।

ਇਹ ਕਹਿ ਕੇ ਪਰਤਾਪ ਭਗਤ ਸਿੰਘ ਵਲ ਤਕਦਾ ਹੈ ਤੇ ਜ਼ੋਰ ਜ਼ੋਰ ਦੀ ਹਸਦਾ ਹੈ। ਥੋੜਾ ਥੋੜਾ ਹੁੰਗਾਰਾ ਭਗਤ ਸਿੰਘ ਵੀ ਨਾਲ ਭਰਦਾ ਹੈ।

ਲਾਲ ਚੰਦ–(ਉਚੀ ਉਚੀ) ਮੁਣਸ਼ੀ ਉਏ ਮੁਣਸ਼ੀ। ਆਈਂ ਉਏ ਛੇਤੀ, ਬਹੁੜੀਂ ਫਟਾ ਫਟ, ਇਹਨਾਂ ਦੋਹਾਂ ਨੇ ਮੇਰੇ ਖ਼ਿਲਾਫ਼ ਮੋਰਚਾ ਖੜਾ ਕਰ ਲਿਆ ਹੈ।

ਮੁਨਸ਼ੀ–(ਅੰਦਰ ਆਂਦੇ ਹੋਏ) ਕੀ ਗਲ ਹੈ, ਚੋਧਰੀ ਜੀ ? ਮੈਂ ਆ

ਗਿਆ ।

ਲਾਲ ਚੰਦ–(ਮੁਨਸ਼ੀ ਨੂੰ ਅੰਦਰ ਆਂਦੇ ਵੇਖ ਕੇ) ਆ ਗਿਆ ? ਵੇਲੇ ਸਿਰ ਬਹੁੜਿਐਂ, ਬਚੇ ਜਮੂਰੇ। ਤੇਰੇ ਬਿਨਾਂ ਚੰਡਾਲ ਚੌਕੜੀ ਪੂਰੀ ਨਹੀਂ ਸੀ ਪਈ ਹੁੰਦੀ ।

ਪਰਤਾਪ–ਤੇ ਚੌਧਰੀ ਦਾ ਨਸ਼ਾ ਟੁਟਦਾ ਜਾਂਦਾ ਸੀ।

ਲਾਲ ਚੰਦ–(ਮੁਨਸ਼ੀ ਨੂੰ) ਬੈਠ, ਬੈਠ ਹੁਣ । ਪਹਿਲਾਂ ਹਥ ਗਰਮ ਕਰ ਲਈਏ, ਗਲਾਂ ਫੇਰ ਪਏ ਕਰਾਂਗੇ। (ਤਾਸ਼ ਵੰਡਦਾ ਹੈ) ਲੈ, ਭਗਤ ਸਿੰਘ, ਸਭ ਤੋਂ ਛੋਟਾ ਪਤਾ ਤੇਰੇ ਨਾਂ ਆਇਆ ਹੈ ।

ਭਗਤ ਸਿੰਘ–(ਤਾਸ਼ ਵੰਡਦਾ ਹੋਇਆ) ਅਜ ਆਪਣੀ ਕਿਸਮਤ ਹੀ ਖੋਟੀ ਹੈ । ਹਰ ਪਾਸੋਂ ਮਾਰ ਹੀ ਮਾਰ ਪਈ ਪੈਂਦੀ ਹੈ ।

ਲਾਲ ਚੰਦ–ਉਏ, ਨਹੀਂ ਮਾਰ ਪੈਂਦੀ । ਤੂੰ ਖੇਡ ਤਾਂ ਸਹੀ । ਕੀ ਪਤਾ ਹੈ ਸਭ ਕੁਝ ਹੀ ਹੂੰਝ ਕੇ ਲੈ ਜਾਏ । ਰੰਗ ਹੁਕਮ ।

ਪਰਤਾਪ–ਚੌਧਰੀ ਤੈਨੂੰ ਤਾਂ ਹਰ ਵੇਲੇ ਹੂੰਝਣ ਤੇ ਹਾਰਨ ਦੀ ਹੀ ਪਈ ਰਹਿੰਦੀ ਹੈ। ਕਦੇ ਕੁਝ ਹੋਰ ਵੀ ਸੋਚਿਆ ਕਰ।

ਲਾਲ ਚੰਦ–ਉਏ, ਤੈਨੂੰ ਕੀ ਪਤਾ ਹੈ ਹਾਲੇ ? ਦੋ ਸਾਲ ਤਾਂ ਤੈਨੂੰ ਪਿੰਡੋਂ ਆਇਆਂ ਨਹੀਂ ਹੋਏ । ਸਾਡੇ ਵਾਂਗ ਜਿਸ ਵੇਲੇ ਪੰਦਰਾਂ ਸੋਲਾਂ ਸਾਲ ਬਾਬੂ ਲੋਕਾਂ ਦੇ ਭਾਂਡੇ ਮਾਂਜ ਬੈਠੇਂਗਾ, ਤਾਂ ਤੈਨੂੰ ਪਤਾ ਲਗੇਗਾ ਕਿ ਹੂੰਝਣ ਤੇ ਹਾਰਨ ਵਿਚ ਕੀ ਫ਼ਰਕ ਹੁੰਦਾ ਹੈ।

ਪਰਤਾਪ–(ਗਲ ਨੂੰ ਪਰਤਾਂਦੇ ਹੋਏ) ਮੁਨਸ਼ੀ, ਤੂੰ ਤੁਰਬ ਖੇਡਣਾ ਹੈ ਕਿ ਰੰਗ ?

ਲਾਲ ਚੰਦ–(ਮੁਨਸ਼ੀ ਦੇ ਕੁਝ ਕਹਿਣ ਤੋਂ ਪਹਿਲਾਂ ਹੀ) ਉਏ, ਕਦੇ ਤਾਂ ਸਵਾਦ ਨਾਲ ਖੇਡਣ ਦਿਆ ਕਰ। ਹਰ ਵੇਲੇ ਟਿਚਕਰਾਂ ਹੀ ਕਰਦਾ ਰਹਿੰਦਾ ਏਂ।

ਮੁਨਸ਼ੀ–(ਪਰਤਾਪ ਨੂੰ) ਮੈਨੂੰ ਤੂੰ ਹਰ ਵੇਲੇ ਟਿਚਕਰਾਂ ਕਿਉਂ ਕਰਦਾ ਰਹਿੰਦਾ ਏਂ ? ਜਦੋਂ ਤੂੰ ਘਰੋਂ ਆਇਆ ਸੈਂ ਤਾਂ ਤੈਨੂੰ ਸਭ ਕੁਝ ਪਤਾ ਸੀ ?

ਲਾਲ ਚੰਦ–ਚੁਪ ਕਰ ਉਏ ਮੁਣਸ਼ੀ। ਤੂੰ ਵੀ ਤਾਂ ਚਮੂਣਾ ਜਿਹਾ ਟਿਕ ਕੇ ਨਹੀਂ ਬਹਿ ਸਕਦਾ। ਲੈ ਬਈ, ਪਰਤਾਪ, ਚਿੜੀਏ ਦੀ ਕਾਟ ਕਰ ਦਿਤੀ ਆ ਮੈਂ ।

ਮੁਨਸ਼ੀ–(ਜਿਹੜਾ ਲਾਲ ਚੰਦ ਦਾ ਸਾਥੀ ਹੈ) ਚਿੜੀਏ ਦਾ ਗੋਲਾ ਤਾਂ ਮੇਰੇ ਕੋਲ ਹੈ।

ਲਾਲ ਚੰਦ–ਉਏ, ਸਹੁਰੀ ਦਿਆ, ਆਪਣੇ ਪਤੇ ਨਹੀਂ ਦਸੀ ਦੇ। ਤੂੰ ਵੀ ਤਾਂ ਨਿਰਾ ਚਿੜੀਏ ਦਾ ਗੋਲਾ ਹੈਂ ।

ਸਾਰੇ ਹਸ ਪੈਂਦੇ ਹਨ।

ਲਾਲ ਚੰਦ–ਐਤਕੀ, ਮੈਂ ਦਸ ਸਰਾਂ ਲੈਣੀਆਂ ਨੇ, ਦਸ।

ਮੁਨਸ਼ੀ–ਤੇ ਤੇਰਾਂ ਕਿਉਂ ਨਹੀਂ ਚੋਧਰੀ ਜੀ ?

ਲਾਲ ਚੰਦ–ਤੂੰ ਜੁ ਨਾਲ ਘੁਗੂ ਬਾਟਾ ਬੈਠਾ ਹੈਂ ਮੇਰੇ ਨਾਲ। ਕੋਈ ਹੋਰ ਹੁੰਦਾ ਤਾਂ ਮੈਂ ਇਕ ਸਰ ਵੀ ਨਹੀਂ ਸੀ ਲੈਣਦੇਣ ਇਹਨਾਂ ਨੂੰ।

ਪਰਤਾਪ–ਉਏ ਰਹਿਣ ਵੀ ਦੇ, ਅਸੀਂ ਜਿਵੇਂ ਬੁਧੂ ਹੀ ਹੋਵਾਂਗੇ।

ਲਾਲ ਚੰਦ–ਮੇਰੇ ਅਗੇ ਤਾਂ ਬਚੇ ਹੀ ਹੋ ।

ਪਰਤਾਪ—ਬਚੇ ਹੋ ਗਏ ਤਾਂ ਕੀ ਹੋ ਗਿਆ । ਖੇਡ ਕੋਈ ਉਮਰ ਨਾਲ ਥੋੜੀ ਆਂਦੀ ਹੈ, ਅਕਲ ਨਾਲ ਆਂਦੀ ਹੈ। ਵੇਖਦਾ ਨਹੀਂ, ਮੁਨਸ਼ੀ ਕਿਡੀ ਛੇਤੀ ਰੰਗ ਤੇ ਤੁਰਬ ਦਾ ਫਰਕ ਸਿਖ ਗਿਆ ਹੈ। ਸਭ ਅਕਲ ਦੀ ਗਲ ਹੈ।

ਭਗਤ ਸਿੰਘ—ਫੇਰ ਮੁੜ ਘਿੜ ਕੇ ਉਥੇ। ਕੀ ਹੋਇਆ ਹੈ, ਪਰਤਾਪ ਤੈਨੂੰ ?

ਪਰਤਾਪ—ਤੈਨੂੰ ਤਾਂ ਭਲਾ ਦਿਲ ਵਿਚ ਨੌਕਰੀ ਦਾ ਰੰਜ ਲਗਿਆ ਹੋਇਆ ਹੈ, ਅਸੀਂ ਕਿਉਂ ਨਾ ਹਸੀਏ ਖੇਡੀਏ ? ਦੋ ਘੜੀ ਦਿਲ ਲਾਣ ਤਾਂ ਆਈਦਾ ਹੈ।

ਭਗਤ ਸਿੰਘ—ਉਏ, ਮੈਨੂੰ ਕਿਹੜਾ ਰੰਜ ਹੈ ? ਇਥੇ ਨਾ ਸਹੀ ਤਾਂ ਕਿਧਰੇ ਹੋਰ ਸਹੀ ।

ਪਰਤਾਪ—ਐਡਾ ਸੌਖਾ ਨਹੀਂ । ਅਗਲੇ ਪੁਛਦੇ ਨੇ ਪਹਿਲਾਂ ਕਿਥੇ ਨੌਕਰੀ ਕੀਤੀ ਏ, ਕਿਉਂ ਛਡ ਕੇ ਆਏ ਹੋ। ਪੂਰੀ ਪੜਤਾਲ ਕਰਦੇ ਨੇ ।

ਭਗਤ ਸਿੰਘ—ਪੜਤਾਲ ਕਰਦੇ ਨੇ ਤਾਂ ਕੀ ਹੋ ਗਿਆ ? ਆਦਮੀ ਕਹਿ ਨਹੀਂ ਸਕਦਾ, ਉਹਨਾਂ ਦਾ ਪੁਰਾਣਾ ਨੌਕਰ ਆ ਗਿਆ ਸੀ।

ਪਰਤਾਪ—(ਦਲੀਲ ਨੂੰ ਦਲੀਲ ਨਾਲ ਕਟਦੇ ਹੋਏ) ਦੋ ਸਾਲਾਂ ਬਾਦ ਪੁਰਾਣਾ ਨੌਕਰ ਨਹੀਂ ਆਂਦਾ ਹੁੰਦਾ ।

ਭਗਤ ਸਿੰਘ—ਉਏ ਰਹਿਣ ਵੀ ਦੇ। ਬਹਾਨੇ ਕਈ ਕਿਸਮਾਂ ਦੇ ਲਗ ਸਕਦੇ ਨੇ ।

ਪਰਤਾਪ—(ਸ਼ੇਖ਼ੀ ਨਾਲ) ਕੋਈ ਦਸੋ ਵੀ ਕਿ ਐਵੇਂ ਹੀ।

ਲਾਲ ਚੰਦ—ਉਂਏ ਕੀ ਖਪ ਪਾਈ ਹੈ ਤੁਸੀਂ ? ਸੁਆਦ ਨਾਲ ਖੇਡਣ ਵੀ ਨਹੀਂ ਦੇਂਦੇ !

ਪਰਤਾਪ–ਚੰਗਾ ਫੇਰ ਤੂੰ ਚਾਲ ਚਲ, ਵੇਖਾਂਗਾ ਤੂੰ ਕਿਵੇਂ ਆਵੇਂਗਾ।

ਲਾਲ ਚੰਦ–ਅਛਾ, ਤੂੰ ਇਟ ਚਲਿਆ ਏਂ। ਮੁਨਸ਼ੀ......

ਪਰਤਾਪ–(ਉਚੀ ਆਵਾਜ਼ ਵਿਚ, ਸਤੌਂ ਚਿਲਕ ਕੇ) ਤੂੰ ਨਹੀਂ ਦਸ ਸਕਦਾ।

ਲਾਲ ਚੰਦ–ਮੈਂ ਦਸਿਆ ਹੀ ਕਦੋਂ ਹੈਂ ?

ਪਰਤਾਪ–(ਉਸ ਲਹਿਜੇ ਵਿਚ ਜਿਸ ਵਿਚ ਤਾਸ਼ ਖੇਡਣ ਵਾਲੇ ਆਮ ਤੌਰ ਤੇ ਆਪਸ ਵਿਚ ਲੜਦੇ ਹੁੰਦੇ ਹਨ) ਹੋਰ ਕਰਨ ਕੀ ਲਗਾ ਸੈਂ ?

ਲਾਲ ਚੰਦ–ਮੈਂ ਤਾਂ ਮੁਨਸ਼ੀ ਦਾ ਨਾਂ ਹੀ ਲਿਆ ਸੀ।

ਪਰਤਾਪ–(ਖ਼ੂਬ ਤੈਸ਼ ਵਿਚ) ਕਿਉਂ ਲਿਆ ਸੀ ? ਇਸੇ ਲਈ ਕਿ ਉਹਨੂੰ ਦਸੇਂ।

ਲਾਲ ਚੰਦ–(ਢਿਲੀ ਤਰ੍ਹਾਂ) ਨਹੀਂ।

ਪਰਤਾਪ–(ਆਪਣੀ ਜਿਤ ਮਹਿਸੂਸ ਕਰਦੇ ਹੋਏ) ਬਿਲਕੁਲ ਇਸੇ ਲਈ। ਹੁਣ ਤੂੰ ਜੋ ਮਰਜ਼ੀ ਪਿਆ ਆਖ, ਨਾਂ ਤੂੰ ਇਸੇ ਲਈ ਲਿਆ ਸੀ।

ਲਾਲ ਚੰਦ–ਉਏ ਜਾਣ ਵੀ ਦੇ।

ਪਰਤਾਪ–ਜਾਣ ਕੀ ਦੇਵਾਂ ? ਵੇਖਦਾ ਨਹੀਂ ਮੈਂ ਸਰ ਲੈ ਲਈ ਹੈ। ਤੂੰ ਮੁਨਸ਼ੀ ਨੂੰ ਦਸਿਆ ਹੁੰਦਾ ਤਾਂ ਮੈਂ ਲੈ ਸਕਦਾ ਸਾਂ।

ਮੁਨਸ਼ੀ–(ਪਤਾ ਸੁਟਦੇ ਹੋਏ) ਲੈ, ਫੇਰ, ਤੇਰੀ ਮੇਮ ਤੇ ਬਾਵਾ। ਮੈਨੂੰ ਤੂੰ ਸਮਝਿਆ ਕੀ ਹੈ ਉਏ ? ਮੈਂ ਆਪ ਨਹੀਂ ਖੇਡ ਸਕਦਾ ?

ਪਰਤਾਪ–(ਟੋਕ ਲਾਂਦੇ ਹੋਏ) ਆਹੋ ਜਾਣਦਾ ਹਾਂ। ਤੇਰੇ ਲਈ ਤਾਂ ਰੰਗ ਤੇ ਤੁਰਬ ਦੋ ਵਖੋ ਵਖਰੀਆਂ ਖੇਡਾਂ ਨੇ।

ਸਾਰੇ ਹਸ ਪੈਂਦੇ ਹਨ । ਮੁਨਸ਼ੀ ਛਿਥਾ ਮਹਿਸੂਸ ਕਰਦਾ ਹੈ ।

ਭਗਤ ਸਿੰਘ–(ਸ਼ਿਕਾਇਤ ਦੇ ਲਹਿਜੇ ਵਿਚ) ਪਰਤਾਪ, ਤੂੰ ਮੁਨਸ਼ੀ ਦਾ ਖਹਿੜਾ ਨਹੀਂ ਛਡਣਾ । ਮੋੜ ਤੋੜ ਕੇ ਗਲ ਉਥੇ ਹੀ ਲੈ ਆਂਦਾ ਹੈਂ ।

ਮੁਨਸ਼ੀ–(ਰੋਣ-ਹਾਕਾ ਹੋ ਕੇ) ਮੈਂ ਸਭ ਤੋਂ ਛੋਟਾ ਜੋ ਹੋਇਆ । ਹੋਰ ਕਿਸੇ ਤੇ ਵਸ ਨਹੀਂ ਨਾ ਚਲਦਾ ਇਸ ਦਾ ।

ਪਰਤਾਪ–(ਮੁਨਸ਼ੀ ਨੂੰ ਦਬਕਾਉਂਦੇ ਹੋਏ) ਚੁਪ ਕਰ ਉਏ ।

ਮੁਨਸ਼ੀ–ਛੋਟੇ ਨੂੰ ਸਭ ਕੋਈ ਧਮਕਾਉਂਦਾ ਹੈ ।

ਪਰਤਾਪ–(ਬਾਂਹ ਉਚੀ ਕਰ ਕੇ) ਫੇਰ ਪਿਆ ਬੋਲਦਾ ਹੈ ।

ਮੁਨਸ਼ੀ–(ਰੋਣ-ਹਾਕੀ ਆਵਾਜ਼ ਵਿਚ) ਅਜ ਬੀਬੀ ਨੇ ਵੀ ਉਹ ਕੰਨ ਪੁਟੇ ਨੇ ਕਿ ਹੁਣ ਤਕ ਪੀੜ ਪਈ ਹੁੰਦੀ ਹੈ ।

ਪਰਤਾਪ–(ਮੁਨਸ਼ੀ ਦੇ ਕੰਨਾਂ ਨੂੰ ਟੋਹ ਕੇ) ਹੈਂ ! ਉਏ ਤੇਰੇ ਕੰਨ ਤਾਂ ਸਚੀ ਮੁਚੀ ਲਾਲ ਨੇ ।

ਮੁਨਸ਼ੀ–ਤੇ ਮੈਂ ਕੋਈ ਝੂਠ ਬੋਲਿਆ ਸੀ ।

ਲਾਲ ਚੰਦ–ਕੰਨ ਕਿਸ ਗਲ ਲਈ ਪੁਟੇ ? ਕੋਈ ਚੋਰੀ ਫੜੀ ਗਈ ਸੀ ?

ਮੁਨਸ਼ੀ–ਚੋਰੀ ਤਾਂ ਮੈਂ ਨਹੀਂ ਫੜੀਣ ਦੇਂਦਾ, ਚੌਧਰੀ ਜੀ । ਗਲ ਇੰਜ ਹੋਈ ਕਿ ਬੀਬੀ ਨੂੰ ਕਿਧਰੋਂ ਪਤਾ ਲਗ ਗਿਆ ਕਿ ਮੈਂ ਰੋਜ਼ ਤੁਹਾਡੇ ਨਾਲ ਬੈਠ ਕੇ ਤਾਸ਼ ਖੇਡਦਾ ਹੁੰਦਾ ਹਾਂ । ਤਕਦੀ ਤਾਂ ਮੈਨੂੰ ਰੋਜ਼ ਹੁੰਦੀ ਸੀ, ਅਜ ਕਹਿਣ ਲਗੀ, ਮੈਂ ਨਹੀਂ ਜਾਣ ਦੇਣਾ ਤੈਨੂੰ । ਇਹ ਕੰਮ ਕਰ, ਉਹ ਕੰਮ ਕਰ, ਤਾਂ ਮੈਨੂੰ ਦੇਰ ਹੋ ਗਈ ਅਜ ।

ਲਾਲ ਚੰਦ–ਉਏ, ਕੀ ਬੀਮਾਰੀ ਪੈ ਗਈ ਹੈ ਇਹਨਾਂ ਬੀਬੀਆਂ ਨੂੰ ?

ਮਸੇ ਮਸੇ ਸਾਡੀ ਚੌਕੜੀ ਕਠੀ ਹੋਈ ਸੀ ਤੇ ਹੁਣ ਇਹ ਦੁਸ਼ਮਨ ਬਣ ਖਲੋਤੀਆਂ ਨੇ । ਉਏ, ਤੈਨੂੰ ਤਾਂ ਕੁਝ ਨਹੀਂ ਆਖਿਆ, ਬੀਬੀ ਨੇ ?

ਪਰਤਾਪ–ਮੈਨੂੰ ਕੋਈ ਆਖ ਕੇ ਤਾਂ ਵੇਖੇ। (ਆਕੜ ਨਾਲ) ਉਸੇ ਵੇਲੇ ਮੂੰਹ ਭੰਨ ਕੇ ਜਵਾਬ ਨਾ ਦੇਵਾਂ ਤਾਂ......ਕੰਮ ਕਰ ਕੇ ਮੈਂ ਜੋ ਮਰਜ਼ੀ ਪਿਆ ਕਰਾਂ। ਮੈਨੂੰ ਰੋਕਣ ਵਾਲਾ ਕੌਣ ਜਮਿਆ ਹੈ ?

ਭਗਤ ਸਿੰਘ–ਮੇਰੇ ਵਾਲਾ ਹਾਲ ਹੋਵੇਗਾ ਤੇਰਾ ।

ਪਰਤਾਪ–ਮੇਰੀ ਬੀਬੀ ਕੋਈ ਤੇਰੀ ਬੀਬੀ ਵਰਗੀ ਹੈ ?

ਭਗਤ ਸਿੰਘ–ਅਗੋਂ ਬੋਲਣਾ ਕੋਈ ਬੀਬੀ ਵੀ ਪਸੰਦ ਨਹੀਂ ਕਰਦੀ।

ਪਰਤਾਪ–(ਬੜੀ ਸ਼ਾਨ ਨਾਲ) ਮੇਰਾ ਘਰ ਵਿਚ ਇੰਨਾ ਰੁਹਬ ਹੈ ਕਿ ਮੈਨੂੰ ਕੋਈ ਕੁਝ ਆਖ ਹੀ ਨਹੀਂ ਸਕਦਾ ।

ਭਗਤ ਸਿੰਘ–ਪਤਾ ਹੈ ਮੈਨੂੰ ਜਿਹੜਾ ਰੁਹਬ ਹੈ ਤੇਰਾ । ਵਡਾ ਰੁਹਬ ਵਾਲਾ ! ਰੋਜ਼ ਗਾਲ੍ਹਾਂ ਖਾਂਦਾ ਰਹਿੰਦਾ ਹੈਂ ।

ਪਰਤਾਪ–(ਚਿਲਕ ਕੇ, ਨਾਲੇ ਟਪ ਕੇ) ਉਏ, ਗਾਲ੍ਹਾਂ ਕਿਸ ਦਿਨ ਖਾਧੀਆਂ ਨੇ ਮੈਂ ? ਐਵੇਂ ਬਕਵਾਸ ਕਰਦਾ ਹੈ ਤੂੰ । ਮੈਨੂੰ ਜਿਸ ਦਿਨ ਕਿਸੇ ਨੇ ਇਕ ਗਾਲ੍ਹ ਵੀ ਕਢੀ, ਮੈਂ ਉਸੇ ਦਿਨ ਨੌਕਰੀ ਛਡ ਦੇਵਾਂਗਾ ।

ਭਗਤ ਸਿੰਘ–ਵੇਖ ਲਵਾਂਗੇ । ਨੌਕਰੀ ਛਡ ਦੇਵਾਂਗਾ । ਵਡਾ ਰਾਣੀ ਖਾਨ ਦਾ ਸਾਲਾ !

ਪਰਤਾਪ–(ਭਖਦੇ ਹੋਏ) ਮੂੰਹ ਸੰਭਾਲ ਕੇ ਗਲ ਕਰ, ਉਏ ਸਾਲਿਆ । ਅਗੇ ਬੀਬੀ ਨੇ ਤਾਂ ਨੌਕਰੀ ਤੋਂ ਕਢ ਦਿਤਾ ਹੈ, ਮੈਂ ਤੈਨੂੰ ਠੁਡੇ ਮਾਰ ਮਾਰ ਇਥੋਂ ਕਢ ਦੇਵਾਂਗਾ ।

ਦੋਵੇਂ ਇਕ ਦੂਜੇ ਦੇ ਗਲ ਪੈ ਜਾਂਦੇ ਹਨ ।

ਲਾਲ ਚੰਦ—(ਛੁੜਾਣ ਦੀ ਕੋਸ਼ਿਸ਼ ਕਰਦੇ ਹੋਏ) ਬਸ ਉਏ ਬਸ! ਗਲਾਂ ਗਲਾਂ ਵਿਚ ਹੀ ਲੜਨ ਲਗ ਪਏ ਹੋ।

ਭਗਤ ਸਿੰਘ—(ਪਰਤਾਪ ਨੂੰ ਥਲੇ ਢਾਣ ਦੀ ਕੋਸ਼ਿਸ਼ ਕਰਦੇ ਹੋਏ) ਮੈਂ ਤੇਰੀ ਹਡੀ ਪਸਲੀ ਤੋੜ ਦੇਵਾਂਗਾ।

ਪਰਤਾਪ—(ਘੁਲਦਾ ਹੋਇਆ) ਤੂੰ ਸਮਝਦਾ ਕੀ ਹੈਂ ਆਪਣੇ ਆਪ ਨੂੰ। ਬਚੂ; ਤੈਨੂੰ ਮੇਰੇ ਹਥ ਨਹੀਂ ਲਗੇ ਹਾਲੇ ਤਕ।

ਲਾਲ ਚੰਦ—ਉਏ ਰਹਿਣ ਵੀ ਦੇਵੋ। ਚੰਗੀ ਚੋਕੜੀ ਲਾਈ ਸੀ—ਵਿਚੋਂ ਘੁਲਣ ਹੀ ਲਗ ਪਏ ਹੋ। (ਛੁੜਾਣ ਦੀ ਹੋਰ ਕੋਸ਼ਿਸ਼ ਕਰਦੇ ਹੋਏ) ਉਏ, ਮੁਨਸ਼ੀ, ਵੇਖਦਾ ਕੀ ਪਿਆ ਏਂ? ਤੂੰ ਪਰਤਾਪ ਨੂੰ ਫੜ, ਮੈ ਭਗਤ ਸਿੰਘ ਨੂੰ ਫੜਦਾ ਹਾਂ।

ਮੁਨਸ਼ੀ ਪਰਤਾਪ ਨੂੰ ਫੜਨ ਲਗਦਾ ਹੈ, ਪਰ ਪਰਤਾਪ ਓਹਨੂੰ ਜ਼ੋਰ ਨਾਲ ਭੁਆ ਕੇ ਪਰੇ ਸੁਟਦਾ ਹੈ।

ਮੁਨਸ਼ੀ—(ਰੌਲਾ ਪਾ ਦੇਂਦਾ ਹੈ) ਊਈ, ਊਈ, ਮੈਨੂੰ ਪਰਤਾਪ ਨੇ ਮਾਰਿਆ ਹੈ।

ਲਾਲ ਚੰਦ—(ਪਰਤਾਪ ਤੇ ਭਗਤ ਸਿੰਘ ਦੋਹਾਂ ਨੂੰ ਨਿਖੇੜਦੇ ਹੋਏ) ਇਕ ਹੋਰ ਪਿਟਣਾ ਖੜਾ ਹੋ ਗਿਆ ਹੈ। ਉਏ, ਕੀ ਤੂੰ ਕੁੜੀਆਂ ਵਾਂਗੂ ਰੂੰ ਰੂੰ ਕਰਨ ਲਗ ਪੈਂਦਾ ਹੈਂ?

ਮੁਨਸ਼ੀ—(ਰੂੰ ਰੂੰ ਕਰਦੇ ਹੋਏ) ਮੈਨੂੰ ਪਰਤਾਪ ਨੇ ਫੇਰ ਮਾਰਿਆ ਕਿਉਂ ਹੈ?

ਪਰਤਾਪ—(ਮੁਨਸ਼ੀ ਨੂੰ ਲਤ ਮਾਰਦੇ ਹੋਏ) ਉਏ, ਚੁਪ ਵੀ ਕਰ, ਹਰ ਵੇਲੇ ਟਰੋਂ ਟਰੋਂ ਲਾਈ ਰਖਦਾ ਏਂ।

ਭਗਤ ਸਿੰਘ—(ਪਰਤਾਪ ਨੂੰ) ਪੁਤਰਾ, ਮੈਂ ਤੇਰੇ ਨਾਲ ਸਿਝਾਂਗਾ। ਗਲਾਂ

ਇੰਜ ਕਰਦਾ ਏਂ ਜਿਵੇਂ ਤਹਿਸੀਲਦਾਰ ਲਗਿਆ ਹੋਵੇਂ । ਵਿਚੋਂ ਹੈਂ ਤਾਂ ਸਾਡੇ ਵਾਂਗ ਨੌਕਰ ਹੀ !

ਪਰਤਾਪ–(ਭਗਤ ਸਿੰਘ ਉਪਰ ਝਪਟਾ ਮਾਰਦੇ ਜਿਹਨੂੰ ਲਾਲ ਚੰਦ ਵਿਚ ਪੈ ਕੇ ਰੋਕ ਦੇਂਦਾ ਹੈ) ਨੌਕਰ ! ਨੌਕਰ !! ਕੀ ਸਵੇਰ ਦੀ ਬਕਵਾਸ ਸ਼ੁਰੂ ਕੀਤੀ ਹੈ ਤੂੰ ?

ਭਗਤ ਸਿੰਘ–ਬਕਵਾਸ ਮੈਂ ਕਰ ਰਿਹਾ ਹਾਂ ਜਾਂ ਤੂੰ ?

ਪਰਤਾਪ–ਤੂੰ, ਤੂੰ, ਤੂੰ, ਤੂੰ............

ਫੇਰ ਉਹ ਸਾਰੇ ਝਗੜੇ ਦੀ ਬੇਵਕੂਫੀ ਦਾ ਸੋਚ ਕੇ ਜ਼ੋਰ ਜ਼ੋਰ ਦੀ ਹਸ ਪੈਂਦਾ ਹੈ। ਉਹ ਜਿਵੇਂ ਜਿਵੇਂ ਹਸਦਾ ਹੈ,ਭਗਤ ਸਿੰਘ ਨੂੰ ਉਵੇਂ ਉਵੇਂ ਗੁਸਾ ਆਂਦਾ ਜਾਂਦਾ ਹੈ । ਉਹ ਕਚੀਚੀਆਂ ਵਟਦਾ ਹੈ, ਪਰ ਕਰ ਕੁਝ ਨਹੀਂ ਸਕਦਾ ।

ਲਾਲ ਚੰਦ-(ਪਰਤਾਪ ਦੇ ਅਮੁਕ ਤੇ ਟੋਕ-ਭਰੇ ਹਾਸੇ ਨੂੰ ਵੇਖ ਕੇ)ਪਰਤਾਪ, ਤੂੰ ਬਸ ਕਰ ਦੇ, ਨਹੀਂ ਤਾਂ ਮੈਂ ਤੇ ਭਗਤ ਸਿੰਘ ਰਲ ਜਾਵਾਂਗੇ ਤੇ ਅਸੀਂ ਦੋਵੇਂ ਤੈਨੂੰ ਕੁਟਾਂਗੇ । ਇਹ ਕੀ ਤਰੀਕਾ ਹੋਇਆ ? ਲਗੀ ਲਗਾਈ ਚੌਕੜੀ ਬਰਬਾਦ ਕਰ ਦਿਤੀ ਹੈ ਤੂੰ ।

ਪਰਤਾਪ–(ਪਹਿਲਾਂ ਨਾਲੋਂ ਗੰਭੀਰ ਹੋ ਕੇ) ਮੈਂ ਕੀਤੀ ਹੈ ਕਿ ਇਹਨੇ ਕੀਤੀ ਹੈ ?

ਭਗਤ ਸਿੰਘ–(ਪਰਤਾਪ ਦੀਆਂ ਚੋਭਾਂ ਨੂੰ ਮਹਿਸੂਸ ਕਰਦੇ ਹੋਏ) ਅਗੋਂ ਕਹਿੰਦਾ ਹੈ, 'ਮੇਰੀ ਬੀਬੀ ਕੋਈ ਤੇਰੀ ਬੀਬੀ ਵਰਗੀ ਹੈ ।'

ਪਰਤਾਪ–ਮੇਰੀ ਬੀਬੀ ਨਿਕੀ ਨਿਕੀ ਗਲ ਦੇ ਨੁਕਸ ਨਹੀਂ ਕਢਦੀ, ਤੇਰੀ ਬੀਬੀ ਵਾਂਗੂੰ ।

ਭਗਤ ਸਿੰਘ–(ਹਾਲੀ ਵੀ ਚਿੜਿਆ ਹੋਇਆ) ਪਤਾ ਹੈ ਮੈਨੂੰ। ਜਿਸ ਦਿਨ ਦਾਲ ਨੂੰ ਜ਼ਰਾ ਥੱਲਾ ਲਗ ਗਿਆ ਸੀ ਤਾਂ ਕੀ ਕੀ ਕਹਿੰਦੀ ਤੈਨੂੰ ? ਮੈਂ ਸਭ ਕੁਝ ਸੁਣ ਰਿਹਾ ਸਾਂ।

ਪਰਤਾਪ–(ਦੂਜੇ ਦਾ ਨੁਕਸ ਕਢਦੇ ਹੋਏ) ਤੇ ਤੂੰ ਜਿਸ ਦਿਨ ਰੋਟੀ ਦੀ ਦੇਰ ਕਰ ਦਿਤੀ ਸੀ ਉਸ ਦਿਨ ਤੇਰਾ ਕੀ ਹਾਲ ਹੋਇਆ ਸੀ ?

ਭਗਤ ਸਿੰਘ–ਉਸ ਦਿਨ ਤਾਂ ਬਾਬੂ ਜੀ ਨੂੰ ਦਫਤਰ ਦੀ ਦੇਰ ਹੋ ਗਈ ਸੀ। ਜੇ ਉਹ ਗੁਸੇ ਹੋਏ ਸਨ ਤਾਂ ਕੋਈ ਐਵੇਂ ਤਾਂ ਨਹੀਂ ਸਨ ਹੋਏ।

ਪਰਤਾਪ–(ਚਿੜ ਕੇ) ਐਵੇਂ ਤਾਂ ਨਹੀਂ ਸਨ ਹੋਏ, ਐਵੇਂ ਤਾਂ ਨਹੀਂ ਸਨ ਹੋਏ। ਮੈਨੂੰ ਪਤਾ ਹੈ ਜਿਹੜੀ ਤੇਰੀ ਇਜ਼ਤ ਹੁੰਦੀ ਹੈ। ਦੋ ਮਿੰਟ ਬਜ਼ਾਰੋਂ ਮੁੜਦਿਆਂ ਜ਼ਰਾ ਦੇਰ ਹੋ ਜਾਏ, ਤਾਂ ਬੀਬੀ ਝਟ ਪੁਛਣ ਲਗ ਜਾਂਦੀ ਹੈ, (ਨਕਲ ਕਰਨ ਦੇ ਲਹਿਜੇ ਵਿਚ) 'ਦੇਰ ਕਿਉਂ ਹੋ ਗਈ ਹੈ ? ਤੇਰੇ ਕੋਲੋਂ ਤੁਰਿਆ ਨਹੀਂ ਜਾਂਦਾ ? ਰਸਤੇ ਵਿਚ ਗਪਾਂ ਮਾਰਨ ਲਗ ਪਿਆ ਸੈਂ ?'

ਭਗਤ ਸਿੰਘ–(ਫੇਰ ਮਚਦੇ ਹੋਏ) ਵੇਖ, ਉਏ, ਸੰਭਲ ਕੇ ਗਲ ਕਰ। ਮੇਰੀ ਬੀਬੀ ਦੀਆਂ ਨਕਲਾਂ ਲਾਈਆਂ ਤਾਂ ਮੈਂ ਸਿਰ ਫਾੜ ਦਿਆਂਗਾ ਤੇਰਾ।

ਲਾਲ ਚੰਦ–ਉਏ, ਮਤ ਮਾਰੀ ਹੋਈ ਹੈ ਤੁਹਾਡੀ। ਬੀਬੀਆਂ ਆਪੋ ਆਪਣੇ ਬਾਬੂਆਂ ਦੀਆਂ,ਤੁਸੀਂ, ਖਾਹ ਮਖਾਹ ਕਿਉਂ ਇਕਦੂਜੇ ਦਾ ਸਿਰ ਫਾੜਨ ਲਗੇ ਹੋ ?

ਇਹ ਸੁਣ ਕੇ ਦੋਵੇਂ ਜ਼ਰਾ ਢਿਲੇ ਪੈ ਜਾਂਦੇ ਹਨ।

ਭਗਤ ਸਿੰਘ–(ਪਹਿਲਾਂ ਨਾਲੋਂ ਧੀਮੀ ਆਵਾਜ਼ ਵਿਚ) ਫੇਰ ਇਹ

ਕਿਉਂ ਇਸ ਤਰ੍ਹਾਂ ਨਕਲਾਂ ਲਾਂਦਾ ਹੈ ? ਇਹ ਕੋਈ ਤਰੀਕਾ ਹੈ ?

ਲਾਲ ਚੰਦ—ਤੇ ਤੇਰਾ ਕੀ ਵਿਗੜ ਚਲਿਆ ਹੈ ? ਨਕਲਾਂ ਲਾਂਦਾ ਹੈ ਤਾਂ ਲਾਵੇ ਪਿਆ। ਤੂੰ ਵੀ ਇਹਦੀ ਬੀਬੀ ਦੀ ਨਕਲ ਲਾ ਲੈ।

ਭਗਤ ਸਿੰਘ—ਨਾ ਮੈਂ ਨਕਲ ਲਾਣੀ ਹੈ ਤੇ ਨਾ ਮੈਂ ਲਾਣ ਦੇਣੀ ਹੈ।

ਪਰਤਾਪ-(ਸ਼ੋਖ਼ੀ ਨਾਲ) ਆ ਗਿਆ ਵਡਾ ਖੈਰ-ਖਾਹ ਮਾਲਕਾਂ ਦਾ ! ਅਸੀਂ ਨਹੀਂ ਭਲਾ ਨੌਕਰੀ ਕਰਦੇ, ਤੂੰ ਕੋਈ ਨਵੀਂ ਨੌਕਰੀ ਕਰਦਾ ਹੈਂ।

ਭਗਤ ਸਿੰਘ—ਜੋ ਮਰਜ਼ੀ ਪਿਆ ਹੋਵੇ, ਮੈਂ ਨਹੀਂ ਇਹਨੂੰ ਨਕਲ ਲਾਣ ਦੇਣੀ।

ਪਰਤਾਪ—ਮੈਂ ਨਕਲ ਲਾਵਾਂਗਾ, ਲਾਵਾਂਗਾ। ਜੋ ਕਰਨਾ ਈ ਕਰ ਲੈ ਮੇਰਾ।

ਭਗਤ ਸਿੰਘ—ਤੂੰ ਨਕਲ ਲਾ ਤਾਂ ਸਹੀ। ਮੈਂ ਹੁਣੇ ਤੇਰੀਆਂ ਜਾਭਾਂ ਨਾ ਭੰਨ ਦਿਤੀਆਂ ਤਾਂ !

ਪਰਤਾਪ—(ਤਾਅਨੇ ਬਾਜ਼ੀ ਵਿਚ ਆ ਕੇ ਨਕਲ ਲਾਂਦੇ ਹੋਏ) ਬੀਬੀ ਜੀ, ਨਿਟੂ ਨੂੰ ਟਟੀ ਆਈ ਹੈ।

ਭਗਤ ਸਿੰਘ—(ਪਰਤਾਪ ਉਪਰ ਪਿਲਦੇ ਹੋਏ) ਹਰਾਮਜ਼ਾਦਾ, ਕੁਤੇ ਦਾ ਪੁਤਰ.........

ਦੋਵੇਂ ਆਪਸ ਵਿਚ ਗੁਥਮ-ਗੁਥਾ ਹੋ ਜਾਂਦੇ ਹਨ ਤੇ ਇਕ ਦੂਜੇ ਦੇ ਮਗਰ ਦੌੜਦੇ ਹਨ।

ਲਾਲ ਚੰਦ—(ਜ਼ਰਾ ਜਿਹਾ ਮੁਸਕਰਾ ਕੇ) ਮੁਨਸ਼ੀ, ਅਗੇ ਹੋ ਕੇ ਲੜਾਈ

ਬੰਦ ਕਰਵਾ।

ਮੁਨਸ਼ੀ-(ਮੂੰਹ ਬਣਾ ਕੇ) ਮੈਂ ਨਹੀਂ ਨੇੜੇ ਜਾਂਦਾ, ਮੈਨੂੰ ਹਾਲੀ ਅਗਲੀ ਸਟ ਨਹੀਂ ਭੁਲੀ।

ਲਾਲ ਚੰਦ-(ਦੋਹਾਂ ਨੂੰ ਫੜਦੇ ਹੋਏ, ਉਹ ਹਾਲੀ ਵੀ, ਇਕ ਦੂਜੇ ਦਾ ਪਿੱਛਾ ਕਰ ਰਹੇ ਹਨ। ਸੋ ਲਾਲ ਚੰਦ ਨੂੰ ਵੀ ਪਿਛੇ ਦੌੜਨਾ ਪੈਂਦਾ ਹੈ। ਉਹ ਭਗਤ ਸਿੰਘ ਨੂੰ ਫੜ ਲੈਂਦਾ ਹੈ, ਪਰ ਭਗਤ ਸਿੰਘ ਨੇ ਪਰਤਾਪ ਨੂੰ ਫੜਿਆ ਹੋਇਆ ਹੈ) ਉਏ ਰਹਿਣ ਵੀ ਦੇਵੋ। ਤੁਸੀਂ ਤਾਂ ਬਿਲਕੁਲ ਹੀ ਬੇਵਕੂਫ ਹੋ ਗਏ ਹੋ। ਕੋਈ ਸੁਣੇ ਤਾਂ ਕੀ ਆਖੇ?

ਪਰਤਾਪ-(ਜਿਹਨੂੰ ਭਗਤ ਸਿੰਘ ਨੇ ਫੜਿਆ ਹੋਇਆ ਹੈ, ਪਰ ਉਹ ਫੇਰ ਵੀ ਮੁਕਾਬਲਾ ਨਹੀਂ ਕਰ ਰਿਹਾ ਕਿਉਂਕਿ ਉਹਦੀ ਨੀਅਤ ਹੁਣ ਲੜਨ ਦੀ ਨਹੀਂ, ਸਿਰਫ਼ ਭਗਤ ਸਿੰਘ ਨੂੰ ਛੇੜਨ ਦੀ ਹੈ) ਚੌਧਰੀ, ਮੈਂ ਤਾਂ ਕੰਬਲ ਨੂੰ ਛਡਦਾਂ, ਪਰ ਕੰਬਲ ਹੀ ਮੈਨੂੰ ਨਹੀਂ ਛਡਦਾ।

ਲਾਲ ਚੰਦ-(ਭਗਤ ਸਿੰਘ ਨੂੰ) ਭਗਤ ਸਿੰਘ, ਤੂੰ ਹੀ ਜਾਣ ਦੇ, ਇਹ ਕੋਈ ਤਰੀਕਾ ਹੈ। ਬੀਬੀਆਂ ਪਿਛੇ ਲੜੀ ਜਾਂਦੇ ਹੋ, ਸਹੁਰਿਓ।

ਭਗਤ ਸਿੰਘ-(ਜਿਸ ਨੇ ਪਰਤਾਪ ਦੀ ਛੇੜ-ਖ਼ਾਨੀ ਨੂੰ ਛੇੜ-ਖ਼ਾਨੀ ਨਹੀਂ ਸਮਝਿਆ, ਸਗੋਂ ਆਪਣੀ ਇਜ਼ਤ ਉਪਰ ਹਮਲਾ ਸਮਝਿਆ ਹੈ) ਇਹਦਾ ਮਤਲਬ ਕੀ ਹੈ ਮੇਰੀ ਬੀਬੀ ਦੇ ਖਿਲਾਫ ਗਲਾਂ ਕਰਨ ਦਾ। ਮੈਂ ਇਹਨੂੰ ਮਾਰ ਛਡਣਾ ਹੈ। (ਪਰਤਾਪ ਨੂੰ ਦੋ, ਤਿੰਨ, ਚਾਰ ਮੁਕੇ ਮਾਰਦਾ ਹੈ, ਪਰ ਉਹ ਅਗੋਂ ਮੁਕਾਬਲਾ ਨਹੀਂ ਕਰਦਾ, ਸਗੋਂ ਹਸ ਛਡਦਾ ਹੈ) ਨਿਟੂ ਦੇ ਮੈਨੂੰ ਮਖੌਲ ਕਰਦਾ ਹੈ।

ਪਰਤਾਪ-ਚੌਧਰੀ, ਵੇਖ ਲੈ। ਮੈਂ ਇਹਨੂੰ ਕੁਝ ਨਹੀਂ ਪਿਆ ਆਖਦਾ ਤੇ

ਇਹ ਸਗੋਂ ਸਿਰ ਤੇ ਹੀ ਚੜ੍ਹੀ ਜਾਂਦਾ ਹੈ।

ਭਗਤ ਸਿੰਘ—ਤੂੰ ਕਿਉਂ ਮੈਨੂੰ ਨਿਟੂ ਦਾ ਮਖੌਲ ਕੀਤਾ ਸੀ ?

ਪਰਤ ਪ—ਨਿਟੂ ਦਾ ਹੀ ਕੀਤਾ ਸੀ, ਤੇਰੀ ਬੀਬੀ ਦਾ ਥੋੜ੍ਹਾ ਕੀਤਾ ਸੀ ?

ਲਾਲ ਚੰਦ—ਆਹੋ, ਠੀਕ ਕਹਿੰਦਾ ਹੈ । (ਆਪ ਸਵਾਦ ਲੈਂਦੇ ਹੋਏ) ਇਹਨੇ ਤਾਂ ਇਹੋ ਕਿਹਾ ਸੀ, 'ਨਿਟੂ ਨੂੰ ਟਣੀ ਆਈ ਹੈ', ਹੋਰ ਤਾਂ ਕੁਝ ਨਹੀਂ ਸੀ ਕਿਹਾ।

ਭਗਤ ਸਿੰਘ—(ਭਰਿਆ ਪੀਤਾ ਹੋਇਆ) ਤੇਰੀ ਬੀਬੀ ਹੈ ਕੀ, ਉਏ ? ਬਿਲਕੁਲ ਠਿਗਣੀ ਜਿਹੀ !ਤੁਰਦੀ ਹੈ ਤਾਂ ਇਵੇਂ ਲਗਦਾ ਏ ਜਿਵੇਂ ਕੋਈ ਪੁਰਾਣਾ ਲੇਡੀ ਸਾਈਕਲ ਰਿੜ੍ਹਦਾ ਆਂਦਾ ਪਿਆ ਹੋਵੇ।

ਪਰਤਾਪ—ਉਏ, ਜ਼ਬਾਨ ਸੰਭਾਲ ਕੇ ਗਲ ਕਰ, ਨਹੀਂ ਤਾਂ............

ਭਗਤ ਸਿੰਘ- (ਪਰਤਾਪ ਦੀ ਗਲ ਦੀ ਪਰਵਾਹ ਨਾ ਕਰਦੇ ਹੋਏ) ਸਾਡੀ ਬੀਬੀ ਜਦੋਂ ਬਣ ਠਣ ਕੇ ਬਾਹਰ ਨਿਕਲਦੀ ਹੈ, ਤਾਂ ਲੋਕੀ ਪਿਛੇ ਮੁੜ ਮੁੜ ਕੇ ਤਕਦੇ ਨੇ ਕਿ ਕੌਣ ਤੁਰੀ ਜਾਂਦੀ ਹੈ।

ਪਰਤਾਪ—(ਮਸ਼ਕਰੀ ਵਾਲਾ ਹਾਸਾ ਹਸਦਾ ਹੈ) ਆਹ, ਹਾ, ਹਾ......ਤੇ ਜਿਹੜੀਆਂ ਲੋਕ ਪਿਛੋਂ ਗਲਾਂ ਬਣਾਂਦੇ ਨੇ, ਉਹ ਵੀ ਸੁਣਿਆ ਕਰ।

ਬਾਕੀ ਸਾਰੇ ਹਸ ਪੈਂਦੇ ਹਨ। ਭਗਤ ਸਿੰਘ ਛਿਥਾ ਪੈ ਜਾਂਦਾ ਹੈ।

ਭਗਤ ਸਿੰਘ—ਚਲ, ਉਏ, ਬਕਵਾਸ ਨਾ ਕਰ। ਕਿਸੇ ਦੀ ਕੀ ਮਜਾਲ ਹੈ ਕੋਈ ਗਲ ਕਹਿ ਜਾਵੇ। ਮੈਂ ਸਿਰ ਨਾ ਭੰਨ ਦੇਵਾਂ ਉਹਦਾ।

ਪਰਤਾਪ—ਪਤਾ ਹੈ ਮੈਨੂੰ ਤੇਰਾ। ਵਡਾ ਨਿਮਕ ਹਲਾਲ ! ਜਦੋਂ ਮਾਲਕਾਂ ਦੀ ਰਦੀ ਲੁਕ ਲੁਕ ਕੇ ਵੇਚਦਾ ਹੁੰਦਾ ਏਂ ਤਾਂ ਤੇਰੀ ਨਿਮਕ-ਹਲਾਲੀ ਕਿਥੇ ਹੁੰਦੀ ਹੈ ?

ਭਗਤ ਸਿੰਘ–ਤੈਨੂੰ ਕੀ ਲਗੇ ਇਸ ਗਲ ਨਾਲ ? ਮੈਂ ਜਾਣਾਂ ਤੇ ਮੇਰਾ ਕੰਮ ਜਾਣੇ। ਤੂੰ ਜਾ ਤੇ ਮਾਲਕਾਂ ਦੇ ਠੁਡੇ ਖਾ।

ਪਰਤਾਪ–ਮੈਨੂੰ ਠੁਡਾ ਮਾਰ ਕੇ ਤਾਂ ਵੇਖੇ ਕੋਈ। ਮੈਂ ਉਸੇ ਵੇਲੇ ਉਹਦਾ ਪੈਰ ਨਾ ਟੁਕ ਲਵਾਂ ਤਾਂ......

ਭਗਤ ਸਿੰਘ–ਕਿਵੇਂ ਪੰਜ ਰੁਪੈ ਜੁਰਮਾਨਾ ਭਰਿਆ ਸੀ ਤੂੰ, ਤੇ ਕੁਸਕਿਆ ਤਕ ਨਹੀਂ ਸੈਂ। ਮੈਨੂੰ ਕਦੀ ਜੁਰਮਾਨਾ ਤਾਂ ਨਹੀਂ ਹੋਇਆ। ਹਰ ਚੀਜ਼ ਘਰ ਵਿਚ ਖੁਲ੍ਹੀ ਪਈ ਹੁੰਦੀ ਹੈ। ਕਿਸੇ ਨੂੰ ਤਾਲਾ ਨਹੀਂ ਲਗਿਆ ਹੁੰਦਾ। ਜੋ ਮਰਜ਼ੀ ਖਾਈਏ ਜਾਂ ਨਾ ਖਾਈਏ।

ਪਰਤਾਪ–(ਚੁੰਝ ਲੜਾਂਦੇ ਹੋਏ) ਇਸੇ ਵਾਸਤੇ ਚਾਹ ਮੇਰੇ ਘਰ ਆ ਕੇ ਪੀਂਦਾ ਹੁੰਦਾ ਏਂ।

ਲਾਲ ਚੰਦ–ਉਹ ਸ਼ਾਇਦ ਮਾਲਕਾਂ ਦੇ ਭਲੇ ਵਾਸਤੇ ਪੀਂਦਾ ਹੈ।

ਸਾਰੇ ਹਸ ਪੈਂਦੇ ਹਨ, ਜਿਸ ਨਾਲ ਭਗਤ ਸਿੰਘ ਹੋਰ ਭਖਦਾ ਹੈ।

ਭਗਤ ਸਿੰਘ–ਤੇਰੀ ਬੀਬੀ ਵਰਗੀ ਕੰਜੂਸ ਤਾਂ ਸਾਰੇ ਸ਼ਹਿਰ ਵਿਚ ਨਹੀਂ ਹੋਣੀ। ਸਾਡੇ ਕਿਸੇ ਸ਼ੈ ਦਾ ਘਾਟਾ ਨਹੀਂ। ਰੋਟੀਆਂ ਹੁੰਦੀਆਂ ਨੇ ਤਾਂ ਬਾਰਾਂ ਬਾਰਾਂ ਖਾਣੇ ਪਕਦੇ ਨੇ। ਹਰ ਰੋਜ਼ ਹੀ ਕੋਈ ਨਾ ਕੋਈ ਮਹਿਮਾਨ ਆਇਆ ਰਹਿੰਦਾ ਹੈ। ਇਥੇ ਕੋਈ ਕੰਜੂਸ ਮਖੀ-ਚੂਸ ਨਹੀਂ।

ਪਰਤਾਪ–(ਜ਼ਰਾ ਜ਼ਿਆਦਾ ਖਿਝ ਕੇ) ਚਲ ਉਏ। ਬਹੁਤੀ ਟਰ ਟਰ ਨਾ ਕਰ। ਵਡਾ ਸਿਫ਼ਤਾਂ ਕਰਨ ਲਗਾ ਹੈ ਮਾਲਕਾਂ ਦੀਆਂ। ਜੇ ਐਡਾ ਹੀ ੈਰ-ਖਾਹ ਸੈਂ ਉਹਨਾਂ ਦਾ ਤਾਂ ਉਹਨਾਂ ਕਢਿਆ ਹੀ ਕਿਉਂ ?

ਭਗਤ ਸਿੰਘ–(ਜਿਵੇਂ ਉਹਨੂੰ ਬਿਜਲੀ ਲਗੀ ਹੋਵੇ। ਪਰ ਝਟ ਹੀ ਸੰਭਲ ਜਾਂਦਾ ਹੈ) ਕਢਿਆ, ਕਢਿਆ ਕਿਸ ਨੇ? ਮੈਂ ਤਾਂ ਐਵੇਂ ਗਪ ਮਾਰੀ ਸੀ ਤੁਹਾਡੇ ਨਾਲ।

ਪਰਤਾਪ–(ਕ੍ਰਿਤਣ ਨਾਲ) ਗਪ ਤੂੰ ਹੁਣ ਪਿਆ ਮਾਰਦਾ ਹੈਂ। ਤੈਨੂੰ ਕਢ ਦਿਤਾ ਗਿਆ ਹੈ ਤੇ ਹੁਣ ਤੂੰ ਇਹ ਗਲ ਲੁਕਾਂਦਾ ਪਿਆ ਹੈਂ।

ਭਗਤ ਸਿੰਘ–(ਪਹਿਲਾਂ ਨਾਲੋਂ ਜ਼ਿਆਦਾ ਵਿਸ਼ਵਾਸ਼ ਨਾਲ) ਜੇ ਮੈਂ ਲੁਕਾਣੀ ਹੁੰਦੀ ਤਾਂ ਮੈਂ ਦਸਦਾ ਹੀ ਕਿਉਂ? ਮੈਂ ਤਾਂ ਐਵੇਂ ਤੁਹਾਡੇ ਨਾਲ ਮਖੌਲ ਕੀਤਾ ਸੀ।

ਪਰਤਾਪ–ਮਖੌਲ! ਆਪੇ ਸ਼ਾਮ ਨੂੰ ਪਤਾ ਲਗ ਜਾਏਗਾ ਜਦੋਂ ਬੀਬੀ ਨੇ ਇਸਤਰਾ ਚੁਕਾ ਕੇ ਰਵਾਨਾ ਕਰ ਦਿਤਾ। ਫੇਰ ਰੋਟੀ ਖਾਣ ਨਾ ਆ ਜਾਈਂ ਮੇਰੇ ਕੋਲ।

ਭਗਤ ਸਿੰਘ–ਤੇਰੇ ਕੋਲ ਆਣਾ ਹੀ ਕਿਸ ਨੇ ਹੈ? ਮੈਂ ਇਥੇ ਹੀ ਰਹਾਂਗਾ, ਇਹ ਮੇਰਾ ਆਪਣਾ ਘਰ ਹੈ।

ਪਰਤਾਪ–ਵੇਖ ਲਵਾਂਗੇ।

ਭਗਤ ਸਿੰਘ–ਵੇਖ ਲਵੀਂ! (ਪਹਿਲੀ ਕਹੀ ਗਲ ਨੂੰ ਹੌਲਿਆਂ ਪਾਣ ਦੀ ਨੀਅਤ ਨਾਲ) ਮੈਂ ਸੋਚਿਆ, ਤੁਸੀਂ ਤਾਂ ਰੋਜ਼ ਹੀ ਇਥੇ ਚੌਕੜੀ ਜਮਾ ਕੇ ਬਹਿ ਜਾਇਆ ਕਰਨਾ ਹੈ ਤੇ ਮੈਂ ਕੀ ਕਰਾਂਗਾ। ਸੋ ਮੈਨੂੰ ਖਿਆਲ ਆਇਆ ਇਹਨਾਂ ਨਾਲ ਅਜ ਇਹ ਹਥ ਕਰ ਕੇ ਤਾਂ ਵੇਖੋ, ਭਲਾ ਕੀ ਬਣਦਾ ਹੈ।

ਲਾਲ ਚੰਦ–ਅਛਾ, ਪੁਤਰ, ਸਾਡੇ ਨਾਲ ਹਥ। ਚੌਧਰੀਆਂ ਨਾਲ ਹਥ ਕਰਨ ਵਾਲੇ ਸਦਾ ਨੁਕਸਾਨ ਹੀ ਪਾਂਦੇ ਹਨ।

ਭਗਤ ਸਿੰਘ–ਚੌਧਰੀ ਜੀ, ਇਹ ਤਾਂ ਮਖੌਲ ਸੀ। ਕੋਈ ਸਚੀ ਮੁਚੀ ਦੀ ਗਲ ਥੋੜੀ ਸੀ। ਤੁਹਾਡੇ ਨਾਲ ਇਸ ਤਰ੍ਹਾਂ ਦੀ ਗਲ ਕਰ ਕੇ

ਅਸੀਂ ਇਥੇ ਰਹਿ ਸਕਦੇ ਹਾਂ।

ਲਾਲ ਚੰਦ–ਮਖੌਲ ਤੂੰ ਕੀਤਾ ਸੀ। ਹੁਣ ਭਾਵੇਂ ਪਤਾ ਲਗ ਗਿਆ ਹੈ।

ਪਰਤਾਪ–ਇਹ ਮਖੌਲ ਨਹੀਂ। ਇਹ ਸਚੀ ਗਲ ਹੈ। ਜ਼ਰੂਰ ਇਹਨੂੰ ਬੀਬੀ ਨੇ ਕਢ ਦਿਤਾ ਹੈ, ਹੁਣ ਇਹ ਝੂਠ ਪਿਆ ਬੋਲਦਾ ਹੈ।

ਭਗਤ ਸਿੰਘ–(ਚਿੜਦੇ ਹੋਏ) ਚੁਪ ਓਏ। ਬਹੁਤੀ ਬਕਵਾਸ ਨਾ ਕਰ।

ਪਰਤਾਪ–(ਭਗਤ ਸਿੰਘ ਦੇ ਗੁਸੇ ਦੀ ਪਰਵਾਹ ਨਾ ਕਰਦੇ ਹੋਏ) ਪਹਿਲਾਂ ਇਹਨੇ ਸਚ ਕਿਹਾ ਸੀ, ਹੁਣ ਇਹ ਝੂਠ ਪਿਆ ਬੋਲਦਾ ਹੈ।

ਲਾਲ ਚੰਦ–ਚਲੋ, ਝੂਠ ਸਚ ਦਾ ਫ਼ੈਸਲਾ ਆਪੇ ਸ਼ਾਮ ਨੂੰ ਹੋ ਜਾਵੇਗਾ। ਹੋਰ ਕੁਝ ਨਹੀਂ ਤਾਂ ਇਕ ਅਧੀ ਬਾਜ਼ੀ ਤਾਂ ਹੋਰ ਲਾ ਲਈਏ।

ਪਰਤਾਪ–ਤੈਨੂੰ ਤਾਂ ਬਸ ਹਰ ਵੇਲੇ ਤਾਸ਼ ਦੀ ਹੀ ਪਈ ਰਹਿੰਦੀ ਹੈ।

ਲਾਲ ਚੰਦ–ਤੇ ਹੋਰ ਕਿਹਦੀ ਪਈ ਰਹੇ? ਆਪਣੀ ਬੀਬੀ ਦੀ! ਨਾ ਬਈ ਮੈਂ ਤਾਂ ਆਪਣੀ ਬੀਬੀ ਲਈ ਲੜਨ ਨੂੰ ਤਿਆਰ ਨਹੀਂ, ਤੁਸੀਂ ਭਾਵੇਂ ਉਹਨੂੰ ਜੋ ਮਰਜ਼ੀ ਪਏ ਆਖੋ।

ਪਰਤਾਪ–ਚੰਗਾ, ਇਕ ਅਧੀ ਬਾਜ਼ੀ ਹੋਰ ਲਾ ਹੀ ਲਵੋ।

ਭਗਤ ਸਿੰਘ–ਪਰ ਮੈਂ ਪਰਤਾਪ ਨੂੰ ਆਪਣਾ ਹਾਣੀ ਨਹੀਂ ਬਣਾਣਾ।

ਲਾਲ ਚੰਦ–ਕੀ ਬਚਿਆਂ ਵਾਲੀਆਂ ਗਲਾਂ ਕਰਦੇ ਹੋ। ਉਏ ਬੇਵਕੂਫੋ, ਬੀਬੀਆਂ ਪਿਛੇ ਲੜ ਪਏ ਹੋ? ਹੋਰ ਕੋਈ ਸੁਣੇ, ਤਾਂ ਤੁਹਾਡੀ ਅਕਲਮੰਦੀ ਤੇ ਹੈਰਾਨ ਹੋਵੇ।

ਭਗਤ ਸਿੰਘ–ਜੋ ਮਰਜ਼ੀ ਪਿਆ ਹੋਵੇ, ਮੈਂ ਇਹਨੂੰ ਆਪਣੇ ਨਾਲ ਨਹੀਂ ਖਿਡਾਣਾ।

ਪਰਤਾਪ–ਮੈਂ ਵੀ ਇਹਦਾ ਹਾਣੀ ਬਣਨ ਨੂੰ ਨਹੀਂ ਤਿਆਰ।

ਭਗਤ ਸਿੰਘ–ਮੈਂ ਮੁਨਸ਼ੀ ਨੂੰ ਨਾਲ ਖਿਡਾ ਲਵਾਂਗਾ, ਇਹਨੂੰ ਨਾਲ ਨਹੀਂ ਖਿਡਾਣਾ।

ਲਾਲ ਚੰਦ–ਉਏ ਐਡੇ ਪਕੇ ਤੁਸੀਂ ਬੇਲੀ ਹੁੰਦੇ ਸੀ, ਹੁਣ ਨਿਕੀ ਜਿਹੀ

ਗਲ ਪਿਛੇ ਪਾਟ ਗਏ ਹੋ।

ਭਗਤ ਸਿੰਘ—ਮੈਂ ਬਸ ਮੁਨਸ਼ੀ ਨੂੰ ਹੀ ਨਾਲ ਖਿਡਾਵਾਂਗਾ।

ਲਾਲ ਚੰਦ—ਚਲੋ, ਕਿਸੇ ਤਰ੍ਹਾਂ ਸਹੀ। ਇਕ ਦੋ ਬਾਜ਼ੀਆਂ ਤਾਂ ਹੋਰ ਹੋ ਜਾਣ। ਅਗੇ ਕੌਣ ਪਿਆ ਵੰਡਦਾ ਸੀ? ਭਗਤ ਸਿੰਘ, ਕੋਈ ਨਹੀਂ, ਐਤਕੀ ਮੈਂ ਹੀ ਵੰਡ ਦੇਂਦਾ ਹਾਂ। (ਵੰਡਦਾ ਹੈ) ਬੋਲ, ਬਈ ਭਗਤ ਸਿੰਘ, ਰੰਗ ਬੋਲ।

ਭਗਤ ਸਿੰਘ—ਚਿੜੀਆ।

ਮੁਨਸ਼ੀ—ਭਗਤ ਸਿੰਘ, ਮੈਨੂੰ ਤੂੰ ਨਾਲ ਖਿਡਾ ਤਾਂ ਲਿਆ ਹੈ, ਪਰ ਕਿਧਰੇ ਪਰਤਾਪ ਵਾਂਗ ਮੇਰੇ ਨਾਲ ਗੜ ਬੜ ਨਾ ਕਰ ਲਵੀਂ।

ਭਗਤ ਸਿੰਘ—(ਪਤੇ ਠੀਕ ਕਰਦਾ ਹੋਇਆ) ਉਇ, ਗੜ ਬੜ ਨਹੀਂ ਹੁੰਦੀ। ਤੂੰ ਖੇਡੀ ਚਲ।

ਮੁਨਸ਼ੀ—ਤੇਰਾ ਕੋਈ ਇਤਬਾਰ ਹੈ!

ਲਾਲ ਚੰਦ—(ਆਪਣੇ ਪਤੇ ਤਕ ਤਕ ਕੇ) ਐਤਕੀ ਰੰਗ ਚਿੜੀਆ ਏ। ਭਗਤ ਸਿੰਘ, ਲੈ ਫੇਰ ਤੈਨੂੰ ਮਾਰਾਂਗੇ।

ਭਗਤ ਸਿੰਘ—ਵੇਖਾਂਗੇ।

ਪਰਤਾਪ—ਵੇਖਾਂਗੇ।

ਭਗਤ ਸਿੰਘ—ਤੂੰ ਵਿਚ ਕਿਉਂ ਬੋਲਦਾ ਹੈਂ?

ਪਰਤਾਪ—ਕਿਉਂ, ਮੈਂ ਨਹੀਂ ਪਿਆ ਖੇਡਦਾ?

ਭਗਤ ਸਿੰਘ—ਚੋਧਰੀ, ਜੇ ਪਰਤਾਪ ਵਿਚ ਬੋਲੇਗਾ, ਤਾਂ ਮੈਂ ਨਹੀਂ ਖੇਡਾਂਗਾ।

ਲਾਲ ਚੰਦ—(ਅਫ਼ਸੋਸ ਨਾਲ) ਕੀ ਮਤ ਮਾਰੀ ਹੈ ਤੇਰੀ?

ਭਗਤ ਸਿੰਘ—ਬਸ, ਮੈਂ ਕਹਿ ਦਿਤਾ ਹੈ, ਮੈਂ ਨਹੀਂ ਖੇਡਾਂਗਾ।

ਲਾਲ ਚੰਦ—(ਮਿਨਤਾਂ ਕਰਦੇ ਹੋਏ) ਪਰਤਾਪ, ਯਾਰ, ਤੂੰ ਹੀ ਚੁਪ ਕਰ ਜਾ। ਭਗਤ ਸਿੰਘ ਨੂੰ ਤਾਂ ਪਤਾ ਨਹੀਂ ਅਜ ਕੀ ਹੋ ਗਿਆ ਹੈ।

ਪਰਤਾਪ–(ਆਪਣੀ ਵਲੋਂ ਬੜੀ ਦਯਾ ਕਰਦੇ ਹੋਏ) ਚੰਗਾ, ਕੁਝ ਨਹੀਂ ਕਹਿੰਦਾ।

ਭਗਤ ਸਿੰਘ–ਜੋ ਮਰਜ਼ੀ ਪਿਆ ਹੋਵੇ, ਤੁਹਾਨੂੰ ਕੀ ਇਸ ਗਲ ਨਾਲ।

ਲਾਲ ਚੰਦ–(ਬੇਸਬਰੇ ਹੋ ਕੇ) ਉਹ, ਹੋ ਵੀ ਗਈ ਗਲ, ਬਾਬਾ। ਹੁਣ ਰਹਿਣ ਵੀ ਦੇ। ਬਸ, ਇਹਨਾਂ ਗਲਾਂ ਗਲਾਂ ਵਿਚ ਹੀ ਦੋ ਸਰਾਂ ਹਾਰ ਗਿਆ ਏਂ ?

ਭਗਤ ਸਿੰਘ–(ਖਿਝਦੇ ਹੋਏ) ਇਹ ਮੁਨਸ਼ੀ ਬਸ ਸੁਤਾ ਹੀ ਰਹਿੰਦਾ ਹੈ। ਇਹਨੂੰ ਪਤਾ ਹੀ ਨਹੀਂ ਲਗਦਾ ਕਿ ਪੱਤਾ ਕਦੋਂ ਸੁਟਣਾ ਹੈ।

ਪਰਤਾਪ–ਤੂੰ ਆਪੇ ਹੀ ਆਪਣਾ ਹਾਣੀ ਚੁਣਿਆਂ ਸੀ।

ਭਗਤ ਸਿੰਘ–ਤੇਰਾ ਵਿਚ ਬੋਲਣ ਦਾ ਕੀ ਮਤਲਬ ਹੈ ?

ਮੁਨਸ਼ੀ–ਮੈਨੂੰ ਨਾਲ ਖਿਡਾਇਆ ਹੀ ਕਿਉਂ ਸੀ ਜੇ ਮਗਰੋਂ ਗਲਾਂ ਕਰਨੀਆਂ ਸਨ ?

ਲਾਲ ਚੰਦ–ਲੈ, ਇਹਨਾਂ ਗਲਾਂ ਗਲਾਂ ਵਿਚ ਤੂੰ ਬਾਜ਼ੀ ਹਾਰ ਗਿਆ ਏਂ। ਫੜਾ ਦੇ ਹੁਣ ਬਾਕੀ ਦੇ ਪੱਤੇ।

ਭਗਤ ਸਿੰਘ ਛੁਆ ਕੇ ਪੱਤੇ ਪਰੇ ਸੁਟ ਦੇਂਦਾ ਹੈ। ਲਾਲ ਚੰਦ ਪਤੇ ਕਠੇ ਕਰਦਾ ਹੈ।

ਇਨੇ ਨੂੰ ਪਰਤਾਪ ਗਾਂਦਾ ਹੈ :–

ਬਲੀਏ ਨੀ ਰੋਏਂਗੀ, ਚਪੇੜ ਖਾਏਂਗੀ,<br>
ਚੁਪ ਕਰਕੇ ਗਡੀ ਵਿਚ ਬਹਿ ਜਾ, ਰੋਏਂਗੀ, ਚਪੇੜ ਖਾਏਂਗੀ।

ਇਨੇ ਚਿਰ ਨੂੰ ਲਾਲ ਚੰਦ ਪਤੇ ਰਲਾ ਲੈਂਦਾ ਹੈ ਤੇ ਕਹਿੰਦਾ ਹੈ–

ਲਾਲ ਚੰਦ–ਭਗਤ ਸਿੰਘ, ਜੇ ਤਾਸ਼ ਖੇਡਣੀ ਹੋਵੇ, ਤਾਂ ਫੇਰ ਹੋਰ ਚੀਜ਼ਾਂ ਦਾ ਨਹੀਂ ਸੋਚੀਦਾ। ਇਕੋ ਪਾਸੇ ਹੀ ਧਿਆਨ ਦੇਣਾ ਪੈਂਦਾ ਹੈ।

ਭਗਤ ਸਿੰਘ–ਤੂੰ ਤਾਂ ਪੁਰਾਣਾ ਜੁਆਰੀਆ ਹੋਇਓਂ। ਸਾਨੂੰ ਵੀ ਨਾਲ ਖਰਾਬ ਕੀਤਾ ਹੈ (ਤਾਸ਼ ਦੇ ਪੱਤੇ ਜਿਹੜੇ ਉਹਨੂੰ ਲਾਲ ਚੰਦ ਨੇ ਵੰਡਣ ਲਈ ਫੜਾਏ ਸਨ, ਪਰੇ ਭੁਆ ਕੇ ਸੁਟਦਾ ਹੈ) ਮੈਂ ਨਹੀਂ ਖੇਡਣਾ। ਮੇਰਾ ਨਹੀਂ ਜੀ ਕਰਦਾ।

ਪਰਤਾਪ–ਜੀ ਭਲਾ ਕਿੰਜ ਕਰੇ। ਵਿਚੋਂ ਖੁਤ-ਖੁਤੀ ਲਗੀ ਹੋਈ ਹੈ ਕਿ ਰਾਤ ਨੂੰ ਰੋਟੀ ਕਿਥੋਂ ਮਿਲੇਗੀ।

ਭਗਤ ਸਿੰਘ–(ਤਪਦੇ ਹੋਏ) ਬਕਵਾਸ ਨਾ ਕਰ ਉਏ, ਸੂਰ ਦਾ ਪੁਤਰ।

ਪਰਤਾਪ–(ਜਿਸ ਨੂੰ ਇਨੀ ਗਰਮੀ ਦੀ ਉਮੀਦ ਨਹੀਂ ਸੀ)ਇਹ ਬਕਵਾਸ ਹੈ, ਇਹ ਬਕਵਾਸ ਹੈ। ਜੇ ਹਿੰਮਤ ਹੈ ਹੀ ਤਾਂ ਘਰ ਦੇ ਅੰਦਰ ਜਾ ਕੇ ਵਿਖਾ। ਬੀਬੀ ਨੇ ਤੈਨੂੰ ਜੁਤੀਆਂ ਮਾਰ ਮਾਰ ਕੇ ਹੁਣੇ ਕਢ ਨਾ ਦਿਤਾ ਤਾਂ........

ਭਗਤ ਸਿੰਘ–(ਵੰਗਾਰ ਵਿਚ ਆ ਕੇ) ਰਹੀ ਸ਼ਰਤ?

ਪਰਤਾਪ–ਰਹੀ ਸ਼ਰਤ।

ਭਗਤ ਸਿੰਘ–ਕਿਨੀ ਕਿਨੀ?

ਪਰਤਾਪ–ਦਸ ਦਸ ਰੁਪੈ।

ਭਗਤ ਸਿੰਘ–ਪਕੀ?

ਪਰਤਾਪ–ਪਕੀ।

ਭਗਤ ਸਿੰਘ–ਦੋਹਾਂ ਦਾ ਮੁਨਸਿਫ਼ ਚੌਧਰੀ।

ਪਰਤਾਪ–ਮਨਜ਼ੂਰ।

ਭਗਤ ਸਿੰਘ–ਕਢ ਪੈਸੇ।

ਪਰਤਾਪ–(ਜੇਬ ਵਿਚੋਂ ਹਥ ਮਾਰ ਕੇ) ਮੇਰੇ ਕੋਲ ਤਾਂ ਪੰਜ ਰੁਪੈ

ਨੇ।

ਲਾਲ ਚੰਦ—ਚਲ ਬਾਕੀ ਦੇ ਮੈਂ ਆਪ ਪਾ ਲਵਾਂਗਾ।

ਭਗਤ ਸਿੰਘ—ਇਹ ਰਹੇ ਮੇਰੇ ਦਸ ਰੁਪੈ।

ਪਰਤਾਪ—ਬੋਲ, ਕਿਨੇ ਚਿਰ ਵਿਚ ਆਏਂਗਾ ?

ਭਗਤ ਸਿੰਘ—ਇਹਦਾ ਕੀ ?

ਪਰਤਾਪ—ਇਹਦਾ ਕਿਉਂ ਨਹੀਂ ? ਜੇ ਤੂੰ ਅੰਦਰ ਰਾਤ ਤਕ ਬੈਠਾ ਰਹੇਂ ਤਾਂ ਅਸੀਂ ਵੀ ਇਥੇ ਰਾਤ ਤਕ ਟੰਗੇ ਰਹਾਂਗੇ ?

ਲਾਲ ਚੰਦ—ਨਾ ਬਾਬਾ, ਮੈਂ ਤਾਂ ਹਾਲੀ ਜਾ ਕੇ ਮਾਲਕਾਂ ਨੂੰ ਸ਼ਾਮ ਦੀ ਚਾਹ ਦੇਣੀ ਹੈ।

ਭਗਤ ਸਿੰਘ—ਚੰਗਾ, ਮੈਂ ਪੰਦਰਾਂ ਮਿੰਟ ਲਾਵਾਂਗਾ।

ਪਰਤਾਪ—ਪੰਦਰਾਂ, ਨਹੀਂ ਦਸ।

ਭਗਤ ਸਿੰਘ—ਨਹੀਂ, ਪੂਰੇ ਪੰਦਰਾਂ।

ਲਾਲ ਚੰਦ—ਭਗਤ ਸਿੰਘ, ਬਈ ਦਸ ਹੀ ਮਿੰਟ ਲਾਈਂ। ਕਿਧਰੇ ਇਹ ਨਾ ਹੋਵੇ ਕਿ ਤੇਰੀ ਨੌਕਰੀ ਪਕਿਆਂ ਕਰਾਂਦੇ ਕਰਾਂਦੇ ਅਸੀਂ ਆਪਣੀ ਹੀ ਕਚੀ ਕਰਵਾ ਲਈਏ।

ਭਗਤ ਸਿੰਘ—(ਬੜੇ ਵਿਸ਼ਵਾਸ਼ ਨਾਲ) ਮੇਰੀ ਨੌਕਰੀ ਪਕੀ ਹੀ ਪਕੀ ਹੈ, ਤੁਸੀਂ ਆਪਣੀਆਂ ਦਾ ਫ਼ਿਕਰ ਕਰੋ।

ਬਾਹਰ ਵਲ ਜਾਂਦਾ ਹੈ।

ਪਰਤਾਪ—(ਜਦੋਂ ਭਗਤ ਸਿੰਘ ਜਾ ਹੀ ਰਿਹਾ ਹੈ) ਜਾ, ਉਏ ਜਾ, ਮਗਰੋਂ ਲਹੇ। ਜੂਠ ਕਿਸੇ ਪਾਸੇ ਦੀ (ਹੋਰਾਂ ਵਲ ਮੂੰਹ ਕਰ ਕੇ) ਪਤਾ ਹੁਣ ਹੋਣਾ ਕੀ ਹੈ ?

ਲਾਲ ਚੰਦ—ਕੀ ਹੋਵੇਗਾ ?

ਪਰਤਾਪ—ਇਹਨੇ ਬੀਬੀ ਦੀਆਂ ਮਿਨਤਾਂ ਕਰਨੀਆਂ ਨੇ ਤੇ ਬੀਬੀ ਨੇ ਅਗੋਂ ਮੰਨਣਾ ਨਹੀਂ ।

ਲਾਲ ਚੰਦ—ਪਰ ਇਹ ਗਲ ਪਕੀ ਹੈ ਕਿ ਇਹਨੂੰ ਕਢ ਦਿਤਾ ਗਿਆ ਹੈ ?

ਪਰਤਾਪ—ਸੋਲਾਂ ਆਨੇ ਪਕੀ ਹੈ।

ਲਾਲ ਚੰਦ—ਪਰ ਕਿਸ ਤਰ੍ਹਾਂ ?

ਪਰਤਾਪ—ਮੈਨੂੰ ਪਤਾ ਹੈ, ਇਹਦਾ ਵੀ ਤੇ ਇਹਦੀ ਬੀਬੀ ਦਾ ਵੀ।

ਲਾਲ ਚੰਦ—ਇਹਦਾ ਇਹ ਮਤਲਬ ਥੋੜਾ ਹੈ ਕਿ ਇਹਨੂੰ ਜ਼ਰੂਰ ਹੀ ਕਢ ਦਿਤਾ ਗਿਆ ਹੋਣਾ ਹੈ ।

ਪਰਤਾਪ—ਚੌਧਰੀ, ਮੈਂ ਤੈਨੂੰ ਦਸਦਾਂ, ਹੋਇਆ ਕੀ ਹੋਣਾ ਹੈ। ਬੀਬੀ ਨੇ ਇਹਨੂੰ ਤਾਸ਼ ਖੇਡਣ ਤੋਂ ਮਨ੍ਹਾਂ ਕੀਤਾ ਹੋਣਾ ਹੈ। ਇਹ ਅਗੋਂ ਬੇਵਕੂਫ਼ ਜਿਹਾ ਆਕੜ ਪਿਆ ਹੋਣਾ ਹੈ। ਇਹ ਨਹੀਂ ਬਈ ਕੰਨੀ ਕਤਰਾ ਜਾਵਾਂ ਤੇ ਅਗੋਂ ਮੁਕਾਬਲਾ ਨਾ ਕਰਾਂ। ਬਸ ਬੀਬੀ ਨੇ ਝਟ ਕਢ ਦਿਤਾ ਹੋਣਾ ਹੈ।

ਲਾਲ ਚੰਦ—ਇਹ ਵੀ ਕੋਈ ਗਲ ਹੈ ? ਹਰ ਘਰ ਵਿਚ ਉਚੀ ਨੀਵੀਂ ਗਲ ਹੁੰਦੀ ਹੀ ਰਹਿੰਦੀ ਹੈ। ਜ਼ਰਾ ਜਿਹੀ ਗਲ ਹੋ ਜਾਵੇ ਤਾਂ ਨੌਕਰ ਨੂੰ ਜ਼ਰੂਰ ਕਢ ਹੀ ਦੇਈਦਾ ਹੈ ?

ਪਰਤਾਪ—ਪਰ ਇਹਦੀ ਬੀਬੀ ਬੜੀ ਸਖ਼ਤ ਹੈ ।

ਲਾਲ ਚੰਦ—ਫੇਰ ਤੇਰੀ ਬੀਬੀ ਕੋਲੋਂ ਡਾਢੀ ਹੋਈ ਨਾ ?

ਪਰਤਾਪ—ਇਹਦੇ ਵਿਚ ਕੀ ਸ਼ਕ ਹੈ।

ਲਾਲ ਚੰਦ—ਫੇਰ ਤੂੰ ਕਿਉਂ ਲੜਨ ਲਗ ਪਿਆ ਸੈਂ ਭਗਤ ਸਿੰਘ ਨਾਲ ? ਉਹ ਵੀ ਤਾਂ ਇਹੋ ਕਹਿੰਦਾ ਸੀ।

ਪਰਤਾਪ—ਲੜਿਆ ਕੌਣ ਸੀ ? ਮੈਂ ਤਾਂ ਐਵੇਂ ਮਸ਼ਕਰੀਆਂ ਪਿਆ ਕਰਦਾ ਸਾਂ। ਅਸਲੀ ਗਲ ਇਹ ਹੈ ਕਿ ਜੇ ਭਗਤ ਸਿੰਘ ਨੂੰ

ਕਿਸੇ ਗਲ ਤੇ ਗੁਸਾ ਆ ਜਾਵੇ ਤਾਂ ਉਹਨੂੰ ਅਗਾ ਪਿਛਾ ਭੁਲ ਜਾਂਦਾ ਹੈ ਤੇ ਬਸ ਲੜਨ ਹੀ ਲਗ ਪੈਂਦਾ ਹੈ।

ਲਾਲ ਚੰਦ–ਪਰ ਤੇਰਾ ਤਾਂ ਇਨਾ ਬੋਲੀ ਸੀ। ਤੂੰ ਖਾਮਖਾਹ ਹੀ ਉਹਨੂੰ ਪਟਾਣ ਲਗ ਪਿਉਂ।

ਪਰਤਾਪ–ਮੈਨੂੰ ਕੀ ਪਤਾ ਸੀ, ਅਜ ਇਨਾ ਪਿਟ ਪਵੇਗਾ। ਥੋੜਾ ਬਹੁਤਾ ਮਖੌਲ ਤਾਂ ਹਰ ਕੋਈ ਸਹਾਰ ਹੀ ਲੈਂਦਾ ਹੈ।

ਮੁਨਸ਼ੀ–ਅਜ ਐਵੇਂ ਹੀ ਭਗਤ ਸਿੰਘ ਲੜਨ ਲਗ ਪਿਆ ਸੀ।

ਪਰਤਾਪ–(ਆਪਣੀ ਚਾਲ ਦੀ ਪੁਸ਼ਟੀ ਹੁੰਦੀ ਵੇਖ ਕੇ) ਹਾਂ!

ਮੁਨਸ਼ੀ–ਬੀਬੀਆਂ ਦਾ ਭਲਾ ਕੀ ਹੈ? ਉਹ ਕੋਈ ਸਾਨੂੰ ਆਪਣਿਆਂ ਵਾਂਗ ਰਖਦੀਆਂ ਨੇ ਜੋ ਅਸੀਂ ਉਹਨਾਂ ਪਿਛੇ ਲੜਦੇ ਫਿਰੀਏ।

ਲਾਲ ਚੰਦ–(ਮੁਨਸ਼ੀ ਵਲ ਤਕ ਕੇ) ਮੁੰਡੇ ਦੀ ਉਮਰ ਕਚੀ ਹੈ, ਪਰ ਗਲ ਬੜੇ ਪਤੇ ਦੀ ਕੀਤੀ ਸੂ।

ਪਰਤਾਪ–ਦਿਸਣ ਦਾ ਹੀ ਛੋਟਾ ਹੈ, ਵਿਚੋਂ ਤਾਂ ਬੜਾ ਕਾਈਆਂ ਹੈ। ਜਾਹ ਉਇ, ਮੁਨਸ਼ੀ, ਭਗਤ ਸਿੰਘ ਪਿਛੇ ਜਾ ਕੇ ਵੇਖ ਕਿ ਕੀ ਪਿਆ ਹੁੰਦਾ ਹੈ।

ਮੁਨਸ਼ੀ–ਹਾਲੀ ਦਸ ਮਿੰਟ ਥੋੜੇ ਹੋਏ ਨੇ।

ਪਰਤਾਪ–ਨਹੀਂ ਹੋਏ ਤਾਂ ਕੀ ਹੋਇਆ? ਤੂੰ ਵੇਖ ਤਾਂ ਸਹੀ ਲੁਕ ਕੇ ਕਿ ਕੀ ਪਿਆ ਹੁੰਦਾ ਹੈ।

ਮੁਨਸ਼ੀ–ਮੈਨੂੰ ਡਰ ਲਗਦਾ ਹੈ।

ਪਰਤਾਪ–ਤੈਨੂੰ ਡਰ ਕਿਹੜੀ ਗਲ਼ ਦਾ ਲਗਦਾ ਹੈ? ਖਾ ਜਾਣਾ ਹੈ ਤੈਨੂੰ ਕਿਸੇ?

ਮੁਨਸ਼ੀ–(ਪਰਤਾਪ ਦੀ ਗਲ ਮੰਨਦਾ ਹੋਇਆ) ਬਾਹਰੋਂ ਬਾਹਰੋਂ ਝਾਤੀ ਮਾਰਾਂਗਾ ਫੇਰ।

ਪਰਤਾਪ–ਅੰਦਰ ਜਾਣ ਦੀ ਲੋੜ ਹੀ ਨਹੀਂ ।

ਮੁਨਸ਼ੀ–ਹਲਾ ।

ਭਗਤ ਸਿੰਘ ਪਿਛੇ ਜਾਂਦਾ ਹੈ, ਪਰ ਇੰਜ ਜਾਪਦਾ ਹੈ ਜਿਵੇਂ ਉਹਦਾ ਜਾਣ ਨੂੰ ਜੀ ਨਹੀਂ ਕਰਦਾ ।

ਪਰਤਾਪ–(ਉਚੀ ਆਵਾਜ਼ ਵਿਚ) ਉਏ, ਤੁਰ ਵੀ ਸਹੀ । ਕੀ ਮੌਤ ਪਈ ਪੈਂਦੀ ਹੈ ਤੈਨੂੰ ? (ਇੰਨੇ ਨੂੰ ਮੁਨਸ਼ੀ ਅਖੋਂ ਉਹਲੇ ਹੋ ਜਾਂਦਾ ਹੈ । ਲਾਲ ਚੰਦ ਵਲ ਤਕ ਕੇ) ਮੈਂ ਸ਼ਰਤ ਲਾ ਕੇ ਕਹਿੰਦਾ ਹਾਂ ਕਿ ਭਗਤ ਸਿੰਘ ਇਸ ਵੇਲੇ ਬੀਬੀ ਦੀਆਂ ਮਿੰਨਤਾਂ ਪਿਆ ਕਰਦਾ ਹੋਣਾ ਹੈ ।

ਲਾਲ ਚੰਦ–ਸ਼ਰਤ ਤਾਂ ਤੂੰ ਅਗੇ ਹੀ ਲਾਈ ਹੋਈ ਹੈ, ਹੋਰ ਹੁਣ ਨਵੀਂ ਲਾਣ ਲਗਾ ਹੈਂ ?

ਪਰਤਾਪ–ਬਈ, ਬਈ, ਉਹ ਤਾਂ ਮੈਨੂੰ ਭੁਲ ਹੀ ਗਿਆ ਸੀ ।

ਲਾਲ ਚੰਦ–ਭੁਲ ਗਿਆ ਸੀ ! ਪੁਤਰ, ਕਢ ਖਾਂ ਬਾਕੀ ਦੇ ਪੰਜ ਰੁਪਏ । ਤੈਨੂੰ ਤਾਂ ਹੁਣੇ ਹੀ ਭੁਲ ਗਿਆ ਏ । ਤੇ ਜੇ ਤੂੰ ਮਗਰੋਂ ਹਾਰ ਗਿਉਂ, ਤਾਂ ਮੈਂ ਕਿਹੜੀ ਮਾਂ ਨੂੰ ਮਾਸੀ ਆਖਦਾ ਫਿਰਾਂਗਾ ।

ਪਰਤਾਪ–(ਬੜੇ ਜ਼ੋਰ ਨਾਲ) ਮੈਂ ਇਹ ਸ਼ਰਤ ਕਦੀ ਵੀ ਨਹੀਂ ਹਾਰ ਸਕਦਾ ।

ਲਾਲ ਚੰਦ–ਸ਼ਰਤ ਸ਼ਰਤ ਹੀ ਹੁੰਦੀ ਹੈ । ਕੀ ਪਤਾ ਹੁੰਦਾ ਹੈ ਹਾਰਨ ਤੇ ਜਿਤਣ ਦਾ ?

ਮੁਨਸ਼ੀ ਮੁੜ ਕੇ ਆਉਂਦਾ ਹੈ ।

ਪਰਤਾਪ–ਮੁਨਸ਼ੀ, ਕੀ ਪਿਆ ਹੁੰਦਾਂ ਹੈ ਭਗਤ ਸਿੰਘ ਦਾ ?

ਮੁਨਸ਼ੀ–ਭਗਤ ਸਿੰਘ ਨਿਟੂ ਨੂੰ ਚੁਕ ਕੇ ਖਲੋਤਾ ਹੈ......

ਪਰਤਾਪ–(ਖ਼ੁਸ਼ੀ ਨਾਲ ਟਪ ਕੇ) ਨਿਟੂ ਨੂੰ ਚੁਕ ਕੇ ਖਲੋਤਾ ਹੈ ?

ਮੁਨਸ਼ੀ–ਤੇ ਨਾਲੇ ਬੀਬੀ ਦੀਆਂ ਮਿੰਨਤਾਂ ਪਿਆ ਕਰਦਾ ਹੈ ।

ਪਰਤਾਪ–(ਫੇਰ ਟਪ ਕੇ) ਤੇ ਮਿੰਨਤਾਂ ਪਿਆ ਕਰਦਾ ਹੈ ! (ਫੇਰ ਸਵਾਲ ਪੁਛਣ ਦੇ ਲਹਿਜੇ ਵਿਚ) ਤੇ ਬੀਬੀ ਕੀ ਪਈ ਕਰਦੀ ਹੈ ?

ਮੁਨਸ਼ੀ–ਉਹ ਚੁਲ੍ਹੇ ਵਿਚ ਫੂਕਾਂ ਪਈ ਮਾਰਦੀ ਹੈ ਤੇ ਅਗ ਪਈ ਬਾਲਦੀ ਹੈ ।

ਪਰਤਾਪ–(ਅਤਿਅੰਤ ਖ਼ੁਸ਼ੀ ਨਾਲ ਟਪ ਕੇ ਤੇ ਤਾੜੀਆਂ ਮਾਰ ਕੇ) ਚੌਧਰੀ, ਮੈਂ ਕੀ ਕਿਹਾ ਸੀ ?

ਲਾਲ ਚੰਦ–(ਨਿਮ੍ਹੀ ਤਰ੍ਹਾਂ) ਹਾਲੀ ਵੀ ਕੀ ਪਤਾ ਹੈ ? ਖੌਰੇ ਬੀਬੀ ਮਨ ਹੀ ਜਾਏ ?

ਪਰਤਾਪ–(ਹਿਕ ਤੇ ਹਥ ਮਾਰ ਕੇ ਕਹਿਣ ਦੇ ਅੰਦਾਜ਼ ਵਿਚ) ਕਦੇ ਨਹੀਂ ਮੰਨ ਸਕਦੀ ।

ਲਾਲ ਚੰਦ–ਤੂੰ ਕਿਵੇਂ ਕਹਿ ਸਕਦਾ ਏਂ ?

ਪਰਤਾਪ–ਮੈਨੂੰ ਪਕਾ ਯਕੀਨ ਹੈ ।

ਲਾਲ ਚੰਦ–ਦੂਜ ਦੇ ਮਨ ਦਾ ਕੁਝ ਪਤਾ ਨਹੀਂ ਹੁੰਦਾ ।

ਪਰਤਾਪ–(ਸ਼ੇਖ਼ੀ ਮਾਰਦਾ ਹੋਇਆ) ਭਗਤ ਸਿੰਘ ਭਾਵੇਂ ਨਿਟੂ ਦੇ ਸੁਖ ਲਈ ਵਾਸਤੇ ਪਿਆ ਪਾਵੇ, ਉਹ ਬੀਬੀ ਨਹੀਂ ਮੰਨਣ ਵਾਲੀ, ਨਹੀਂ ਮੰਨਣ ਵਾਲੀ ।

ਲਾਲ ਚੰਦ–(ਚਤਰਾਈ ਨਾਲ ਗਲ ਦਾ ਰੁਖ ਮੋੜਦੇ ਹੋਏ) ਜੇ ਤੇਰੀ ਬੀਬੀ ਹੁੰਦੀ ਤਾਂ ਮੰਨ ਜਾਂਦੀ ?

ਪਰਤਾਪ–(ਆਕੜ ਕੇ) ਤੇ ਮੰਨਦੀ ਕਿਵੇਂ ਨਾ ?

ਲਾਲ ਚੰਦ–(ਭੁਲਾਵਾ ਪਾਣ ਦੇ ਲਹਿਜੇ ਵਿਚ) ਫੇਰ ਭਗਤ ਸਿੰਘ ਦੀ ਬੀਬੀ ਤੇਰੀ ਬੀਬੀ ਕੋਲੋਂ ਚੰਗੀ ਹੋਈ ਨਾ ।

ਪਰਤਾਪ–(ਕੁਝ ਸ਼ਸ਼ੋ-ਪੰਜ ਵਿਚ) ਚੰਗੀ ਕਿਸ ਤਰ੍ਹਾਂ ?

ਲਾਲ ਚੰਦ–(ਪਹਿਲੇ ਹੀ ਲਹਿਜੇ ਵਾਂਗ) ਮੰਨਦੀ ਜੁ ਨਹੀਂ ਪਈ। ਇਹਦਾ ਮਤਲਬ ਹੈ, ਚੰਗਾ ਕਸ ਕੇ ਰਖਦੀ ਹੈ ਨੌਕਰਾਂ ਨੂੰ।

ਪਰਤਾਪ–(ਅਤਿ ਘਿਰਣਾਂ ਨਾਲ) ਉਏ ਜਾਣ ਵੀ ਦੇ। ਵਡੀ ਗਲ ਕਢੀ ਸੂ।

ਲਾਲ ਚੰਦ–ਅਛਾ, ਹੁਣੇ ਪਤਾ ਲਗ ਜਾਂਦਾ ਹੈ ਕਿ ਕੀ ਬਣਦਾ ਹੈ।

ਪਰਤਾਪ–ਉਹ ਮੈਂ ਪਹਿਲਾ ਹੀ ਦਸ ਦਿਤਾ ਹੈ। ਜੇ ਮੈਨੂੰ ਪੱਕਾ ਯਕੀਨ ਨਾ ਹੁੰਦਾ ਤਾਂ ਮੈਂ ਸ਼ਰਤ ਹੀ ਕਿਉਂ ਲਾਂਦਾ ?

ਲਾਲ ਚੰਦ–ਜੇ ਸ਼ਰਤ ਹਾਰ ਗਿਉਂ ?

ਪਰਤਾਪ–ਫੇਰ ਕੀ ਹੋ ਜਾਵੇਗਾ ?

ਲਾਲ ਚੰਦ–ਕੁਝ ਨਹੀਂ ਹੋਵੇਗਾ ?

ਪਰਤਾਪ–ਹੋਣਾ ਕੀ ਹੈ ?

ਲਾਲ ਚੰਦ–ਤੇਰੀ ਮੇਰੀ ਲਗ ਜਾਵੇ ?

ਪਰਤਾਪ–ਕਿੰਨੀ ਕਿੰਨੀ ?

ਲਾਲ ਚੰਦ–ਦਸ ਦਸ ਰੁਪੇ।

ਪਰਤਾਪ–(ਆਪਣੇ ਦਬੰਗ-ਪੁਣੇ ਵਿਚ ਹੀ) ਲਗ ਗਈ। (ਫੇਰ ਸੋਚ ਕੇ) ਪਰ ਕਿਸ ਹਿਸਾਬ ਨਾਲ ?

ਲਾਲ ਚੰਦ–ਉਏ ਹਿਸਾਬ ਕੀ ? ਜੇ ਭਗਤ ਸਿੰਘ ਸ਼ਰਤ ਜਿਤ ਗਿਆ, ਤਾਂ ਤੂੰ ਦਸ ਰੁਪਏ ਮੈਨੂੰ ਵੀ ਦੇ ਦੇਵੀਂ ਤੇ ਜੇ ਤੂੰ ਜਿਤ ਗਿਓਂ ਤਾਂ ਭਗਤ ਸਿੰਘ ਤਾਂ ਤੈਨੂੰ ਦਸ ਰੁਪੇ ਦੇਵੇਗਾ ਹੀ, ਮੇਰੇ ਕੋਲੋਂ ਵੀ ਦਸ ਲੈ ਲਵੀਂ।

ਪਰਤਾਪ–ਮਨਜ਼ੂਰ !

ਏਨੇ ਚਿਰ ਨੂੰ ਭਗਤ ਸਿੰਘ ਆਂਦਾ ਹੈ। ਚਿਹਰਾ ਉਹਦਾ ਲੁੱਥਿਆਂ ਹੋਇਆ ਹੈ ਤੇ ਚਾਲ ਉਹਦੀ ਵਿਚ ਵਿਸ਼ਵਾਸ ਕੋਈ ਨਹੀਂ। ਤਿਨਾਂ ਵਲ ਤਕਦਾ ਹੈ, ਫੇਰ ਬਿਨਾ ਕੁਝ ਬੋਲੇ ਦੇ ਬਾਹਰ ਵਲ ਦੌੜਦਾ ਹੈ।

ਪਰਤਾਪ—ਭਗਤ ਸਿੰਘ, ਉਏ ਭਗਤ ਸਿੰਘ ! (ਇਹ ਕਹਿਕੇ ਉਹ ਬੂਹੇ ਵਲ ਹੁੰਦਾ ਹੈ ਤਾਕਿ ਭਗਤ ਸਿੰਘ ਨੂੰ ਫੜ ਸਕੇ। ਲਾਲ ਚੰਦ ਵੀ ਵਾਜਾਂ ਮਾਰਦਾ ਹੈ।)

ਲਾਲ ਚੰਦ—ਭਗਤ ਸਿੰਘ, ਭਗਤ ਸਿੰਘ, ਉਏ ਗਲ ਤਾਂ ਦਸ। ਕੀ ਬਣਿਆ ਹੈ ?

ਮੁਨਸ਼ੀ—ਗਲ ਬਣੀ ਨਹੀਂ ਹੋਣੀ।

ਏਨੇ ਚਿਰ ਨੂੰ ਪਰਤਾਪ ਭਗਤ ਸਿੰਘ ਨੂੰ ਮੋੜ ਕੇ ਲੈ ਆਂਦਾ ਹੈ। ਭਗਤ ਸਿੰਘ ਦਾ ਮੂੰਹ ਥਲੇ ਵਲ ਨਿਵਿਆਂ ਹੋਇਆ ਹੈ ਤੇ ਸ਼ਰਮ ਨਾਲ ਉਹਦੀਆਂ ਅਖਾਂ ਉਪਰ ਨਹੀਂ ਉਠਦੀਆਂ। ਜਦ ਉਠਦੀਆਂ ਹਨ ਤਾਂ ਸਾਫ਼ ਦਿਸਦਾ ਹੈ ਕਿ ਉਹ ਕੁਝ ਕੁਝ ਗਿਲੀਆਂ ਹਨ।

ਲਾਲ ਚੰਦ—ਕੀ ਬਣਿਆ ਭਗਤ ਸਿੰਘ ?

ਭਗਤ ਸਿੰਘ—(ਡੂੰਘੀ ਪੀੜ ਨਾਲ) ਬੀਬੀ ਨਹੀਂ ਮੰਨੀ।

ਪਰਤਾਪ—ਨਹੀਂ ਮੰਨੀ ?

ਅਧੇ ਸੈਕੰਡ ਲਈ ਚੁਪ ਜਿਸ ਵਿਚ ਪਰਤਾਪ ਚੌਧਰੀ ਵਲ ਤਕਦਾ ਹੈ ਤੇ ਚੌਧਰੀ ਪਰਤਾਪ ਵਲ।

ਲਾਲ ਚੰਦ–ਨਿਕੂ ਦਾ ਵਾਸਤਾ ਪਾਇਆਂ ਵੀ ਨਹੀਂ ਮੰਨੀ ?

ਭਗਤ ਸਿੰਘ–(ਭਰੇ ਹੋਏ ਗਲੇ ਨਾਲ) ਕਿਸੇ ਗਲੇ ਨਹੀਂ ਮੰਨੀ।

ਪਰਤਾਪ-(ਭਗਤ ਸਿੰਘ ਨੂੰ ਥਾਪੀ ਮਾਰ ਕੇ) ਉਏ, ਫਿਕਰ ਨਾ ਕਰ ਤੂੰ ਭਗਤਿਆ। ਸ਼ਰਤ ਹਾਰਨ ਜਿਤਣ ਦੀ ਕੋਈ ਗਲ ਨਹੀਂ। ਰੋਟੀ ਤੂੰ ਮੇਰੇ ਘਰੋਂ ਖਾਈਂ ਜਿਨੇ ਤਕ ਕੋਈ ਹੋਰ ਨੌਕਰੀ ਨਹੀਂ ਮਿਲਦੀ, ਤੇ ਮੈਂ ਵੇਖਾਂਗਾ, ਕਿਹੜਾ ਨੌਕਰ ਇਹਨਾਂ ਦੇ ਘਰ ਵਿਚ ਟਿਕੇਗਾ। (ਛਾਤੀ ਤੇ ਹਥ ਮਾਰ ਕੇ) ਜੇ ਕੋਈ ਇਕ ਦਿਨ ਤੋਂ ਵਧ ਟਿਕ ਗਿਆ ਤਾਂ ਮੇਰਾ ਨਾਂ ਪਰਤਾਪ ਨਹੀਂ...... (ਘੁਟ ਕੇ ਭਗਤ ਸਿੰਘ ਨੂੰ ਜਫੀ ਪਾ ਲੈਂਦਾ ਹੈ। ਤੇ ਚੌਧਰੀ ਦੋਹਾਂ ਨੂੰ ਥਾਪੀ ਦੇਂਦਾ ਹੈ)।

[ਪਰਦਾ]

# ਪੀੜ੍ਹਾਂ

ਪਾਤਰ—

ਸ਼ਾਮ ਲਾਲ—ਇਕ ਸਕੂਲ ਮਾਸਟਰ
ਮੋਹਨ ਲਾਲ—ਸ਼ਾਮ ਲਾਲ ਦਾ ਭਰਾ, ਹਾਲੇ ਵਿਹਲਾ ਹੈ
ਗੋਪਾਲ ਦਾਸ—ਸ਼ਾਮ ਲਾਲ ਦਾ ਗੁਆਂਢੀ
ਸੀਤਾ ਦੇਵੀ—ਸ਼ਾਮ ਲਾਲ ਦੀ ਪਤਨੀ (ਸਟੇਜ ਤੇ ਨਜ਼ਰ ਨਹੀਂ ਆਂਦੀ)
ਤੁਲਸੀ ਬਾਈ—ਸ਼ਾਮ ਲਾਲ ਦੀ ਮਾਂ

ਇਕ ਸਕੂਲ ਮਾਸਟਰ ਦੇ ਘਰ ਦਾ ਕਮਰਾ। ਦੋ ਕੁਰਸੀਆਂ, ਇਕ ਮੇਜ਼,ਇਕ ਮੰਜਾ ਜਿਸ ਉਪਰ ਖੇਸ ਵਿਛਿਆ ਹੋਇਆ ਹੈ। ਇਕ ਅੰਗੀਠੀ ਜਿਸ ਉਪਰ ਦੋ ਚਾਰ ਕਿਤਾਬਾਂ, ਇਕ ਗਲਾਸ ਤੇ ਇਕ ਮਾਤ੍ਰਾ

ਜਿਹਾ ਫੁਲਦਾਨ ਪਿਆ ਹੈ। ਕਮਰੇ ਦੀ ਇਕ ਨੁਕਰ ਵਿਚ ਕੁਝ ਕਿਤਾਬਾਂ ਪਈਆਂ ਹਨ ਤੇ ਉਨ੍ਹਾਂ ਉਪਰ ਇਕ ਨਕਸ਼ਾ ਟੰਗਿਆ ਹੋਇਆ ਹੈ। ਇਸ ਕਮਰੇ ਦੇ ਪਿਛੇ ਇਕ ਹੋਰ ਕਮਰਾ ਹੈ ਤੇ ਦੋਹਾਂ ਵਿਚਕਾਰ ਇਕ ਪੁਰਾਣੀ ਕਿਸਮ ਦੀ ਧੋਤੀ ਪਰਦੇ ਦੇ ਤੌਰ ਤੇ ਟੰਗੀ ਹੋਈ ਹੈ। ਪਿਛਲੇ ਕਮਰੇ 'ਚੋਂ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਆਂਦੀਆਂ ਰਹਿੰਦੀਆਂ ਹਨ। ਕਦੇ ਕਦਾਈਂ ਰੋਣ ਤੇ ਚੀਕਣ ਦੀ ਆਵਾਜ਼ ਆਂਦੀ ਹੈ। ਇਕ ਦੋ ਵਾਰੀ ਕਿਸੇ ਤੀਵੀਂ ਦੀਆਂ ਪਿਛਲੇ ਕਮਰੇ 'ਚੋਂ ਉਚੀ ਉਚੀ ਚੀਕਾਂ ਨਿਕਲਦੀਆਂ ਹਨ ਤੇ ਭੁਬਾਂ ਤੇ ਭੁਸਕਾਰੇ ਤਾਂ ਆਮ ਹੀ ਸੁਣੀਂਦੇ ਹਨ। ਜਿਵੇਂ ਜਿਵੇਂ ਨਾਟਕ ਆਪਣੇ ਸਿਖਰ ਵਲ ਜਾਂਦਾ ਹੈ, ਉਵੇਂ ਉਵੇਂ ਹੀ ਇਹ ਆਵਾਜ਼ਾਂ ਉਚੀਆਂ, ਲੰਮੇਰੀਆਂ ਤੇ ਜ਼ਿਆਦਾ ਪੀੜ-ਭਰੀਆਂ ਹੁੰਦੀਆਂ ਜਾਂਦੀਆਂ ਹਨ। ਜਿਸ ਵੇਲੇ ਪਰਦਾ ਉਠਦਾ ਹੈ ਮੋਹਨ ਲਾਲ ਅੰਗੀਠੀ ਦੇ ਨੇੜੇ ਖਲੋਤਾ ਕੋਈ ਚੀਜ਼ ਠੀਕ ਕਰ ਰਿਹਾ ਹੈ। ਉਹਨੇ ਧੋਤੀ ਬਨ੍ਹੀ ਹੈ ਤੇ ਗਲ ਵਿਚ ਕਮੀਜ਼ ਪਾਈ ਹੈ। ਬਾਹਰਲੇ ਬੂਹੇ ਵਲੋਂ ਟਕ ਟਕ ਹੁੰਦੀ ਹੈ ਤੇ ਮੋਹਨ ਲਾਲ ਬੂਹਾ ਖੋਲ੍ਹਦਾ ਹੈ।

ਗੋਪਾਲ ਦਾਸ—ਸ਼ਾਮ ਲਾਲ ਘਰ ਹੈ?

ਮੋਹਨ ਲਾਲ— ਨਹੀਂ, ਭਰਾ ਹੁਰੀ ਹੁਣੇ ਹੀ ਦਾਈ ਵਲ ਗਏ ਨੇ। ਬਸ ਮੋੜ ਹੀ ਮੁੜੇ ਹੋਣੇ ਨੇ।

ਗੋਪਾਲ ਦਾਸ–(ਅੰਦਰ ਲੰਘਦਾ ਹੋਇਆ) ਮਾਤਾ ਜੀ ਬਹੁਤਾ ਫ਼ਿਕਰ ਤਾਂ ਨਹੀਂ ਕਰਦੇ ਪਏ ?

ਮੋਹਨ ਲਾਲ–(ਮੰਜੀ ਤੇ ਬਹਿੰਦਾ ਹੋਇਆ) ਸਗੋਂ ਭਰਾ ਹੁਰੀਂ ਜ਼ਿਆਦਾ ਘਬਰਾਏ ਹੋਏ ਨੇ ।

ਗੋਪਾਲ ਦਾਸ–ਚਿੰਤਾ ਕੀਤਿਆਂ ਕੁਝ ਬਣਦਾ ਤਾਂ ਨਹੀਂ (ਵਕਫ਼ਾ) ਪਰ ਚਿੰਤਾ ਹੈ ਵੀ ਕੁਦਰਤੀ ।

ਮੋਹਨ ਲਾਲ–ਅਸਲ ਵਿਚ ਅਜ ਦਸਿਹਰੇ ਦੇ ਦਿਨ ਕਰ ਕੇ ਭਰਾ ਹੁਰੀਂ ਜ਼ਿਆਦਾ ਘਬਰਾਏ ਹੋਏ ਨੇ, ਨਹੀਂ ਤਾਂ ਸ਼ਾਇਦ ਇਨੀ ਚਿੰਤਾ ਨਾ ਕਰਦੇ ।

ਗੋਪਾਲ ਦਾਸ–ਕਿਆ ਇਤਫ਼ਾਕ ਦੀ ਗਲ ਹੈ, ਕੁਕੂ ਦੀ ਮੌਤ ਵੀ ਦਸਹਿਰੇ ਵਾਲੇ ਦਿਨ ਹੋਈ ਤੇ ਅਜ ਵੀ ਦਸਹਿਰਾ ਹੈ ।

ਤੁਲਸੀ ਬਾਈ–(ਅੰਦਰੋਂ) ਪੁਤਰ, ਗੋਪਾਲ ਦਾਸ ਆਇਆ ਹੈ ?

ਮੋਹਨ ਲਾਲ–ਆਹੋ ਭਾਬੋ ਜੀ ।

ਗੋਪਾਲ ਦਾਸ–ਮਾਤਾ ਜੀ, ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਦਸੋ ।

ਤੁਲਸੀ ਭਾਈ–(ਬੂਹੇ ਵਿਚ ਆ ਕੇ) ਜੀਂਦੇ ਰਹੋ ਪੁਤਰ, ਇਹ ਕੰਮ ਤੇਰੇ ਗੋਚਰਾ ਤਾਂ ਹੈ ਨਹੀਂ । ਬਸ ਪਰਮਾਤਮਾਂ ਕੋਲੋਂ ਸੁਖ ਮੰਗੋ ।

ਗੋਪਾਲ ਦਾਸ–ਕੋਈ ਬਾਹਰ ਦਾ ਕੰਮ ਹੋਵੇ ।

ਤੁਲਸੀ ਬਾਈ–ਸ਼ਾਮ ਲਾਲ ਗਿਆ ਹੈ ਦਾਈ ਵਲ, ਹੁਣੇ ਆ ਜਾਏਗਾ ।

ਪਿਛਲੇ ਕਮਰੇ 'ਚੋਂ ਸੀਤਾ ਦੇਵੀ ਦੀ ਕੁਰਲਾਹਟ ਦ ਆਵਾਜ਼ ਆਂਦੀ ਹੈ । ਤੁਲਸੀ ਬਾਈ ਝਟ ਅੰਦਰ ਵਲ ਹੋ ਜਾਂਦੀ ਹੈ ।

ਮੋਹਨ ਲਾਲ–ਭਾਬੀ ਵੀ ਐਤਕੀ ਡਰਦੀ ਏ, ਰੋਜ਼ ਮੰਦਰ ਜਾਂਦੀ ਰਹੀ ਏ ਤੇ ਦੇਵੀ ਦੀ ਪੂਜਾ ਕਰਦੀ ਰਹੀ ਏ। ਮੇਰਾ ਖ਼ਿਆਲ ਹੈ ਇਕ ਅਧੀ ਮੰਨਤ ਵੀ ਮੰਨੀ ਹੋਈ ਹੈ ਭਾਬੀ ਨੇ।

ਗੋਪਾਲ ਦਾਸ–ਈਸ਼ਵਰ ਕਿਰਪਾ ਕਰੇਗਾ, (ਕੁਝ ਸੋਚ ਕੇ) ਕੁਕੂ ਦੀ ਮੌਤ ਨੇ ਭਾਬੀ ਦੀ ਗੋਦ ਸਖਣੀ ਕਰ ਦਿਤੀ ਤੇ ਸ਼ਾਮ ਤਾਂ ਉਸ ਦਿਨ ਦਾ ਖਿੜਿਆ ਹੀ ਨਹੀਂ। ਹਰ ਵੇਲੇ ਝੂਰਦਾ ਰਹਿੰਦਾ ਹੈ।

ਮੋਹਨ ਲਾਲ–ਗਲ ਹੀ ਇਹੋ ਜਿਹੀ ਦੁਖ-ਭਰੀ ਸੀ।

ਗੋਪਾਲ ਦਾਸ–ਸ਼ਾਮ ਦਾ ਦਿਲ ਕਿਸੇ ਗਲ ਤੇ ਲਗਿਆ ਹੀ ਨਹੀਂ, ਹਰ ਵੇਲੇ ਕੁਕੂ ਦੀਆਂ ਹੀ ਗਲਾਂ ਕਰਦਾ ਰਹਿੰਦਾ ਹੈ। ਅੰਦਰਾਂ ਦੀ ਸੱਟ ਡਾਢੀ ਭੈੜੀ ਹੁੰਦੀ ਹੈ।

ਮੋਹਨ ਲਾਲ–ਬਸ ਭਰਾ ਹੁਰਾਂ ਦੇ ਦਿਲ ਵਿਚ ਇਹ ਵਹਿਮ ਹੈ ਕਿ ਦਸਹਿਰੇ ਵਾਲਾ ਦਿਨ ਕੁਸੱਗਣਾਂ ਹੈ। ਕੁਕੂ ਦੀ ਘਟਨਾ ਵੀ ਉਸੇ ਦਿਨ ਹੋਈ ਸੀ ਤੇ ਅਜ ਵੀ...ਸਵੇਰ ਦੀਆਂ ਇਹੋ ਗਲਾਂ ਹੀ ਕਰਦੇ ਰਹੇ ਨੇ।

ਗੋਪਾਲ ਦਾਸ–ਮਾਤਾ ਜੀ ਨੂੰ ਮਨ੍ਹਾ ਕਰਨਾ ਚਾਹੀਦਾ ਸੀ, ਭਰਜਾਈ ਲਈ ਇਹ ਸਭ ਕੁਝ ਸੁਣਨਾ ਚੰਗਾ ਨਹੀਂ।

ਮੋਹਨ ਲਾਲ–ਮਾਤਾ ਜੀ ਨੇ ਰੋਕਿਆ ਹੈ। ਹੁਣ ਮੂੰਹੋਂ ਤਾਂ ਕੁਝ ਨਹੀਂ ਕਹਿੰਦੇ ਪਰ ਵਿਚੋ ਵਿਚ, ਵਿਚੋ ਵਿਚ......

ਗੋਪਾਲ ਦਾਸ–ਦਿਲ ਵਿਚ ਖਬਤ ਵੜ ਜਾਵੇ ਤਾਂ ਨਿਕਲਦਾ ਔਖਾ ਹੀ ਹੁੰਦਾ ਹੈ। (ਰੁਕ ਕੇ) ਕੁਕੂ ਬਚਾ ਵੀ ਬੜਾ ਪਿਆਰਾ ਸੀ।

ਮੋਹਨ ਲਾਲ–ਠੀਕ ਹੈ। (ਅੰਦਰੋਂ ਸੀਤਾ ਦੇਵੀ ਜ਼ੋਰ ਦੀ ਚੀਕ ਮਾਰਦੀ ਹੈ। ਦੋਵੇਂ ਕੰਨ ਖੜੇ ਕਰ ਲੈਂਦੇ ਨੇ ਤੇ ਚੁਪ ਕਰ ਜਾਂਦੇ ਨੇ। ਗੋਪਾਲ ਦਾਸ ਨਕਸ਼ੇ ਵਲ ਵੇਖਦਾ ਹੈ ਤੇ ਮੋਹਨ ਲਾਲ ਕੰਨ ਲਾ ਕੇ ਸੁਣਦਾ ਹੈ)।

ਮੋਹਨ ਲਾਲ—ਭਰਾ ਜੀ, ਤੁਸੀਂ ਘਰ ਅਰਾਮ ਕਰੋ, ਕੋਈ ਖ਼ਾਸ ਕੰਮ ਤਾਂ ਹੈ ਨਹੀਂ।

ਗੋਪਾਲ ਦਾਸ—ਮੇਰਾ ਘਰ ਕਿਹੜਾ ਕੰਮ ਹੈ, ਬਚੇ ਆਪਣੇ ਨਾਨਕੇ ਗਏ ਹੋਏ ਨੇ। ਕੋਈ ਗਲ ਨਹੀਂ।

ਜ਼ਰਾ ਜਿਹੀ ਚੁਪ।

ਗੋਪਾਲ ਦਾਸ—ਹੁਣ ਕੀ ਕਰਨ ਦਾ ਖ਼ਿਆਲ ਹੈ ?

ਮੋਹਨ ਲਾਲ—ਹਾਲੀ ਨਤੀਜਾ ਤਾਂ ਨਿਕਲ ਲਵੇ। ਪਰ ਸਾਡੇ ਵਰਗਿਆਂ ਨੂੰ ਕਲਰਕੀ ਤੋਂ ਵਧ ਹੋਰ ਕੀ ਮਿਲ ਜਾਣਾ ਹੈ ?

ਗੋਪਾਲ ਦਾਸ—ਮਾਸਟਰ ਬਣਨ ਦਾ ਖ਼ਿਆਲ ਹੈ ਕਿ—?

ਸ਼ਾਮ ਲਾਲ ਬਾਹਰਲੇ ਪਾਸੋਂ ਅੰਦਰ ਆਂਦਾ ਹੈ। ਉਹਦੇ ਚਿਹਰੇ ਤੇ ਘਬਰਾਹਟ ਹੈ ਤੇ ਗਲ ਵੀ ਉਖੜੀ ਉਖੜੀ ਕਰਦਾ ਹੈ।

ਸ਼ਾਮ ਲਾਲ—ਗੋਪਾਲ ? (ਵਾਜ ਮਾਰਦੇ ਹੋਏ) ਭਾਬੋ ਜੀ, ਬਾਹਰ ਆਵੋ ਜ਼ਰਾ।

ਤੁਲਸੀ ਬਾਈ ਬਾਹਰ ਆਂਦੀ ਹੈ।

ਤੁਲਸੀ ਬਾਈ—ਕੀ ਗਲ ਹੈ ?

ਸ਼ਾਮ ਲਾਲ—ਦਾਈ ਤਾਂ ਮਿਲੀ ਨਹੀਂ, ਕਿਧਰੇ ਬਾਹਰ ਗਈ ਹੋਈ ਹੈ, ਕਿਸੇ ਹੋਰ ਵਲ ........

ਤੁਲਸੀ ਬਾਈ—ਫੇਰ ਤਾਂ ਹੁਣੇ ਮੁੜ ਆਵੇਗੀ। ਤੂੰ ਉਹਦੇ ਘਰ ਆਖ ਆਇਆ ਹੈਂ ?

ਸ਼ਾਮ ਲਾਲ—ਆਖ ਤਾਂ ਆਇਆ ਹਾਂ ਪਰ ਪਤਾ ਨਹੀਂ ਉਹਦਾ।

ਤੁਲਸੀ ਬਾਈ—ਪਤਾ ਕਿਉਂ ਨਹੀਂ ? (ਮਾੜਾ ਕੁ ਚਿੜਦੇ ਹੋਏ) ਖਸਮਾ ਖਾਣੀ ਨੂੰ ਹਾਲੇ ਪਰਸੋਂ ਹੀ ਤਾਂ ਪਕਾ ਕੀਤਾ ਸੀ।

ਸ਼ਾਮ ਲਾਲ—(ਢਹਿੰਦੀਆਂ ਕਲਾਂ ਵਿਚ) ਪਕਾ ਤਾਂ ਜ਼ਰੂਰ ਕੀਤਾ ਸੀ। ਪਰ ਅਜ ਦਸਹਿਰਾ ਜੁ ਹੋਇਆ, ਹਰ ਕੋਈ ਮੇਲਾ ਵੇਖਣ ਜਾਂਦਾ ਹੈ।

ਤੁਲਸੀ ਬਾਈ—(ਦਬੀ ਦਬੀ ਖਿਝ ਨਾਲ) ਫੇਰ ਉਹੋ ਦਸਿਹਰਾ !

ਸ਼ਾਮ ਲਾਲ—ਮੈਂ ਕਿਸੇ ਹੋਰ ਦਾ ਪਤਾ ਕਰਦਾ ਹਾਂ, ਤੁਸੀਂ ਇਥੇ ਧਿਆਨ ਰਖੋ।

ਤੁਲਸੀ ਬਾਈ—ਪੁਤਰ, ਉਂਜ ਸਾਂਭਣ ਨੂੰ ਤਾਂ ਮੈਂ ਸਾਂਭ ਲਵਾਂਗੀ, ਫੇਰ ਵੀ ਚੰਗਾ ਹੀ ਹੁੰਦਾ ਹੈ। ਅਗੇ ਵੀ ਤਾਂ—

ਤੁਲਸੀ ਬਾਈ ਅੰਦਰ ਵਲ ਮੁੜਦੀ ਹੈ।

ਮੋਹਨ ਲਾਲ—ਮੈਂ ਕਿਸੇ ਹੋਰ ਦਾ ਪਤਾ ਕਰ ਆਵਾਂ ?

ਸ਼ਾਮ ਲਾਲ—ਹੈਡ ਮਾਸਟਰ ਦੇ ਘਰ ਤੋਂ, ਪਰੇ ਕਰ ਕੇ ਬਿਕ ਕੌਸ਼ਲਿਆ ਦਵੀ ਰਹਿੰਦੀ ਹੈ ਤੇ ਦਾਈਆਂ ਦਾ ਕੰਮ ਕਰਦੀ ਹੈ। ਸਾਈਕਲ ਤੇ ਉਹਦਾ ਪਤਾ ਕਰ ਆ। (ਇਹ ਕਹਿਕੇ ਉਹ ਮੰਜੀ ਤੇ ਇੰਜ ਬਹਿੰਦਾ ਹੈ ਜਿਵੇਂ ਉਹਦੇ ਵਿਚ ਸਾਹ ਸਤ ਨਹੀਂ। ਸ਼ਕਲੋਂ ਵੀ ਉਹ ਘਬਰਾਇਆ ਹੋਇਆ ਹੈ)।

ਗੋਪਾਲ ਦਾਸ—ਸ਼ਾਮ, ਇਸ ਤਰ੍ਹਾਂ ਘਾਬਰਿਆਂ ਕੁਝ ਨਹੀਂ ਬਣਦਾ, ਤਕੜਾ ਹੋ, ਹੌਸਲਾ ਕਰ। ਹੋਇਆ ਕੀ ?

ਸ਼ਾਮ ਲਾਲ(ਕਮਜ਼ੋਰ ਆਵਾਜ਼ ਨਾਲ) ਨਹੀਂ, ਕੋਈ ਗਲ ਨਹੀਂ।

ਗੋਪਾਲ ਦਾਸ—ਤੇਰੇ ਦਿਮਾਗ਼ ਤੇ ਇੰਨਾ ਬੋਝ ਹੈ ਕਿ ਤੇਰੇ ਮੂੰਹੋਂ ਗਲ ਨਹੀਂ ਨਿਕਲਦੀ। ਮੈਂ ਪੁਛਦਾ ਹਾਂ ਇਨਾਂ ਫ਼ਿਕਰ ਕਰਨ ਦਾ ਕੀ ਫ਼ਾਇਦਾ ?

ਸ਼ਾਮ ਲਾਲ—ਫ਼ਾਇਦਾ ? ਇਹਦਾ ਫ਼ਾਇਦਾ ਕੀ ਹੋ ਸਕਦਾ ਹੈ ? ਇਹ ਤਾਂ ਰੋਗ ਹੈ। ਜਿਸ ਨੂੰ ਚਮੜ ਜਾਏ, ਉਹਦੇ ਮਗਰੋਂ ਲਹਿੰਦਾ ਹੀ ਨਹੀਂ। ਸਾਨੂੰ ਚਮੜ ਗਿਆ ਹੈ। ਦਸ ਕੀ ਕਰੀਏ ?

ਗੋਪਾਲ ਦਾਸ—ਮੋਹਨ ਕਹਿੰਦਾ ਹੈ ਕਿ ਅਜ ਦਸਿਹਰਾ ਹੋਣ ਕਰ ਕੇ ਤੇਰੇ ਦਿਲ ਵਿਚ ਸਗੋਂ ਹੋਰ ਵਹਿਮ ਹੋ ਗਿਆ ਹੈ।

ਸ਼ਾਮ ਲਾਲ—ਵਹਿਮ ਤੇ ਹੋਣੀ ਵਿਚ ਕੀ ਫ਼ਰਕ ਹੈ ? ਪਿਛਲੇ ਸਾਲ ਜਿਸ ਦਿਨ ਮੈਂ ਦਸਹਿਰੇ ਤੇ ਗਿਆ ਤਾਂ ਕੁਕੂ ਦੀ ਮਾਂ ਨੇ ਕਿਹਾ, "ਕੀ ਕਰਨਾ ਜੇ ਜਾ ਕੇ ? ਐਵੇਂ ਖ਼ਾਹ ਮਖ਼ਾਹ ਭੀੜ ਭੜੱਕਾ ਹੋਵੇਗਾ, ਨਾਲੇ ਕੁਕੂ ਨੂੰ ਚੁਕ ਕੇ ਕਿਸ ਤਰ੍ਹਾਂ ਜਾਵੋਗੇ ?" ਪਰ ਮੈਂ ਤੁਰ ਹੀ ਗਿਆ ਤੇ ਅੰਤ......ਅੰਤ ਭਾਣਾ ਵਰਤ ਹੀ ਗਿਆ। (ਉਹਦੀ ਆਵਾਜ਼ ਦੁਖ ਨਾਲ ਭਰੀ ਹੋਈ ਹੈ)।

ਗੋਪਾਲ ਦਾਸ—(ਉਠ ਕੇ ਖਲੋਂਦਾ ਹੈ। ਅੰਗੀਠੀ ਵਲ ਪਿਠ ਕਰਦਾ ਹੈ ਤੇ ਸ਼ਾਮ ਲਾਲ ਨੂੰ ਸਮਝਾ ਸਮਝਾ ਕੇ ਗੱਲਾਂ ਕਰਦਾ ਹੈ) ਸ਼ਾਮ, ਹਰ ਇਕ ਦੀ ਜ਼ਿੰਦਗੀ ਵਿਚ ਦੁਰਘਟਨਾ ਆਂਦੀ ਹੈ, ਪਰ ਹੌਲੀ ਹੌਲੀ, ਕੁਝ ਸਮੇਂ ਬਾਹਦ, ਆਦਮੀ ਭੁਲ ਜਾਂਦਾ ਹੈ। ਜ਼ਿੰਦਗੀ ਇਕ ਆਦਤ ਬਣ ਜਾਂਦੀ ਹੈ। ਉਠਣਾ, ਸੌਣਾ, ਖਾਣਾ ਪੀਣਾ ਸਭੇ ਰੋਜ਼ ਦੇ ਨੇਮ ਵਿਚ ਆ ਜਾਂਦੇ ਹਨ ਤੇ ਬਸ ਬੰਦਾ ਰਿੜ੍ਹਦਾ ਰਹਿੰਦਾ ਹੈ, ਰਿੜ੍ਹਦਾ ਰਹਿੰਦਾ ਹੈ।

ਸ਼ਾਮ ਲਾਲ—ਠੀਕ ਹੈ, ਪਰ ਦਿਲ ਦਾ ਦਰਦ ਤਾਂ ਮੱਠਾ ਨਹੀਂ ਪੈਂਦਾ।

ਹੌਲੇ ਹੌਲੇ ਮਨ ਨੂੰ ਵਿਚੋ ਵਿਚ ਪੋਲਿਆਂ ਕਰਦਾ ਰਹਿੰਦਾ ਹੈ ਤੇ ਇਕ ਦਿਨ......

ਅੰਦਰੋਂ ਸੀਤਾ ਦੇਵੀ ਦੇ ਰੋਣ ਤੇ ਉਖੜਿਆ ਉਖੜਿਆ ਸਾਹ ਭਰਨ ਦੀ ਆਵਾਜ਼ ਆਂਦੀ ਹੈ। ਸ਼ਾਮ ਲਾਲ ਤ੍ਰਬਕ ਕੇ ਉਠ ਬੈਠਦਾ ਹੈ ਤੇ ਵਾਜ ਮਾਰਦਾ ਹੈ।

ਸ਼ਾਮ ਲਾਲ—ਭਾਬੋ ਜੀ !

ਤੁਲਸੀ ਬਾਈ—(ਅੰਦਰੋਂ ਹੀ) ਕੁਝ ਫ਼ਿਕਰ ਨਾ ਕਰੋ, ਕੋਈ ਖ਼ਾਸ ਗਲ ਨਹੀਂ। (ਸ਼ਾਮ ਲਾਲ ਗੋਪਾਲ ਦਾਸ ਵਲ ਤਕਦਾ ਹੈ) ਮੋਹਨ ਹਾਲੇ ਨਹੀਂ ਮੁੜਿਆ ?

ਸ਼ਾਮ ਲਾਲ—(ਬੂਹੇ ਵਲ ਬੇਚੈਨੀ ਨਾਲ ਤਕ ਕੇ) ਆਂਦਾ ਹੀ ਹੋਣਾ ਹੈ।

ਜ਼ਰਾ ਜਿਹੀ ਔਖੀ ਚੁਪ।

ਗੋਪਾਲ ਦਾਸ—(ਅੰਗੀਠੀ ਤੋਂ ਮੂੰਹ ਨਾਲ ਵਜਾਣ ਵਾਲਾ ਵਾਜਾ ਚੁਕਦੇ ਹੋਏ) ਇਹ ਵਾਜਾ ਕੁਕੂ ਵਾਲਾ ਹੀ ਹੈ ?

ਸ਼ਾਮ ਲਾਲ—ਆਹੋ।

ਚੁਪ।

ਗੋਪਾਲ ਦਾਸ—ਚੁਪ ਕਿਉਂ ਕਰ ਗਿਆ ਏਂ ?

ਸ਼ਾਮ ਲਾਲ—(ਕੁਝ ਬੇਚੈਨੀ ਨਾਲ) ਕੋਈ ਖ਼ਾਸ ਗਲ ਨਹੀਂ।

ਗੋਪਾਲ ਦਾਸ—ਤੈਨੂੰ ਘੜੀ ਮੁੜੀ ਕੁਕੂ ਯਾਦ ਆਂਦਾ ਪਿਆ ਹੈ ?

ਸ਼ਾਮ ਲਾਲ—ਦਸਹਿਰੇ ਦੀ ਉਹ ਸ਼ਾਮ ਵੀ।

ਗੋਪਾਲ ਦਾਸ–ਮੈਂ ਇਹਨੂੰ ਨਿਰਾ ਵਹਿਮ ਤਾਂ ਨਹੀਂ ਆਖ ਸਕਦਾ, ਫੇਰ ਵੀ ਗਲ ਇਡੀ ਦਿਲ ਨੂੰ ਲਾਣੀ ਨਹੀਂ ਚਾਹੀਦੀ।

ਸ਼ਾਮ ਲਾਲ–(ਜਜ਼ਬੇ ਨਾਲ ਬੋਲਦੇ ਹੋਇ) ਗੋਪਾਲ, ਆਂਦਰਾਂ ਦੀ ਸਟ ਆਦਮੀ ਨੂੰ ਬੇਹਾਲ ਕਰ ਦੇਂਦੀ ਹੈ। ਤੂੰ ਆਪ ਪਿਉ ਹੈਂ–ਤੈਨੂੰ ਮੈਂ ਕੀ ਦਸਾਂ ? ਮੈਨੂੰ ਉਹਦੀ ਇਕ ਇਕ ਚੀਜ਼ ਯਾਦ ਹੈ। ਕਿਵੇਂ ਉਹ ਮਾਂ ਦੀ ਗੋਦੀ ਵਿਚ ਪਿਆ ਮੁਸਕਰਾਂਦਾ ਹੁੰਦਾ ਸੀ, ਕਿਵੇਂ ਉਹ ਰਿੜ੍ਹਨਾ ਸਿਖਿਆ, ਕਿਵੇਂ ਉਹ ਤੁਰਨਾ ਸਿਖਿਆ, ਕਿਵੇਂ ਉਹ ਭਜ ਕੇ ਮੈਨੂੰ ਬਾਹਰੋਂ ਆਂਦੇ ਨੂੰ ਗਲਵਕੜੀ ਪਾ ਕੇ ਮਿਲਦਾ ਹੁੰਦਾ ਸੀ, ਕਿਵੇਂ ਉਸ ਆਖ਼ਰੀ ਦਿਨ ਅਸੀਂ ਦਸਹਿਰਾ ਵੇਖਣ ਗਏ (ਉਹਦੀ ਆਵਾਜ਼ ਡਿਗਦੀ ਜਾਂਦੀ ਹੈ)ਤੇ ਫੇਰ ਉਹ(ਅੜਦੇ ਹੋਇ) ਨਾ ਮੁੜਿਆ। (ਸ਼ਾਮ ਲਾਲ ਦੀਆਂ ਅਖਾਂ ਗਿਲੀਆਂ ਹੋ ਜਾਂਦੀਆਂ ਨੇ। ਗੋਪਾਲ ਦਾਸ ਇਹ ਵੇਖ ਕੇ ਚੁਪ ਕਰ ਜਾਂਦਾ ਹੈ, ਸ਼ਾਮ ਲਾਲ ਫੇਰ ਸ਼ੁਰੂ ਕਰਦਾ ਹੈ)।

ਸ਼ਾਮ ਲਾਲ–ਮੈਂ ਦਸ ਨਹੀਂ ਸਕਦਾ ਮੈਨੂੰ ਅੰਦਰੋਂ ਕੀ ਖੋਹ ਪੈਂਦੀ ਹੈ। ਸਾਰੇ ਰੋਕਦੇ ਨੇ ਕਿ ਬਹੁਤਾ ਨਾ ਝੁਰਿਆ ਕਰ,ਪਰ ਮੈਂ ਕੀ ਕਰਾਂ ! ਮੈਂ ਬਥੇਰਾ ਦਿਲ ਨੂੰ ਸਮਝਾਂਦਾ ਹਾਂ, ਪਰ ਕੁਝ ਵਸ ਨਹੀਂ ਚਲਦਾ।

ਗੋਪਾਲ ਦਾਸ–ਠੀਕ ਹੈ।

ਔਖੀ ਜਿਹੀ ਚੁਪ।

ਤੁਲਸੀ ਬਾਈ–(ਬਾਹਰ ਆਂਦੇ ਹੋਇ) ਜੇ ਦਾਈ ਨਹੀਂ ਆਈ ਤਾਂ ਕਿਸੇ ਹੋਰ ਸਿਆਣੀ ਔਰਤ ਨੂੰ ਹੀ ਸਦ ਲਈਏ। ਪੀੜਾਂ ਵਧਦੀਆਂ ਜਾਂਦੀਆਂ ਨੇ ਤੇ ਘਟੋ ਘਟ ਨਾਲ ਕੋਈ ਹਥ ਵਟਾਣ ਵਾਲਾ ਤਾਂ ਹੋਵੇ।

ਸ਼ਾਮ ਲਾਲ–ਕਿਹਨੂੰ ਸਦੀਏ ?

ਗੋਪਾਲ ਦਾਸ–ਮੈਂ ਰਘਬੀਰ ਦਿਆਲ ਦੀ ਮਾਂ ਨੂੰ ਬੁਲਾ ਲਿਆਵਾਂ ?

ਤੁਲਸੀ ਬਾਈ–ਆਹੋ, ਉਹ ਕਾਫ਼ੀ ਸਿਆਣੀ ਜ਼ਨਾਨੀ ਹੈ, ਉਸੇ ਨੂੰ ਬੁਲਾ ਲਵੋ ।

ਤੁਲਸੀ ਬਾਈ ਅੰਦਰ ਵਲ ਜਾਂਦੀ ਹੈ, ਗੋਪਾਲ ਦਾਸ ਬਾਹਰ ਵਲ । ਸ਼ਾਮ ਲਾਲ ਕੱਲਾ ਰਹਿ ਜਾਂਦਾ ਹੈ ਤੇ ਬੇਚੈਨੀ ਨਾਲ ਕਮਰੇ ਵਿਚ ਇਧਰ ਉਧਰ ਫਿਰਦਾ ਹੈ । ਕਿਤਾਬਾਂ ਵਿਚੋਂ ਗੀਤਾ ਲਭਦਾ ਹੈ ਤੇ ਇਕ ਦੋ ਸ਼ਲੋਕ ਪੜ੍ਹਦਾ ਹੈ । ਫਿਰ ਆਪਣੀ ਮਾਂ ਨੂੰ ਵਾਜ ਮਾਰਦਾ ਹੈ–

ਸ਼ਾਮ ਲਾਲ–ਭਾਬੋ ਜੀ !

ਤੁਲਸੀ ਬਾਈ–(ਬਾਹਰ ਵਲ ਆਂਦੇ ਹੋਏ) ਕੀ ਗਲ ਹੈ, ਪੁਤਰ ?

ਸ਼ਾਮ ਲਾਲ–ਭਾਬੋ ਜੀ, ਅਜ ਦਸਹਿਰਾ ਨਾ ਹੁੰਦਾ ਤਾਂ ਚੰਗਾ ਸੀ ।

ਤੁਲਸੀ ਬਾਈ–ਇਹੋ ਜਿਹੀਆਂ ਗਲਾਂ ਨਹੀਂ ਕਰੀਦੀਆਂ, ਵਿੱਅਮ ਵੇਲੇ ਔਰਤਾਂ ਦਾ ਦਿਲ ਤਕੜਾ ਹੋਣਾ ਚਾਹੀਦਾ ਹੈ, ਨਹੀਂ ਤਾਂ–

ਸ਼ਾਮ ਲਾਲ–ਇਹੋ ਤਾਂ ਮੈਨੂੰ ਡਰ ਲਗਦਾ ਹੈ ।

ਤੁਲਸੀ ਬਾਈ–ਬੇਟਾ, ਸਬਰ ਕਰੋ, ਹੁਣੇ ਦੋ ਘੰਟਿਆਂ ਤਕ ਔਖਾ ਸਮਾਂ ਲੰਘ ਜਾਵੇਗਾ ।

ਸ਼ਾਮ ਲਾਲ–(ਵਿਸ਼ਵਾਸ਼ ਨਾ ਕਰਦਿਆਂ ਹੋਇਆਂ) ਹੂੰ !

ਤੁਲਸੀ ਬਾਈ–ਭਲਾ ਇਸ ਤਰ੍ਹਾਂ ਨਾਲ ਸੋਚਣ ਦਾ ਕੀ ਫ਼ਾਇਦਾ ? ਮੈਨੂੰ ਉਹਦੇ ਕੋਲ ਹੋਣ ਦੇ ।

ਤੁਲਸੀ ਬਾਈ ਅੰਦਰ ਚਲੀ ਜਾਂਦੀ ਹੈ । ਸ਼ਾਮ ਲਾਲ

ਕੁਕੂ ਦਾ ਵਾਜਾ ਚੁਕ ਕੇ ਵੇਖਦਾ ਹੈ, ਮੂੰਹ ਨਾਲ ਲਾਂਦਾ ਹੈ ਪਰ ਵਜਾਂਦਾ ਨਹੀਂ ਤੇ ਫਿਰ ਓਥੇ ਹੀ ਅੰਗੀਠੀ ਤੇ ਰਖ ਦੇਂਦਾ ਹੈ। ਇਨੇ ਨੂੰ ਗੋਪਾਲ ਦਾਸ ਬਾਹਰੋਂ ਆਂਦਾ ਹੈ।

ਗੋਪਾਲ ਦਾਸ—ਮੈਂ ਉਹਨੂੰ ਅੰਦਰ ਘਲ ਦਿਤਾ ਹੈ।

ਸ਼ਾਮ ਲਾਲ—ਸ਼ੁਕਰ ਹੈ! (ਅੰਦਰੋਂ ਖਿਚਿਆ ਖਿਚਿਆ ਹੋਣ ਕਰ ਕੇ ਫੇਰ ਚੁਪ ਕਰ ਜਾਂਦਾ ਹੈ।)

ਗੋਪਾਲ ਦਾਸ—ਸ਼ਾਮ!

ਸ਼ਾਮ ਲਾਲ—ਫਿਰ ਕੁਕੂ ਦਾ ਸੋਚ ਰਿਹਾ ਸਾਂ। ਕਿਤਾ ਭੋਲਾ ਸੀ ਉਹਦਾ ਮੁਖੜਾ!

ਗੋਪਾਲ ਦਾਸ—ਈਸ਼ਵਰ ਫੇਰ ਭਰਜਾਈ ਦੀ ਗੋਦ ਹਰੀ ਕਰੇਗਾ। (ਸ਼ਾਮ ਲਾਲ ਚੁਪ ਕਰ ਕੇ ਗੋਪਾਲ ਦਾਸ ਵਲ ਵੇਖਦਾ ਹੈ।)

ਗੋਪਾਲ ਦਾਸ—ਬਚਿਆਂ ਬਿਨਾਂ ਘਰ ਸਖਣਾ ਸਖਣਾ ਲਗਦਾ ਹੈ ਤੇ ਜ਼ਿੰਦਗੀ ਫਿਕੀ ਫਿਕੀ।

ਸ਼ਾਮ ਲਾਲ—ਮੈਨੂੰ ਯਾਦ ਹੈ ਕਿ ਘਰ ਵੜਨਾ ਤਾਂ, ਅਵਲ ਤਾਂ ਕੁਕੂ ਨੇ ਬੂਹੇ ਤੇ ਹੀ ਮਿਲ ਜਾਣਾ, ਨਹੀਂ ਤਾਂ ਮੈਂ ਉਹਨੂੰ ਵਾਜ ਮਾਰ ਲੈਣੀ। ਜੇ ਉਹ ਸੁਤਾ ਪਿਆ ਹੁੰਦਾ ਤਾਂ ਮੈਂ ਉਡੀਕਦਾ ਰਹਿੰਦਾ ਕਿਸ ਵੇਲੇ ਉਠੇ। ਹਰ ਵੇਲੇ ਕੋਈ ਨਾ ਕੋਈ ਸ਼ੁਗਲ ਬਣਿਆ ਹੀ ਰਹਿੰਦਾ ਸੀ। ਪਤਾ ਨਹੀਂ ਸੀ ਲਗਦਾ ਕਿਵੇਂ ਵਕਤ ਲੰਘ ਜਾਂਦਾ ਸੀ।

ਅੰਦਰੋਂ ਸੀਤਾ ਦੇਵੀ ਦੇ ਕੁਰਲਾਣ ਦੀ ਆਵਾਜ਼ ਆਂਦੀ ਹੈ।

ਸ਼ਾਮ ਲਾਲ–ਇਹ ਕੁਸਗਣਾ ਦਸਹਿਰਾ ! ਹੋਰ ਤਾਂ ਹੋਰ ਅਜ ਦੇ ਦਿਨ ਕੋਈ ਦਾਈ ਵੀ ਨਹੀਂ ਮਿਲਦੀ। (ਹੌਕਾ ਭਰ ਕੇ) ਪਤਾ ਨਹੀਂ ਸਾਡੀ ਕਿਸਮਤ ਵਿਚ ਕੀ ਲਿਖਿਆ ਹੈ !

ਗੋਪਾਲ ਦਾਸ–ਤੁਹਾਡੇ ਘਰ ਲਈ ਵਾਕਈ ਦਸਹਿਰਾ ਚੰਗੇ ਸ਼ਗਨ ਦਾ ਦਿਨ ਨਹੀਂ।

ਸ਼ਾਮ ਲਾਲ–ਸਾਰੀ ਉਮਰ ਉਹ ਦਸਹਿਰੇ ਦੀ ਸ਼ਾਮ ਨਹੀਂ ਭੁਲ ਸਕਣੀ। (ਚੜ੍ਹਦੀ ਆਵਾਜ਼ ਨਾਲ) ਮੈਨੂੰ ਕੁਕੂ ਦੀ ਮਾਂ ਰੋਕਦੀ ਹੀ ਰਹੀ, ਪਰ ਪਤਾ ਨਹੀਂ ਕਿਉਂ ਹੋਣੀ ਸਾਨੂੰ ਖਿਚ ਕੇ ਉਧਰ ਲੈ ਗਈ। ਮੇਰੇ ਦਿਮਾਗ਼ ਤੇ ਖੌਰੇ ਕੀ ਭੂਤ ਚੜ੍ਹਿਆ ਸੀ, ਬਸ ਭੀੜ ਵਿਚ ਧਸਦੇ ਹੀ ਗਏ, ਧਸਦੇ ਹੀ ਗਏ, ਇਥੋਂ ਤਕ ਕਿ ਅਗੇ ਪਿਛੇ ਹਿਲ ਹੀ ਨਾ ਸਕੀਏ। ਕੁਕੂ ਕਹਿਣ ਲਗਾ, 'ਰਾਵਣ ਦੇ ਕੋਲ ਜਾਣਾ ਹੈ।' ਮੈਂ ਬਥੇਰਾ ਮਨ ਨੂੰ ਰੋਕਿਆ ਵੀ ਸਹੀ, ਪਰ ਪਤਾ ਨਹੀਂ ਕਿਸ ਖਿਚ ਨਾਲ ਅਗੇ ਤੁਰੇ ਗਏ। ਫੇਰ ਤੈਨੂੰ ਪਤਾ ਹੀ ਹੈ ਕੀ ਹੋਇਆ। ਜਿਸ ਵੇਲੇ ਰਾਵਣ ਨੂੰ ਅੱਗ ਲਗੀ, ਲੋਕੀ ਇਧਰ ਉਧਰ ਹਿਲ ਪਏ, ਬੰਦਿਆਂ ਦਾ ਹੜ੍ਹ ਆ ਗਿਆ। ਕਦੇ ਇਧਰ ਹੋਈਏ, ਕਦੇ ਉਧਰ। ਪਤਾ ਨਾ ਲਗੇ ਕਿਧਰ ਜਾਈਏ। ਇਕ ਇਵੇਂ ਜ਼ੋਰ ਦਾ ਧੱਕਾ ਆਇਆ ਕਿ ਮੈਂ ਪੈਰਾਂ ਤੋਂ ਉਖੜ ਕੇ ਥਲੇ ਡਿਗ ਪਿਆ ਤੇ ਕੁਕੂ ਵੀ ਪੈਰਾਂ ਵਿਚ ਜਾ ਪਿਆ। ਫੇਰ ਕੀ ਸੀ ? ਸੈਂਕੜੇ, ਹਜ਼ਾਰਾਂ ਆਦਮੀ ਉਹਦੇ ਕੂਲੇ ਕੂਲੇ ਸਰੀਰ ਤੋਂ ਲੰਘ ਗਏ। ਅਧੇ ਘੰਟੇ ਮਗਰੋਂ ਜਦੋਂ ਉਹਦੀ ਲਾਸ਼ ਲਭੀ ਤਾਂ ਪਛਾਣੀ ਨਹੀਂ ਸੀ ਜਾਂਦੀ। ਬੋਟੀ ਬੋਟੀ ਹੋ ਗਿਆ ਸੀ ਕੁਕੂ......(ਡੂੰਘਾ ਹੌਕਾ ਭਰਦਾ ਹੈ।)

ਗੋਪਾਲ ਦਾਸ–(ਕੁਝ ਚੁਪ ਦੇ ਬਾਦ) ਮੈਂ ਉਹਦੀ ਲਾਸ਼ ਵੇਖੀ ਸੀ,

ਪਛਾਣੀ ਨਹੀਂ ਸੀ ਜਾਂਦੀ।

ਸ਼ਾਮ ਲਾਲ–(ਦੁਹਰਾਂਦੇ ਹੋਏ) ਪਛਾਣੀ ਨਹੀਂ ਸੀ ਜਾਂਦੀ। (ਫੇਰ ਜਜ਼ਬੇ ਨਾਲ) ਪਛਾਣੀ ਕਿਸ ਤਰ੍ਹਾਂ ਜਾਂਦੀ? ਹਜ਼ਾਰਾਂ ਆਦਮੀ ਉਸ ਨਿਮਾਣੀ ਜਿਹੀ ਜਾਨ ਨੂੰ ਲਿਤਾੜ ਕੇ ਲੰਘ ਗਏ, ਕਿਸੇ ਨੇ ਬੂਟ ਪਾਏ ਸਨ, ਕਿਸੇ ਦੇ ਬੂਟਾਂ ਵਿਚ ਮੇਖਾਂ ਲਗੀਆਂ ਸਨ। (ਡੂੰਘਾ ਸਾਹ ਭਰਦਾ ਹੈ) ਲੋਕਾਂ ਨੇ ਕੂਕੂ ਨੂੰ ਨਹੀਂ ਸੀ ਲਿਤਾੜਿਆ, ਸਾਡੇ ਕਾਲਜੇ ਨੂੰ ਵੀ ਨਾਲ ਹੀ ਛਾਨਣੀ ਕਰ ਦਿਤਾ।

ਗੋਪਾਲ ਦਾਸ–ਲੋਕੀਂ ਕੀ ਕਰ ਸਕਦੇ ਸਨ ਉਸ ਵੇਲੇ?

ਸ਼ਾਮ ਲਾਲ–ਮੈਂ ਲੋਕਾਂ ਨੂੰ ਕਸੂਰ ਤਾਂ ਨਹੀਂ ਦੇਂਦਾ–ਕਸੂਰ ਸਾਡੀ ਕਿਸਮਤ ਦਾ ਹੈ। ਖੌਰੇ, ਕੀ ਖੋਟੇ ਕਰਮ ਕੀਤੇ ਹਨ ਅਸੀਂ!

ਗੋਪਾਲ ਦਾਸ–ਕਿਸਮਤ ਸਾਡੀ ਕਮਜ਼ੋਰੀ ਦਾ ਨਾਂ ਹੈ, ਕਿਸੇ ਬਾਹਰਲੀ ਸ਼ਕਤੀ ਦਾ ਨਹੀਂ।

ਸ਼ਾਮ ਲਾਲ–ਮੈਂ ਵੀ ਇਹੋ ਜਿਹੀ ਫ਼ਿਲਾਸਫ਼ੀ ਬਥੇਰੀ ਘੋਖੀ ਹੋਈ ਹੈ, ਪਰ ਇਹ ਗਲਾਂ ਉਦੋਂ ਤਕ ਹੀ ਸਚੀਆਂ ਹੁੰਦੀਆਂ ਨੇ ਜਿੰਨੇ ਤਕ ਆਪਣੀ ਜਾਨ ਤੇ ਨਾ ਬਣੇ। ਜਦੋਂ ਹੋਣੀ ਸਿਰ ਤੇ ਚੜ੍ਹ ਕੇ ਖਲੋ ਜਾਂਦੀ ਹੈ, ਫੇਰ ਕਿਸੇ ਦਾ ਕੋਈ ਵਸ ਨਹੀਂ ਚਲਦਾ।

ਅੰਦਰੋਂ ਸੀਤਾ ਦੇਵੀ ਦੀਆਂ ਭੁਬਾਂ ਤੇ ਚੀਕਾਂ ਤੇਜ਼ ਹੁੰਦੀਆਂ ਜਾਂਦੀਆਂ ਨੇ। ਜਿਵੇਂ ਜਿਵੇਂ ਉਹਦੀ ਕੁਰਲਾਹਟ ਵਧਦੀ ਹੈ, ਤਿਵੇਂ ਤਿਵੇਂ ਇਨ੍ਹਾਂ ਦੀ ਘਬਰਾਹਟ ਵਧਦੀ ਜਾਂਦੀ ਹੈ।

ਗੋਪਾਲ ਦਾਸ–ਪਰਮਾਤਮਾਂ ਦੇ ਰੂਪ ਨਿਆਰੇ ਨੇ।

ਸ਼ਾਮ ਲਾਲ–ਪਰਮਾਤਮਾ ਹੋਣੀ ਦਾ ਹੀ ਇਕ ਹੋਰ ਨਾਂ ਹੈ।

ਮੋਹਨ ਲਾਲ ਉਸੇ ਵੇਲੇ ਦਾਖ਼ਲ ਹੁੰਦਾ ਹੈ।

ਮੋਹਨ ਲਾਲ–ਦਾਈ ਤਾਂ ਉਹ ਵੀ ਨਹੀਂ ਮਿਲੀ।

ਸ਼ਾਮ ਲਾਲ–ਨਹੀਂ ਮਿਲੀ?

ਮੋਹਨ ਲਾਲ–ਨਹੀਂ।

ਸ਼ਾਮ ਲਾਲ–(ਸੋਚਦਾ ਹੈ, ਫੇਰ ਕਹਿੰਦਾ ਹੈ) ਤੂੰ ਇੰਨੀ ਦੇਰ ਕਿਉਂ ਲਾ ਦਿਤੀ?

ਮੋਹਨ ਲਾਲ–ਬਾਜ਼ਾਰ ਵਿਚ ਟਰੈਫ਼ਿਕ ਬੰਦ ਸੀ, ਇਸ ਲਈ ਅਟਕਣਾ ਪੈ ਗਿਆ।

ਸ਼ਾਮ ਲਾਲ–(ਗੋਪਾਲ ਦਾਸ ਨੂੰ) ਇਹ ਹੋਣੀ ਦੇ ਕਾਰੇ ਨਹੀਂ ਤਾਂ ਹੋਰ ਕੀ ਹੈ? ਵੇਲੇ ਸਿਰ ਸਾਰੇ ਸ਼ਹਿਰ ਵਿਚ ਕੋਈ ਦਾਈ ਵੀ ਨਹੀਂ ਮਿਲ ਰਹੀ।

ਗੋਪਾਲ ਦਾਸ–ਅਛਾ, ਜੋ ਹੋਣਾ ਹੈ, ਹੋ ਕੇ ਰਹੇਗਾ! ਹੋਰ ਬੰਦਾ ਕੀ ਕਰ ਸਕਦਾ ਹੈ?

ਸ਼ਾਮ ਲਾਲ–(ਉੱਚੀ ਜਿਹੀ) ਭਾਬੋ ਜੀ, ਦਾਈ ਤਾਂ ਦੂਜੀ ਵੀ ਨਹੀਂ ਮਿਲੀ।

ਤੁਲਸੀ ਬਾਈ–(ਬਾਹਰ ਵਲ ਝਾਕਦੇ ਹੋਏ) ਚੰਗਾ ਪੁਤਰ, ਜਿਵੇਂ ਹੋਵੇਗਾ, ਈਸ਼ਵਰ ਭਲੀ ਕਰੇਗਾ।

ਗੋਪਾਲ ਦਾਸ–ਸ਼ਾਮ, ਕਿਸੇ ਲੇਡੀ ਡਾਕਟਰ ਦਾ ਹੀ ਪਤਾ ਕਰ ਲੈਂਦੇ।

ਸ਼ਾਮ ਲਾਲ–ਨੇੜੇ ਕੋਈ ਨਹੀਂ, ਨਾਲੇ ਉਹਦੀ ਫ਼ੀਸ ਕੌਣ ਭਰੇਗਾ?

ਗੋਪਾਲ ਦਾਸ–ਫੇਰ ਵੀ, ਇਹੋ ਜਿਹੇ ਮੌਕੇ ਤੇ ਹਥ ਪੈਰ ਮਾਰ ਲੈਣੇ ਚਾਹੀਦੇ ਹਨ, ਬਾਦ ਵਿਚ ਕਈ ਵਾਰੀ ਅਫ਼ਸੋਸ ਰਹਿ ਜਾਂਦਾ ਹੈ।

ਅੰਦਰੋਂ ਸੀਤਾ ਦੇਵੀ ਦੀ ਬੜੀ ਉਚੀ ਚੀਕ ਸੁਣੀਂਦੀ ਹੈ। ਤਿੰਨੇ ਖਲੋ ਜਾਂਦੇ ਨੇ। ਅੰਦਰੋਂ ਕਈ ਤੜ੍ਹਾਂ ਦੀਆਂ ਆਵਾਜ਼ਾਂ ਆਂਦੀਆਂ ਹਨ। ਇਹ ਪਰੇਸ਼ਾਨੀ ਵਿਚ ਖਲੋਤੇ ਰਹਿੰਦੇ ਹਨ। ਜ਼ਰਾ ਕੁ ਵਕਫ਼ੇ ਬਾਦ ਤੁਲਸੀ ਬਾਈ ਅੰਦਰੋਂ ਕਮਰੇ ਦੇ ਬੂਹੇ ਕੋਲ ਆਂਦੀ ਹੈ।

ਰਾਮ ਲਾਲ—(ਸਖ਼ਤ ਘਬਰਾਹਟ ਨਾਲ) ਭਾਬੋ ਜੀ!
ਤੁਲਸੀ ਬਾਈ—ਬਚਾ ਹੋਇਆ ਹੈ—ਮੁਰਦਾ!

ਰਾਮ ਲਾਲ ਦੀਆਂ ਅਖਾਂ ਅਗੇ ਹਨੇਰਾ ਆ ਜਾਂਦਾ ਹੈ। ਉਹ ਮੰਜੀ ਦਾ ਸਹਾਰਾ ਲਇੰਦਾ ਹੈ। ਗੋਪਾਲ ਦਾਸ ਓਹਨੂੰ ਧੀਰਜ ਨਾਲ ਬਠਾਂਦਾ ਹੈ।

[ਪਰਦਾ]

# ਮਹਾਰਾਜਾ ਦੀ ਜੈ !

ਪਤੀ

ਪਤਨੀ

ਕਮਲੇਸ਼—ਉਹਨਾਂ ਦੀ ਬਚੀ

ਸੁਸ਼ੀਲਾ ਰਾਣੀ—ਉਹਨਾਂ ਦੀ ਗੁਆਂਢਣ

ਸਮਾਂ—ਅੰਗਰੇਜ਼ਾਂ ਦੇ ਜਾਣ ਤੋਂ ਇਕ ਅਧ ਸਾਲ ਪਹਿਲੇ

ਸਥਾਨ—ਹਿੰਦੁਸਤਾਨ ਦੀ ਇਕ ਰਿਆਸਤ

ਇਕ ਕਮਰਾ, ਜਿਸ ਵਿਚ ਦੋ ਮੰਜੀਆਂ ਪਈਆਂ ਹਨ। ਇਕ ਉਪਰ ਕਮਲੇਸ਼ ਲੇਟੀ ਹੋਈ ਹੈ,

ਦੂਜੀ ਸੈਣਤ ਦੇ ਕੰਮ ਆਉਂਦੀ ਹੈ, ਕਿਉਂਕਿ ਕੁਰਸੀ ਉਸ ਕਮਰੇ ਵਿਚ ਇਕੋ ਹੀ ਹੈ। ਇਕ ਮੇਜ਼ ਮੰਜੀ ਦੇ ਨੇੜੇ ਜਿਹੇ ਪਈ ਹੈ। ਉਸ ਉਪਰ ਦਵਾਈ ਦੀਆਂ ਇਕ ਦੋ ਸ਼ੀਸ਼ੀਆਂ ਹਨ। ਜਿਸ ਵੇਲੇ ਪਰਦਾ ਉਠਦਾ ਹੈ, ਕਮਲੇਸ਼ ਦੇ ਆਲੇ ਦਵਾਲੇ ਉਹਦੇ ਮਾਤਾ ਤੇ ਪਿਤਾ ਇਕਠੇ ਹੋਏ ਹੋਏ ਹਨ।

ਪਤਨੀ–(ਥਰਮਾਮੀਟਰ ਵੇਖਦੇ ਹੋਏ) ਬੁਖ਼ਾਰ ੧੦੫ ਦੇ ਕਰੀਬ ਹੈ।

ਪਤੀ–ਮੈਨੂੰ ਵਿਖਾਣਾ। (ਵੇਖਦਾ ਹੈ) ਪੂਰੇ ੧੦੪.੮ ਹੈ।

ਪਤਨੀ–ਬਹੁਤ ਤੇਜ਼ੀ ਨਾਲ ਚੜ੍ਹ ਰਿਹਾ ਹੈ। ਹਾਲੀ ਘੰਟਾ ਹੋਇਆ ਤਿੰਨ ਤੋਂ ਥਲੇ ਸੀ।

ਪਤੀ–(ਕਮਲੇਸ਼ ਦੇ ਸਿਰ ਤੇ ਹਥ ਫੇਰਦੇ ਹੋਏ) ਕਮਲੇਸ਼, ਬੇਟਾ ਕੀ ਹਾਲ ਹੈ ?

ਕਮਲੇਸ਼–ਪਾਣੀ !

ਪਤੀ–ਪਾਣੀ ਦੇਵੋ। ਬੇਟੀ ਪਾਣੀ ਮੰਗਦੀ ਹੈ।

ਪਤਨੀ ਪਾਣੀ ਦੇਂਦੀ ਹੈ ਪਰ ਗਲਾਸ ਹਥੋਂ ਨਹੀਂ ਛਡਦੀ।

ਪਤਨੀ–ਠੰਢਾ ਹੀ ਦੇ ਦੇਵਾਂ ?

ਪਤੀ–ਕੀ ਹਰਜ ਹੈ ?

ਪਤਨੀ–ਸ਼ਾਮ ਦੀ ਖੰਘਦੀ ਵੀ ਪਈ ਹੈ।

ਪਤੀ–ਕਿਉਂ ਬੇਟਾ, ਪਾਣੀ ਗਰਮ ਪੀਵੇਂਗੀ ਕਿ ਠੰਢਾ ?

ਕਮਲੇਸ਼—ਠੰਢਾ ।

ਪਤੀ—ਠੰਢਾ ਹੀ ਦੇ ਦੇਵੇ, ਕੀ ਹਰਜ ਹੈ ?

ਪਤਨੀ—ਮੈਂ ਕਹਿੰਦੀ ਹਾਂ ਕਿਧਰੇ ਨੁਕਸਾਨ ਨਾ ਕਰੇ !

ਕਮਲੇਸ਼—ਪਾਣੀ।

ਪਤੀ—ਨੁਕਸਾਨ ਕੀ ਕਰਨਾ ਸੂ, ਦੋ ਤਾਂ ਘੁਟ ਨੇ।

ਪਤਨੀ ਪਾਣੀ ਦੇਂਦੀ ਹੈ। ਕਮਲੇਸ਼ ਦੋ ਘੁਟ ਭਰਦੀ ਹੈ।
ਪੀਂਦੇ ਸਾਰ ਹੀ ਉਹਦੀ ਖੰਘ ਛਿੜ ਪੈਂਦੀ ਹੈ।

ਪਤਨੀ—(ਕਮਲੇਸ਼ ਦੀ ਛਾਤੀ ਮਲਦੇ ਹੋਇ) ਕੋਈ ਗਲ ਨਹੀਂ । ਕੋਈ ਗਲ ਨਹੀਂ। ਮੇਰੀ ਬਚੀ ਨੂੰ ਖੰਘ ਲਗ ਗਈ ਹੈ। ਮੈਂ ਸਦਕੇ ਜਾਵਾਂ, ਮੈਂ ਘੋਲੀ ਜਾਵਾਂ। ਕੋਈ ਗਲ ਨਹੀਂ, ਹੁਣੇ ਠੀਕ ਹੋ ਜਾਵੇਗੀ।

ਹੌਲੀ ਹੌਲੀ ਕਮਲੇਸ਼ ਦੀ ਖੰਘ ਘਟ ਜਾਂਦੀ ਹੈ।

ਪਤਨੀ- (ਪਤੀ ਨੂੰ) ਕਿਹਾ ਨਹੀਂ ਸੀ ਠੰਢਾ ਪਾਣੀ ਖਰਾਬ ਕਰੇਗਾ ?

ਪਤੀ—ਮੈਨੂੰ ਕੀ ਪਤਾ ਸੀ ਇਨੀ ਖੰਘ ਆ ਜਾਣੀ ਹੈ ਇਸ ਨੂੰ ?

ਪਤਨੀ—ਸ਼ਾਮ ਦੀ ਖੰਘਦੀ ਪਈ ਸੀ। ਸਾਹ ਇਹਦਾ ਇਸ ਤਰ੍ਹਾਂ ਪਿਆ ਚਲਦਾ ਸੀ ਜਿਵੇਂ ਲੁਹਾਰ ਦੀ ਧੁਣਕਣੀ ।

ਪਤੀ- ਪਤਾ ਨਹੀਂ ਕੀ ਚੀਜ਼ ਹੈ।

ਪਤਨੀ—ਮੈਨੂੰ ਤਾਂ ਡਰ ਲਗਦਾ ਹੈ ਕਿਧਰੇ ਨਮੂਨੀਆਂ ਨਾ ਹੋਵੇ !

ਪਤੀ—ਨਮੂਨੀਆਂ ਕਿਸ ਤਰ੍ਹਾਂ ਹੋ ਸਕਦਾ ਹੈ ? ਅਜ ਕਲ ਕੋਈ ਨਮੂਨੀਏ ਦਾ ਮੌਸਮ ਹੈ ?

ਪਤਨੀ–ਨਮੂਨੀਏ ਦਾ ਵੀ ਕੋਈ ਮੌਸਮ ਹੁੰਦਾ ਹੈ ! ਕਿਸੇ ਵੇਲੇ ਹੋ ਸਕਦਾ ਹੈ।

ਪਤੀ–ਫੇਰ ਪਤਾ ਨਹੀਂ ਕੀ ਚੀਜ਼ ਹੈ !

ਪਤਨੀ–ਤੁਹਾਨੂੰ ਸਾਹ ਨਹੀਂ ਸੁਣੀਦਾ ਇਸ ਦਾ ? ਇੰਜ ਲਗਦਾ ਹੈ, ਜਿਵੇਂ ਸਾਹ ਦੇ ਰਾਹ ਵਿਚ ਕੁਝ ਅੜਿਆ ਹੋਇਆ ਹੋਵੇ। ਸਾਹ ਪੂਰੀ ਤਰ੍ਹਾਂ ਨਹੀਂ ਲੈ ਸਕਦੀ।

ਪਤੀ–ਜੇ ਇਸ ਵੇਲੇ ਕਰਫ਼ੀਊ ਨਾ ਹੋਵੇ ਤਾਂ ਹੁਣੇ ਡਾਕਟਰ ਨੂੰ ਬੁਲਾ ਲਿਆਂਦਾ। ਬਾਹਰ ਤਾਂ ਜਮ ਖੜੇ ਨੇ, ਜਮ।

ਪਤਨੀ–ਤੁਸੀਂ ਸ਼ਾਮ ਨੂੰ ਦੇਰੀ ਨਾਲ ਆਏ ਸੀ। ਜਦੋਂ ਮੈਂ ਸੁਨੇਹਾ ਭੇਜਿਆ ਸੀ, ਉਸ ਵੇਲੇ ਆ ਜਾਂਦੇ ਤਾਂ ਕਿਸੇ ਨੂੰ ਬੁਲਾਇਆ ਜਾ ਸਕਦਾ ਸੀ।

ਪਤੀ–ਅਖ਼ਬਾਰ ਕਢਣਾ ਸੀ, ਕਿਵੇਂ ਆਉਂਦਾ ? ਪਹਿਲਾ ਸਾਰਾ ਸਫ਼ਾ ਮੈਂ ਆਪ ਸਿਰ ਤੇ ਖਲੋ ਕੇ ਛਪਵਾਇਆ ਸੀ।

ਪਤਨੀ–ਮੈਂ ਵੀ ਕਿਸ ਤਰ੍ਹਾਂ ਹਿਲਦੀ ? ਇਕ ਮਿੰਟ ਅਖੋਂ ਉਹਲੇ ਨਹੀਂ ਸੀ ਹੋਣ ਦੇਂਦੀ।

ਕਮਲੇਸ਼ ਬੇ-ਆਰਾਮੀ ਨਾਲ ਹਿਲਦੀ ਹੈ।

ਪਤੀ–(ਜਜ਼ਬੇ ਨਾਲ)ਬੜੀ ਤਕਲੀਫ਼ ਵਿਚ ਹੈ। (ਇਹ ਕਹਿ ਕੇ ਕਮਲੇਸ਼ ਵਲ ਤਕਦਾ ਹੈ, ਜਿਵੇਂ ਕੋਈ ਪਿਤਾ ਹੀ ਆਪਣੀ ਬੱਚੀ ਵਲ ਤਕ ਸਕਦਾ ਹੈ)।

ਪਤਨੀ–ਤਕਲੀਫ਼ ਵਧਦੀ ਹੀ ਜਾਂਦੀ ਹੈ, ਘਟਦੀ ਨਹੀਂ ਪਈ।

ਪਤੀ–(ਘੜੀ ਵਲ ਤਕ ਕੇ) ਕਰਫ਼ੀਊ ਟੁਟਣ 'ਚ ਦੋ ਘੰਟੇ ਰਹਿੰਦੇ ਨੇ।

ਪਤਨੀ–ਫੇਰ ਵੀ ਕਿਹੜਾ ਸਿਪਾਹੀਆਂ ਨੇ ਪੁਲ ਤੋਂ ਲੰਘਣ ਦੇਣਾ ਹੈ।

ਪਤੀ–ਬੀਮਾਰ ਹੋਣ ਦਾ ਕਿਜੇਹਾ ਕੁਵੇਲਾ ਵਕਤ ਹੈ !

ਪਤਨੀ–ਬੀਮਾਰੀ ਜਿਵੇਂ ਦਿਨ ਤੇ ਵਾਰ ਵੇਖ ਕੇ ਆਉਂਦੀ ਹੈ !

ਪਤੀ– ਫੇਰ ਕੀਤਾ ਕੀ ਜਾਵੇ ?

ਪਤਨੀ–(ਮਾੜੀ ਜਿਹੀ ਟੋਕ ਨਾਲ) ਜੇ ਬੀਮਾਰੀ ਵਕਤ ਵੇਖ ਕੇ ਨਹੀਂ ਆਉਂਦੀ ਤਾਂ ਅਸੀਂ ਹੀ ਵਕਤ ਵੇਖ ਲਿਆ ਕਰੀਏ !

ਪਤੀ–(ਚੋਭ ਮਹਿਸੂਸ ਕਰਦੇ ਹੋਏ) ਇਸ ਵੇਲੇ ਮੈਂ ਇਹੋ ਕਰ ਸਕਦਾ ਹਾਂ ਕਿ ਕਰਫ਼ੀਊ ਦੇ ਵਿਚ ਹੀ ਬਾਹਰ ਨਿਕਲ ਖਲੋਵਾਂ ਤੇ ਗੋਲੀ ਖਾ ਕੇ ਮੁੜ ਆਵਾਂ, ਜੇ ਮੁੜ ਸਕਾਂ ।

ਪਤਨੀ–ਤੁਸੀ ਤਾਂ ਦੂਜੇ ਪਾਸੇ ਤੁਰ ਪੈਂਦੇ ਹੋ । ਮੈਂ ਇਹ ਕਦੋਂ ਕਿਹਾ ਹੈ ਕਿ ਤੁਸੀ ਕਰਫ਼ੀਊ ਦੇ ਵਿਚ ਹੀ ਬਾਹਰ ਨਿਕਲ ਜਾਵੋ ।

ਪਤੀ–(ਆਪਣੀ ਸਫ਼ਾਈ ਵਿਚ) ਇਹਦਾ ਮਤਲਬ ਤਾਂ ਇਹੋ ਬਣਦਾ ਹੈ, ਹੋਰ ਕੀ ?

ਪਤਨੀ–ਮੈਂ ਭੁਲ ਬੈਠੀ, ਮੈਂ......

ਕਮਲੇਸ਼ ਬੁਖ਼ਾਰ ਵਿਚ ਬੁੜ ਬੁੜ ਕਰਦੀ ਹੈ । ਮਾਂ ਦਾ ਧਿਆਨ ਉਧਰ ਹੋ ਜਾਂਦਾ ਹੈ ।

ਪਤਨੀ–ਇਹ ਤਕੋ । ਕਿਵੇਂ ਪਈ ਬੁਖ਼ਾਰ ਵਿਚ ਬੋਲਦੀ ਹੈ ।

ਪਤੀ–(ਕਮਲੇਸ਼ ਦੇ ਪਿੰਡੇ ਤੇ ਹਥ ਮਲ ਕੇ) ਮੈਂ ਕਹਿੰਦਾ ਹਾਂ ਬੁਖ਼ਾਰ ਸ਼ਾਇਦ ਹੋਰ ਵੀ ਤੇਜ਼ ਹੋ ਰਿਹਾ ਹੈ ।

ਪਤਨੀ–(ਆਪਣੇ ਹਥ ਨਾਲ ਟੋਹ ਕੇ) ਨਹੀਂ, ਐਵੇਂ ਤੁਹਾਨੂੰ ਗ਼ਲਤੀ ਪਈ ਲਗਦੀ ਹੈ ।

ਪਤੀ–ਫੇਰ ਥਰਮਾਮੀਟਰ ਲਾ ਕੇ ਵੇਖਾਂ ?

ਪਤਨੀ–ਹਾਲੀ ਹੁਣੇ ਤਾਂ ਲਾਇਆ ਹੈ । ਇੰਨੀ ਛੇਤੀ ਕਿਸ ਤਰ੍ਹਾਂ ਫ਼ਰਕ ਪੈ ਸਕਦਾ ਹੈ !

ਪਤੀ–ਚੰਗਾ ਰਹਿਣ ਦੇਵੋ। (ਜ਼ਰਾ ਚੁਪ ਦੇ ਬਾਹਦ) ਮੇਰੀ ਸਲਾਹ ਹੈ ਕ੍ਰਿਸ਼ਨ ਦੀ ਮਾਂ ਨੂੰ ਜਗਾ ਲਈਏ।

ਪਤਨੀ–ਉਹ ਭਲਾ ਕੀ ਕਰੇਗੀ। ਕੋਈ ਡਾਕਟਰ ਥੋੜੀ ਹੈ !

ਪਤੀ–ਬੁਢੀਆਂ ਔਰਤਾਂ ਨੂੰ ਬੜਾ ਕੁਝ ਪਤਾ ਹੁੰਦਾ ਹੈ। ਹੋਰ ਨਹੀਂ ਤਾਂ ਘਟੋ ਘਟ ਇਹ ਤਾਂ ਦਸ ਸਕੇਗੀ ਕਿ ਇਸ ਵੇਲੇ ਕੀ ਕਰੀਏ।

ਪਤਨੀ–ਮੇਰੀ ਰਾਏ ਹੈ ਗਰਮ ਪਾਣੀ ਦੀ ਬੋਤਲ ਇਹਦੀ ਛਾਤੀ ਉਪਰ ਰਖ ਦੇਈਏ।

ਪਤੀ–ਤੇ ਜੇ ਉਹਦਾ ਕੋਈ ਨੁਕਸਾਨ ਹੋ ਗਿਆ ਤਾਂ ?

ਪਤਨੀ–ਨੁਕਸਾਨ ਕਿਸ ਤਰ੍ਹਾਂ ਹੋ ਸਕਦਾ ਹੈ ? ਛਾਤੀ ਨੂੰ ਸੇਕ ਪਹੁੰਚੇਗਾ ਤਾਂ ਸ਼ਾਇਦ ਖੰਘ ਘਟ ਜਾਵੇਗੀ।

ਪਤੀ–ਐਵੇਂ ਕਿਧਰੇ ਉਲਟੀ ਗਲ ਹੀ ਨਾ ਕਰ ਬੈਠੀਏ। ਰਹਿਣ ਦੇਵੋ, ਮੇਰਾ ਖ਼ਿਆਲ ਹੈ।

ਪਤਨੀ–ਜਿਸ ਤਰ੍ਹਾਂ ਕਹਿੰਦੇ ਹੋ। (ਜ਼ਰਾ ਰੁਕ ਕੇ) ਪਰ ਪਾਣੀ ਤਾਂ ਗਰਮ ਧਰ ਦੇਵੀਏ। ਕੀ ਪਤਾ ਹੈ ਕਿਸ ਵੇਲੇ ਲੋੜ ਪੈ ਜਾਵੇ !

ਪਤੀ–ਧਰ ਦੇਵੋ। ਕੀ ਹਰਜ ਹੈ।

ਪਤਨੀ ਸਟੋਵ ਬਾਲਣ ਲਗਦੀ ਹੈ।

ਪਤਨੀ–ਅਖਬਾਰ ਕਿੰਨਾ ਛਾਪਿਆ ਹੈ ਅਜ ?

ਪਤੀ–ਪੂਰਾ ਇਕ ਹਜ਼ਾਰ।

ਪਤਨੀ–ਇੰਨਾ ਵੰਡ ਸਕੋਗੇ ?

ਪਤੀ–ਹਥੋ ਹਥੀ ਖ਼ਤਮ ਹੋ ਜਾਂਦਾ ਹੈ।

ਪਤਨੀ–(ਖਿਝ ਕੇ) ਮੇਰੇ ਕੋਲੋਂ ਨਹੀਂ ਬਲਦਾ ਇਹ ਸਟੋਵ।

ਪਤੀ–ਮੈਂ ਬਾਲ ਦੇਂਦਾ ਹਾਂ।

ਸਟੋਵ ਨੂੰ ਕੁਝ ਬੇਤਰਤੀਬੀ ਕਰ ਕੇ ਬਾਲ ਦੇਂਦਾ ਹੈ।

ਪਤਨੀ—ਤੁਸੀ ਵੇਲੇ ਸਿਰ ਆਏ ਹੁੰਦੇ ਤਾਂ ਤਕਲੀਫ਼ ਦਾ ਵੀ ਪਤਾ ਲਗ ਜਾਣਾ ਸੀ ਤੇ ਦਵਾਈ ਵੀ ਮਿਲ ਜਾਣੀ ਸੀ।

ਪਤੀ—ਮੈਂ ਆਂਦਾ ਕਿਵੇਂ ? ਉਹ ਵੀ ਤਾਂ ਕੰਮ ਜ਼ਰੂਰੀ ਸੀ। ਨਾਲੇ ਪੁਲ ਤੋਂ ਕੌਣ ਲੰਘਦਾ ? ਸਿਪਾਹੀਆਂ ਨੇ ਸੀਨੇ ਤੇ ਸੰਗੀਨ ਧਰ ਕੇ ਕਹਿਣਾ ਸੀ, "ਕਹਿ, ਮਹਾਰਾਜ ਦੀ ਜੈ!"

ਪਤਨੀ—ਜੇ ਤੁਸੀ ਘਰ ਹੁੰਦੇ ਤਾਂ ਸ਼ਾਮ ਵੇਲੇ ਮੈਂ ਆਪ ਹੀ ਚਲੀ ਜਾਂਦੀ, ਮੈਨੂੰ ਕਿਸੇ ਨੇ ਕੀ ਕਹਿਣਾ ਸੀ ?

ਪਤੀ—ਕਹਿਣਾ ਕਿਉਂ ਨਹੀਂ ਸੀ ? ਔਰਤਾਂ ਦਾ ਵੀ ਲਿਹਾਜ਼ ਨਹੀਂ ਕਰਦੇ। ਉਹਨਾਂ ਕੋਲੋਂ ਵੀ ਜੈ ਅਖਵਾਂਦੇ ਨੇ।

ਪਤਨੀ—ਇਸ ਮਹਾਰਾਜੇ ਦਾ ਅੰਤ ਹੁਣ ਨੇੜੇ ਆਇਆ ਹੈ। ਕਿਸੇ ਕੋਲੋਂ ਅਖਵਾਇਆਂ ਵੀ ਜੈ ਹੁੰਦੀ ਹੈ!

ਪਤੀ—ਜੇ ਉਹਨੂੰ ਇਹ ਪਤਾ ਹੋਵੇ ਤਾਂ ਇਨਾਂ ਕੁਝ ਕਰਵਾਏ ਹੀ ਕਿਉਂ ?

ਪਤਨੀ—ਕੀ ਪਤਾ ਹੈ ਉਹਨੂੰ ਇਹ ਪਤਾ ਵੀ ਹੈ ਕਿ ਨਹੀਂ ਕਿ ਉਹਦੇ ਸਿਪਾਹੀ ਸੰਗੀਨ ਦੀ ਨੋਕ ਤੇ ਉਹਦੀ ਜੈ ਅਖਵਾਂਦੇ ਹਨ।

ਪਤੀ—ਪਤਾ ਕਿਉਂ ਨਾ ਹੋਵੇਗਾ ? ਇਹੋ ਜਿਹੇ ਕੰਮ ਭਲਾ ਹਾਕਮਾਂ ਦੇ ਪਤੇ ਬਿਨਾਂ ਹੁੰਦੇ ਹਨ!

ਪਤਨੀ—ਠੀਕ ਹੈ, ਪਰ ਹੋ ਸਕਦਾ ਹੈ ਕਿ ਇਹੋ ਜਿਹੇ ਕੰਮ ਉਹਦੇ ਅਹਿਲਕਾਰ ਕਰਵਾਂਦੇ ਹੋਣ ਤੇ ਮਹਾਰਾਜੇ ਨੂੰ ਆਪ ਪਤਾ ਹੀ ਨਾ ਹੋਵੇ।

ਪਤੀ—ਐਵੇਂ ਭੋਲੀਆਂ ਗਲਾਂ ਨੇ। ਹਰ ਜਗ੍ਹਾ ਹਕੂਮਤ ਸੰਗੀਨ ਦੀ ਨੋਕ ਨਾਲ ਹੁੰਦੀ ਹੈ। ਮਹਾਰਾਜੇ ਦੀ ਰਿਆਸਤ ਵਿਚ ਭਲਾ ਕਿਉਂ ਨਹੀਂ ਕਿਸੇ ਦਾ ਹੁੰਦਾ ? ਹਰ ਇਕ ਦਾ ਬੁਰਾ ਕਿਉਂ ਹੁੰਦਾ ਹੈ ? ਇਸੇ ਲਈ ਨਾ ਕਿ ਹਰ ਚੀਜ਼ ਮਹਾਰਾਜੇ ਦੀ ਹੈ ਤੇ ਲੋਕਾਂ ਦਾ

ਕੁਝ ਵੀ ਨਹੀਂ ।

ਪਤਨੀ—ਅਜ ਤੁਸੀਂ ਅਖਬਾਰ ਵਿਚ ਵੀ ਇਹ ਲਿਖ ਦਿਤਾ ਹੈ ਕਿ ਪੁਲ ਤੋਂ ਲੰਘਣ ਲਗਿਆਂ ਸਿਪਾਹੀ ਜ਼ਬਰਦਸਤੀ ਮਹਾਰਾਜੇ ਦੀ ਜੈ ਬੁਲਵਾਂਦੇ ਹਨ ?

ਪਤੀ—ਲਿਖਣਾ ਕਿਉਂ ਨਹੀਂ ਸੀ ? ਜ਼ਨਾਨਤ ਜੋ ਜ਼ਬਤ ਹੋਣੀ ਸੀ ਹੋ ਚੁਕੀ ਹੈ—ਹੁਣ ਡਰ ਕਾਹਦਾ ਹੈ ?

ਪਤਨੀ—ਤੇ ਜੇ ਅਖਬਾਰ ਪੁਲੀਸ ਦੇ ਅੜੇ ਚੜ੍ਹ ਜਾਏ ਤਾਂ ?

ਪਤੀ—ਅਗੇ ਅਸੀਂ ਉਹਨਾਂ ਦੀ ਇਜਾਜ਼ਤ ਨਾਲ ਛਾਪਦੇ ਹਾਂ ਕਿ ਉਹਨਾਂ ਦੀ ਮਰਜ਼ੀ ਮੁਤਾਬਿਕ ਲਿਖੀਏ !

ਕਮਲੇਸ਼ ਨੂੰ ਅਚਾਨਕ ਖੰਘ ਦਾ ਦੌਰਾ ਆਂਦਾ ਹੈ । ਖੰਘ ਖੰਘ ਕੇ ਓਹ ਬੇਹਾਲ ਹੋ ਜਾਂਦੀ ਹੈ । ਦੋਹਾਂ ਦਾ ਧਿਆਨ ਬਚੀ ਵਲ ਹੋ ਜਾਂਦਾ ਹੈ । ਮਾਂ ਉਹਦੀ ਛਾਤੀ ਮਲਦੀ ਹੈ, ਪਿਆਰ ਕਰਦੀ ਹੈ; ਪਿਤਾ ਉਹਦਾ ਨਾਂ ਲੈ ਕੇ ਬੁਲਾਂਦਾ ਹੈ । ਜਦੋਂ ਖੰਘ ਦਾ ਜ਼ੋਰ ਜ਼ਰਾ ਘਟਦਾ ਹੈ, ਉਹ ਆਪਣੇ ਨਾਂ ਦਾ ਜਵਾਬ ਦੇਂਦੀ ਹੈ,ਪਰ ਸਿਰਫ਼ ਇਕ ਦੋ ਵਾਰੀ—

ਪਤੀ—(ਲਾਚਾਰ ਹੋ ਕੇ) ਅਖਬਾਰ ਬੰਦ ਹੋਣ ਨਾਲ ਟੈਲੀਫ਼ੂਨ ਹੀ ਲਥ ਗਿਆ ਹੈ, ਨਹੀਂ ਤਾਂ ਡਾਕਟਰ ਨੂੰ ਟੈਲੀਫ਼ੂਨ ਤੇ ਹੀ ਪੁਛ ਲੈਂਦੇ ।

ਪਤਨੀ—(ਪਤੀ ਦੀ ਗਲ ਨਾ ਸੁਣਦੇ ਹੋਏ) ਹਾਏ ਮੈਂ ਮਰ ਜਾਵਾਂ । ਹੁਣੇ ਅਸੀਂ ਡਾਕਟਰ ਨੂੰ ਬੁਲਾਵਾਂਗੇ । ਤੂੰ ਵੇਰ ਬਿਲਕੁਲ ਰਾਜ਼ੀ ਹੋ ਜਾਏਂਗੀ ।

ਪਤੀ—ਡਾਕਟਰ ਨੂੰ ਬੁਲਾਵਾਂਗੇ ਕਿਸ ਤਰ੍ਹਾਂ ? ਮੈਨੂੰ ਤਾਂ ਇਹੋ ਫ਼ਿਕਰ ਖਾ ਰਿਹਾ ਹੈ ।

ਪਤਨੀ–ਸਵੇਰ ਤਾਂ ਹੋ ਲੈਣ ਦੇਵੋ, ਆਪੇ ਕੋਈ ਨਾ ਕੋਈ ਇੰਤਜ਼ਾਮ ਹੋ ਜਾਏਗਾ।

ਪਤੀ–ਇੰਤਜ਼ਾਮ ਕਿਥੋਂ ਹੋ ਜਾਏਗਾ? ਸਵੇਰੇ ਕੋਈ ਸਿਪਾਹੀਆਂ ਦੀਆਂ ਆਦਤਾਂ ਬਦਲ ਜਾਣੀਆਂ ਨੇ ਜਾਂ ਮਹਾਰਾਜੇ ਦੀ ਹਕੂਮਤ ਉਲਟ ਜਾਣੀ ਹੈ?

ਪਤਨੀ–ਗਲ ਤਾਂ ਇਹਨਾਂ ਦੋਹਾਂ 'ਚੋਂ ਕੋਈ ਨਹੀਂ ਹੋਣੀ, ਪਰ (ਜ਼ਰਾ ਰੁਕ ਕੇ) ਕੋਈ ਨਾ ਕੋਈ ਤਰੀਕਾ ਕਢਣਾ ਹੀ ਪਵੇਗਾ।

ਪਤੀ–ਮੇਰੇ ਲਈ ਨਿਕਲਣਾ ਮੁਸ਼ਕਲ ਹੈ। ਉਹਨਾਂ ਨੂੰ ਮੇਰੀ ਜ਼ਰਾ ਵੀ ਬੋ ਆ ਗਈ, ਉਹਨਾਂ ਮੈਨੂੰ ਫੜ ਕੇ ਲੈ ਜਾਣਾ ਹੈ। ਬਸ ਫੇਰ ਅਖਬਾਰ ਠੱਪ।

ਪਤਨੀ–ਮੈਂ ਚਲੀ ਜਾਵਾਂਗੀ, ਮੈਨੂੰ ਕੋਈ ਕੁਝ ਨਹੀਂ ਕਹਿਣ ਲਗਾ। ਜੇ ਕੁਝ ਕਹਿਣਗੇ ਤਾਂ ਮੈਂ ਆਪੇ ਨਿਬੜ ਲਵਾਂਗੀ।

ਪਤੀ–ਪਰ ਜੇ ਉਹਨਾਂ ਫੜ ਕੇ ਦੋ ਘੰਟੇ ਲਈ ਹਵਾਲਾਤ ਵਿਚ ਦੇ ਦਿਤਾ ਤਾਂ ਕਮਲੇਸ਼ ਵਿਚਾਰੀ ਤਾਂ ਰੋ ਰੋ ਕੇ ਫਾਵੀ ਹੋ ਜਾਵੇਗੀ।

ਪਤਨੀ–ਅਗੇ ਜਦੋਂ ਮੈਂ ਪੂਰੇ ਅਠ ਦਿਨ ਰਹਿ ਆਈ ਸਾਂ ਤਾਂ ਤੁਸੀਂ ਇਹਨੂੰ ਸਾਂਭ ਨਹੀਂ ਸੀ ਲਿਆ? ਓਦੋਂ ਤਾਂ ਹੈ ਵੀ ਢਾਈ ਸਾਲਾਂ ਦੀ ਸੀ।

ਪਤੀ–ਓਦੋਂ ਗਲ ਹੋਰ ਸੀ। ਹੁਣ ਪੁਲੀਸ ਮੈਨੂੰ ਸੁੰਘਦੀ ਫਿਰਦੀ ਹੈ। ਫੇਰ ਮੈਂ ਇਧਰ ਉਧਰ ਅਖਬਾਰ ਦੇ ਕੰਮ ਲਈ ਵੀ ਜਾਣਾ ਹੋਇਆ।

ਪਤਨੀ–ਜੇ ਤੁਸੀਂ ਵੀ ਨਹੀਂ ਜਾ ਸਕਦੇ ਤੇ ਮੈਂ ਵੀ ਨਹੀਂ ਜਾ ਸਕਦੀ, ਤਾਂ ਫੇਰ ਜਾ ਕੌਣ ਸਕਦਾ ਹੈ?

ਪਤੀ–ਇਹੋ ਸੋਚ ਮੈਨੂੰ ਪਰੇਸ਼ਾਨ ਕਰ ਰਹੀ ਹੈ।

ਪਤਨੀ–ਸੋਚਦਿਆਂ ਸੋਚਦਿਆਂ ਤੁਸੀਂ ਕੁੜੀ ਦੀ ਜਾਨ ਗਵਾ ਲੈਣੀ ਹੈ, ਫੇਰ ਰਹਿ ਜਾਵੋਗੇ ਹਥ ਮਲਦੇ।

ਪਤੀ–ਇਹ ਕਦੀ ਹੋ ਸਕਦਾ ਹੈ ? ਮੇਰੀ ਲਾਡੋ ਰਾਣੀ, ਮੇਰੀ ਇਕੋ ਇਕ ਬੇਟੀ......

ਪਿਆਰ ਨਾਲ ਬੱਚੀ ਦੇ ਵਾਲਾਂ ਤੇ ਹਥ ਫੇਰਦਾ ਹੈ। ਉਹ ਹਿਲ ਪੈਂਦੀ ਹੈ ਤੇ ਕਹਿੰਦੀ ਹੈ–"ਪਾਪਾ।"

ਪਤੀ–ਮੇਰੀ ਬੇਟੀ ਨੂੰ ਕਿਉਂ ਤਕਲੀਫ਼ ਹੋ ਗਈ ਹੈ ? ਅਗੇ ਤਾਂ ਕਦੀ ਬੁਖ਼ਾਰ ਨਹੀਂ ਸੀ ਹੋਇਆ ਮੇਰੀ ਕਮਲੇਸ਼ ਨੂੰ। ਸਵੇਰ ਹੁੰਦਿਆਂ ਹੀ ਮੈਂ ਬੁਲਾ ਲਿਆਂਗਾ ਡਾਕਟਰ ਨੂੰ। ਫੇਰ ਰਾਣੀ ਠੀਕ ਹੋ ਜਾਵੇਗੀ, ਬਿਲਕੁਲ ਠੀਕ ਹੋ ਜਾਵੇਗੀ। (ਅਚਾਨਕ ਕੁਝ ਫੁਰਦੇ ਹੋਏ) ਮੈਂ ਕਿਹਾ ਮੈਂ ਸ਼ਿਕਾਰੇ ਤੇ ਕਿਉਂ ਨਾ ਚਲਾ ਜਾਵਾਂ। ਦਰਿਆ ਪਾਰ ਕਰਦਿਆਂ ਹੀ ਡਾਕਟਰ ਦਾ ਘਰ ਆ ਜਾਣਾ ਹੈ। ਪੁਲ ਤੋਂ ਲੰਘਣ ਦੀ ਲੋੜ ਹੀ ਨਹੀਂ।

ਪਤਨੀ–(ਗਲ ਨੂੰ ਮੰਨ ਵਿਚ ਤੋਲਦੇ ਹੋਏ) ਗਲ ਤਾਂ ਠੀਕ ਹੀ ਹੈ, ਬਸ ਖਤਰਾ ਇਨਾ ਹੈ ਕਿ ਸਿਪਾਹੀਆਂ ਨੂੰ ਦੋਵੇਂ ਪਾਸੇ ਦਿਸਦਾ ਹੈ। ਜੇ ਉਹਨਾਂ ਕੋਈ ਸ਼ਿਕਾਰਾ ਹਿਲਦਾ ਵੇਖ ਲਿਆ, ਤਾਂ ਭਾਵੇਂ ਗੋਲੀ ਹੀ ਚਲਾ ਦੇਣ।

ਪਤੀ–ਇਹ ਕੋਈ ਬਹੁਤਾ ਖਤਰਾ ਨਹੀਂ, ਅਗੇ ਕਈ ਵਾਰੀ ਆਪਣੇ ਬੰਦੇ ਰਾਤ ਨੂੰ ਇਧਰ ਉਧਰ ਜਾਂਦੇ ਹੀ ਰਹਿੰਦੇ ਨੇ।

ਪਤਨੀ–ਇਹਦੇ ਕੋਲੋਂ ਇਹ ਨਾ ਅਛਾ ਹੋਵੇ ਕਿ ਮੈਂ ਜਾਵਾਂ ? (ਉਠਦੇ ਹੋਏ) ਮੈਂ ਜਾਂਦੀ ਹਾਂ। ਮੈਨੂੰ ਕਿਹੜਾ ਸਿਪਾਹੀ ਰੋਕ ਲਵੇਗਾ ? ਮੈਂ ਕਹਿ ਦੇਵਾਂਗੀ ਮੇਰੀ ਬੱਚੀ ਬੀਮਾਰ ਹੈ, ਮੈਂ ਡਾਕਟਰ ਕੋਲ ਜਾ ਰਹੀ ਹਾਂ।

ਪਤੀ–ਤੈਨੂੰ ਕਿਸੇ ਨਹੀਂ ਲੰਘਣ ਦੇਣਾ।

ਪਤਨੀ–ਕਿਉਂ ਨਹੀਂ ਲੰਘਣ ਦੇਣਗੇ ? ਜਦ ਮੈਂ ਕਹਾਂਗੀ ਮੇਰੀ ਬੱਚੀ

ਬੀਮਾਰ ਹੈ, ਤਾਂ ਉਹਨਾਂ ਨੂੰ ਤਰਸ ਨਹੀਂ ਆਏਗਾ? ਉਹਨਾਂ ਦੇ ਬਚੇ ਨਹੀਂ ਹੁੰਦੇ? ਉਹ ਬਚੇ ਕਦੇ ਬੀਮਾਰ ਨਹੀਂ ਹੁੰਦੇ?

ਪਤੀ–ਬੀਮਾਰ ਹਰ ਇਕ ਦੇ ਬੱਚੇ ਹੁੰਦੇ ਹਨ, ਪਰ ਜਦ ਕੋਈ ਜ਼ੁਲਮ ਕਰਦਾ ਹੈ ਤਾਂ ਉਹ ਇਹ ਨਹੀਂ ਸੋਚਦਾ ਕਿ ਉਹ ਕੀ ਕਰ ਰਿਹਾ ਹੈ।

ਪਤਨੀ–ਮੈਂ ਉਹਨਾਂ ਦੀਆਂ ਮਿੰਨਤਾਂ ਕਰ ਲਵਾਂਗੀ, ਬੀਮਾਰ ਬੱਚੀ ਦਾ ਵਾਸਤਾ ਪਾਵਾਂਗੀ।

ਪਤੀ–ਕਿਸੇ ਨਹੀਂ ਸੁਣਨਾ।

ਪਤਨੀ–ਜ਼ਰੂਰ ਸੁਣਨਗੇ। ਮੇਰਾ ਖ਼ਿਆਲ ਹੈ ਉਹਨਾਂ ਵਿਚੋਂ ਕੋਈ ਨਾ ਕੋਈ ਮੇਰੇ ਨਾਲ ਤੁਰ ਵੀ ਪਵੇਗਾ। ਕਿਵੇਂ ਹੋ ਸਕਦਾ ਹੈ ਮੇਰੀ ਗਲ ਹੀ ਨਾ ਸੁਣਨ? ਅਖ਼ੀਰ ਉਹ ਵੀ ਆਦਮੀ ਨੇ।

ਪਤੀ–ਉਹ ਆਦਮੀ ਨਹੀਂ, ਨੌਕਰ ਨੇ। ਮਹਾਰਾਜੇ ਦੇ ਨੌਕਰ ਨੇ।

ਪਤਨੀ–ਮਹਾਰਾਜੇ ਦੇ ਨੌਕਰ ਆਦਮੀ ਨਹੀਂ ਹੁੰਦੇ?

ਪਤੀ–ਇਸ ਦਾ ਜਵਾਬ ਉਹਨਾਂ ਮਾਵਾਂ ਕੋਲੋਂ ਪੁਛ ਜਿਨ੍ਹਾਂ ਦੇ ਪੁਤਰ ਹਾਲੀ ਪਰਸੋਂ ਹੀ ਗੋਲੀ ਨਾਲ ਫੁੰਡੇ ਗਏ।

ਪਤਨੀ–ਕੁਝ ਵੀ ਹੋਵੇ, ਮੈਂ ਜਾਵਾਂਗੀ। ਮੇਰਾ ਜਾਣਾ ਤੁਹਾਡੇ ਕੋਲੋਂ ਘਟ ਖ਼ਤਰਨਾਕ ਹੈ। ਨਾਲੇ ਮੈਂ ਪੰਜਾਬਣ ਹਾਂ। ਮੈਨੂੰ ਥੋੜੇ ਕੀਤੇ ਕਿਸੇ ਹਥ ਨਹੀਂ ਪਾਣਾ।

ਪਤੀ–ਉਹਨਾਂ ਨੇ ਤੇਰੇ ਪੰਜਾਬਣ ਹੋਣ ਦਾ ਲਿਹਾਜ਼ ਨਹੀਂ ਕਰਨਾ। ਜਿਸ ਵੇਲੇ ਉਹਨਾਂ ਨੂੰ ਪਤਾ ਲਗਿਆ ਕਿ ਤੂੰ ਕੌਣ ਹੈਂ ਤਾਂ ਉਹਨਾਂ ਨੇ ਉਲਟਾ ਹੋਰ ਸ਼ਕ ਕਰਨਾ ਹੈ ਕਿ ਤੂੰ ਜ਼ਰੂਰ ਕਿਸੇ ਖ਼ਾਸ ਕੰਮ ਲਈ ਚਲੀ ਹੋਣੀ ਹੈਂ, ਐਵੇਂ ਨਹੀਂ।

ਪਤਨੀ–(ਬੇਸਬਰੇ ਹੋ ਕੇ) ਮੈਨੂੰ ਵੀ ਨਹੀਂ ਜਾਣ ਦੇਂਦੇ, ਤੁਸੀਂ ਆਪ ਵੀ ਨਹੀਂ ਜਾਂਦੇ, ਉਧਰੋਂ ਕੁੜੀ ਦੀ ਹਾਲਤ ਵਿਗੜਦੀ ਜਾਂਦੀ ਹੈ।

ਆਖਰ ਬਣੇਗਾ ਕੀ ?

ਪਤੀ–ਮੈਂ ਕਿਹਾ ਤਾਂ ਹੈ ਮੈਂ ਸ਼ਿਕਾਰੇ ਤੇ ਚਲਾ ਜਾਂਦਾ ਹਾਂ। ਕਰਫ਼ੀਓ ਹੁਣ ਟੁਟਣ ਹੀ ਵਾਲਾ ਹੈ।

ਪਤਨੀ–ਹਾਲੀ ਤਾਂ ਪੌਣੇ ਦੋ ਘੰਟੇ ਰਹਿੰਦੇ ਨੇ।

ਪਤੀ–ਮੈਂ ਇਸ ਤਰ੍ਹਾਂ ਕਰਦਾ ਹਾਂ ਕਿ ਨਾਲ ਦੇ ਕੋਨਿਆਂ ਤੋਂ ਟਪ ਕੇ ਗਲੀ ਦੇ ਅਖ਼ੀਰ ਜਾ ਪਹੁੰਚਦਾ ਹਾਂ। ਉਥੇ ਖਲੋ ਕੇ ਉਡੀਕਾਂਗਾ। ਜਿਸ ਵੇਲੇ ਸਿਪਾਹੀ ਦੀ ਨਜ਼ਰ ਪਰਲੇ ਪਾਸੇ ਹੋਏਗੀ, ਮੈਂ ਝਟ ਦੌੜ ਕੇ ਅਗਲੀ ਗਲੀ ਵਿਚ ਜਾ ਵੜਾਂਗਾ।

ਪਤਨੀ–(ਬਿਨਾਂ ਵਿਸ਼ਵਾਸ਼ ਦੇ) ਸ਼ਿਕਾਰਾ ਤਾਂ ਭਾਵੇਂ ਉਥੋਂ ਮਿਲ ਜਾਵੇ, ਪਰ ਇਸ ਵੇਲੇ ਤੁਰੇਗਾ ਕੌਣ ?

ਪਤੀ–ਆਪਣਾ ਮਹਿਮੂਦ ਜੁ ਉਥੇ ਹੈ!

ਪਤਨੀ–ਉਹ ਤੁਰ ਪਵੇਗਾ ?

ਪਤੀ–ਤੁਰੇਗਾ ਕਿਉਂ ਨਹੀਂ ? ਅਖਬਾਰ ਵੰਡਣ ਵੀ ਤਾਂ ਰੋਜ਼ ਉਹੋ ਜਾਂਦਾ ਹੈ।

ਪਤਨੀ–ਪਰ ਜੇ ਉਹ ਉਥੇ ਨਾ ਮਿਲਿਆ ਤਾਂ ਰੁਕੇ ਰਹਿਣਾ। ਕਰਫ਼ੀਓ ਹਟਣ ਤੋਂ ਪਹਿਲਾਂ ਆ ਨਾ ਜਾਣਾ।

ਪਤੀ–ਮੈਂ ਕਰਫ਼ੀਓ ਹਟਣ ਤਕ ਉਡੀਕਾਂਗਾ। (ਕਮਲੇਸ਼ ਵਲ ਤਕ ਕੇ) ਪਰ ਜੇ ਇਹਨੂੰ ਤਕਲੀਫ਼ ਵਧ ਗਈ ਤਾਂ.........?

ਪਤਨੀ–ਇਹਦਾ ਤੁਸੀਂ ਫ਼ਿਕਰ ਨਾ ਕਰੋ। ਹੁਣ ਤੁਸੀਂ ਰਸਤੇ ਦਾ ਫ਼ਿਕਰ ਕਰੋ।

ਪਤੀ–ਜੇ ਮੈਂ ਰਾਤੋ ਰਾਤ ਹੀ ਹੋ ਆਵਾਂ, ਤਾਂ ਪੁਲ ਪਾਰ ਕਰਨ ਤੋਂ ਤਾਂ ਬਚਾਂਗਾ। ਜੋ ਮੇਰੇ ਕੋਲੋਂ ਆਖੀ ਨਹੀਂ ਜਾਣੀ। ਸਗੋਂ ਦਿਨ ਵੇਲੇ ਫੜੇ ਜਾਣ ਦਾ ਡਰ ਹੈ।

ਪਤਨੀ–ਇਹ ਠੀਕ ਹੈ।

ਪਤੀ–ਅਛਾ ਇਹ ਦਸੋ ਕਿ ਮੈਂ ਕ੍ਰਿਸ਼ਨ ਦੀ ਮਾਂ ਨੂੰ ਤੁਹਾਡੇ ਕੋਲ ਭੇਜਦਾ ਨਾ ਜਾਵਾਂ ?

ਪਤਨੀ–ਹੁਣੇ ਭੜਕੇ ਉਠ ਕੇ ਉਸ ਨੇ ਆਪੇ ਹੀ ਆ ਜਾਣਾ ਹੈ। ਰਾਤੀ ਅਖ਼ੀਰ ਤੁਹਾਡੇ ਜਾਣ ਤਕ ਬੈਠੀ ਹੀ ਰਹੀ ਸੀ ਨਾ!

ਪਤੀ–ਕਲਿਆਂ ਕਈ ਵਾਰੀ ਘਬਰਾਹਟ ਹੋ ਜਾਂਦੀ ਹੈ। ਨਾਲੇ ਕੋਈ ਸਲਾਹ ਹੀ ਕਰਨੀ ਪੈ ਜਾਂਦੀ ਹੈ।

ਪਤਨੀ–ਇਨੀ ਕੋਈ ਗਲ ਨਹੀਂ, ਮੈਂ ਵੇਲਾ ਟਪਾ ਲਵਾਂਗੀ।

ਪਤੀ–ਨਹੀਂ, ਮੈਂ ਉਹਨੂੰ ਭੇਜਦਾ ਜਾਵਾਂਗਾ।

ਪਤਨੀ–ਤੁਸੀਂ ਟਾਰਚ ਨਾਲ ਜ਼ਰੂਰ ਲਿਜਾਣਾ।

ਪਤੀ–ਨਾ! ਟਾਰਚ ਦੀ ਰੋਸ਼ਨੀ ਤਾਂ ਦੂਰੋਂ ਹੀ ਦਿਸ ਪੈਂਦੀ ਹੈ। ਐਵੇਂ ਖ਼ਾਹ ਮਖ਼ਾਹ ਗੋਲੀ ਦਾ ਨਿਸ਼ਾਨਾ ਬਣਨਾ ਹੈ!

ਪਤਨੀ–ਇਹ ਵਾਕਈ ਖ਼ਤਰੇ ਵਾਲੀ ਗਲ ਹੈ।

ਪਤੀ–ਮੈਨੂੰ ਇਹਦੀ ਸਾਰੀ ਹਾਲਤ ਤਾਂ ਦਸ ਦੇ। ਡਾਕਟਰ ਨੂੰ ਕੀ ਦਸਾਂਗਾ ?

ਪਤਨੀ–ਬਸ ਸ਼ਾਮ ਦੇ ਤਿੰਨ ਕੁ ਵਜੇ ਇਹਨੂੰ ਬੁਖ਼ਾਰ ਚੜ੍ਹਨਾ ਸ਼ੁਰੂ ਹੋਇਆ। ਸ਼ਾਮ ਨੂੰ ੭ ਵਜੇ, ਜਿਸ ਵੇਲੇ ਮੈਂ ਤੁਹਾਨੂੰ ਸੁਨੇਹਾ ਭੇਜਿਆ ਸੀ, ਉਸ ਵੇਲੇ ਬੁਖ਼ਾਰ ੧੦੨ ਦੇ ਕਰੀਬ ਸੀ।

ਪਤੀ–ਮੈਂ ਫੇਰ ਹੁਣ ਟੈਂਪਰੇਚਰ ਲੈਂਦਾ ਨਾ ਜਾਵਾਂ। ਕੀ ਪਤਾ ਕੋਈ ਫ਼ਰਕ ਪੈ ਗਿਆ ਹੋਵੇ ?

ਪਤਨੀ–ਵਧਿਆ ਹੀ ਹੋਣਾ ਹੈ, ਘਟਿਆ ਕਿਥੋਂ ਹੋਣਾ ਹੈ ? ਪਰ ਚੰਗਾ ਵੇਖ ਹੀ ਲਵੇ।

ਥਰਮਾਮੀਟਰ ਲਾਂਦੀ ਹੈ।

ਪਤੀ–ਉਲਟੀ ਉਹਨੂੰ ਕਿਸ ਵੇਲੇ ਆਈ ਸੀ ?
ਪਤਨੀ–ਕੋਈ ਸਾਢੇ ਸਤ ਵਜੇ ਦੇ ਕਰੀਬ।
ਪਤੀ–ਤੁਸੀਂ ਕਹਿੰਦੇ ਹੋ ਖੰਘ ਵੀ ਕਈ ਦਿਨਾਂ ਦੀ ਆਂਦੀ ਸੀ।
ਪਤਨੀ–ਜਿਸ ਦਿਨ ਪੁਲੀਸ ਨੇ ਛਾਪਾ ਮਾਰਿਆ ਸੀ, ਉਸ ਰਾਤ ਮੈਂ ਸੁਣੀ ਸੀ ਪਹਿਲੀ ਵਾਰੀ। ਕਿਹੜਾ ਦਿਨ ਸੀ ਉਹ ਭਲਾ ?
ਪਤੀ–ਸ਼ੁਕਰਵਾਰ।
ਪਤਨੀ–(ਗਿਣਦੇ ਹੋਏ) ਕਰ, ਸਨਿਸ਼ਚਰ, ਐਤ, ਸੋਮ, ਅਜ ਪੰਜਵਾਂ ਦਿਨ ਹੈ।
ਪਤੀ–ਹੋਰ ਕੁਝ ?
ਪਤਨੀ–ਕਹਿੰਦੀ ਹੈ ਸਿਰ ਬੜਾ ਦੁਖਦਾ ਹੈ। ਤੇ ਗ਼ਸ਼ੀ ਤਾਂ ਤੁਸੀਂ ਆਪ ਵੇਖੀ ਹੈ।
ਪਤੀ–(ਕਮਲੇਸ਼ ਨੂੰ ਪਿਆਰ ਕਰਦੇ ਹੋਏ) ਕਮੂੰ, ਮੈਂ ਹੁਣੇ ਅਧੇ ਘੰਟੇ ਵਿਚ ਦਵਾਈ ਲੈ ਕੇ ਆਇਆ। ਤੂੰ ਰਾਜ਼ੀ ਹੋ ਜਾਏਂਗੀ।

ਕਮਲੇਸ਼ ਕੁਝ ਨਹੀਂ ਬੋਲਦੀ। ਬਿਲਕੁਲ ਘੂਕੀ ਵਿਚ ਹੈ।
ਪਤਨੀ ਥਰਮਾਮੀਟਰ ਕਢ ਕੇ ਵੇਖਦੀ ਹੈ।

ਪਤਨੀ–੧੦੫.੧ ਹੋ ਗਿਆ ਹੈ।
ਪਤੀ–ਵਧਦਾ ਹੀ ਜਾਂਦਾ ਹੈ।
ਪਤਨੀ–ਪਤਾ ਨਹੀਂ ਕੀ ਚੀਜ਼ ਹੈ ! ਨਮੂਨੀਆਂ ਨਹੀਂ ਲਗਦਾ।
ਪਤੀ–ਹੁਣ ਤੂੰ ਘਬਰਾਈਂ ਨਾ। ਮੈਂ ਬਸ ਅਧੇ ਪੌਣੇ ਘੰਟੇ ਵਿਚ ਆਇਆ।
ਪਤਨੀ–ਤੁਸੀਂ ਧਿਆਨ ਨਾਲ ਜਾਣਾ। ਮਤੇ ਕਿਧਰੇ......
ਪਤੀ–ਮੇਰਾ ਤੂੰ ਫ਼ਿਕਰ ਨਾ ਕਰ।

ਪਤਨੀ—ਫ਼ਿਕਰ ਕਿਵੇਂ ਨਾ ਕਰਾਂ ? ਕੀ ਪਤਾ ਹੈ ਇਹਨਾਂ ਸਿਪਾਹੀਆਂ ਦਾ ?

ਪਤੀ—ਆਪਣੇ ਹੋਰ ਕਈ ਸਾਥੀ ਵੀ ਤਾਂ ਰਾਤਾਂ ਨੂੰ ਫਿਰਦੇ ਰਹਿੰਦੇ ਨੇ। ਤੇਰਾ ਕੀ ਖ਼ਿਆਲ ਹੈ ਅਖਬਾਰ ਦਿਨ ਦੇ ਵੇਲੇ ਵੰਡਿਆ ਜਾਂਦਾ ਹੈ! ਅਸੀਂ ਰਾਤੋ ਰਾਤ ਵੰਡ ਦੇਂਦੇ ਹਾਂ, ਅਗੋ ਭਾਵੇਂ ਦਿਨ ਵੇਲੇ ਵੰਡਿਆ ਜਾਂਦਾ ਹੈ।

ਪਤਨੀ—ਤੁਸੀ ਤਾਂ ਅਜ ਪਹਿਲੀ ਵਾਰ ਚਲੇ ਹੋ। ਅਗੋਂ ਪਿਛੋਂ ਵੇਖ ਕੇ ਜਾਣਾ।

ਪਤੀ—(ਜਾਂਦੇ ਹੋਏ) ਮੈਂ ਕ੍ਰਿਸ਼ਨ ਦੀ ਮਾਂ ਨੂੰ ਭੇਜਦਾ ਜਾਵਾਂਗਾ ।

ਪਤਨੀ—ਚੰਗਾ।

ਪਤੀ ਪਿਛਲੇ ਪਾਸੇਂ ਜਾਂਦਾ ਹੈ। ਪਤਨੀ ਬਾਰੀ 'ਚੋਂ ਉਹਨੂੰ ਵੇਖਣ ਦੀ ਕੋਸ਼ਿਸ਼ ਕਰਦੀ ਹੈ । ਕੁਝ ਚਿਰ ਬਾਦ ਉਹਦੇ ਪੈਰਾਂ ਦੀ ਆਵਾਜ਼ ਬੰਦ ਹੋ ਜਾਂਦੀ ਹੈ। ਫਿਰ ਪਤਨੀ ਮੰਜੇ ਤੇ ਕਮਲੇਸ਼ ਕੋਲ ਆ ਕੇ ਬਹਿ ਜਾਂਦੀ ਹੈ। ਅਧਾ ਕੁ ਮਿੰਟ ਸਾਹਮਣੇ ਵਲ ਤਕਦੀ ਹੈ। ਅਚਾਨਕ ਕਮਲੇਸ਼ ਨੂੰ ਖੰਘ ਦਾ ਦੌਰਾ ਪੈ ਜਾਂਦਾ ਹੈ। ਪਤਨੀ ਓਹਦੀ ਛਾਤੀ ਮਲਣ ਲਗ ਜਾਂਦੀ ਹੈ, ਪਰ ਖੰਘ ਉਹਦੀ ਘਟਦੀ ਨਹੀਂ। ਫੇਰ ਪਤਨੀ ਬੋਤਲ ਵਿਚ ਗਰਮ ਪਾਣੀ ਪਾਂਦੀ ਹੈ ਤੇ ਉਸ ਦੀ ਛਾਤੀ ਉਪਰ ਰਖਦੀ ਹੈ। ਖੰਘ ਜ਼ਰਾ ਕੁ ਘਟਦੀ ਹੈ, ਪਰ ਪੂਰੀ ਨਹੀਂ । ਇਨੇ ਨੂੰ ਸੁਸ਼ੀਲਾ ਰਾਣੀ, ੫੦ ਸਾਲਾਂ ਦੀ ਬੁਢੀ ਔਰਤ, ਆਂਦੀ ਹੈ।

ਸੁਸ਼ੀਲਾ—ਤੂੰ ਉਹਨਾਂ ਨੂੰ ਜਾਣ ਕਿਉਂ ਦਿਤਾ ਹੈ ? ਇਹ ਗ਼ਲਤੀ ਕੀਤੀ ਹੈ।

ਪਤਨੀ–ਕਮਲੇਸ਼ ਦੀ ਹਾਲਤ ਬਹੁਤ ਖਰਾਬ ਹੁੰਦੀ ਜਾਂਦੀ ਸੀ।

ਸੁਸ਼ੀਲਾ–ਹੁਣ ਕਿਸ੍ ਤਰ੍ਹਾਂ ਹੈ ?

ਪਤਨੀ–ਗਸ਼ੀ ਵਿਚ ਪਈ ਹੈ। ਬੁੜਬੁੜਾਂਦੀ ਵੀ ਹੈ। ਕਦੀ ਕਦੀ ਖੰਘ ਦਾ ਅਜੇਹਾ ਦੌਰਾ ਛਿੜਦਾ ਹੈ ਕਿ ਸਾਹ ਨਾਲ ਸਾਹ ਨਹੀਂ ਰਲਦਾ।

ਸੁਸ਼ੀਲਾ–ਉਹਨਾਂ ਨੂੰ ਤੂੰ ਜਾਣ ਤਾਂ ਦਿਤਾ ਹੈ, ਪਰ ਸੋਚਿਆ ਵੀ ਹੈ ਕਿ ਮੌਕਾ ਕਿਹੋ ਜਿਹਾ ਹੈ ?

ਪਤਨੀ–ਮੈਂ ਤਾਂ ਕਿਹਾ ਸੀ, ਮੈਂ ਜਾਂਦੀ ਹਾਂ, ਪਰ ਉਹ ਮੰਨੇ ਹੀ ਨਹੀਂ। ਕਹਿਣ ਲਗੇ, ਮੈਂ ਆਪ ਜਾਂਦਾ ਹਾਂ।

ਸੁਸ਼ੀਲਾ–ਤੇ ਤੂੰ ਉਹਨਾਂ ਨੂੰ ਜਾਣ ਦਿਤਾ ?

ਪਤਨੀ–ਕਿਸੇ ਤਾਂ ਜਾਣਾ ਹੀ ਸੀ। ਹੋਰ ਕੌਣ ਜਾਂਦਾ ?

ਸੁਸ਼ੀਲਾ–ਕਰਫ਼ੀਓ ਵਿਚ ਬਾਹਰ ਨਿਕਲਣਾ ਹਥੇਲੀ ਤੇ ਸਿਰ ਧਰ ਕੇ ਨਿਕਲਣ ਬਰਾਬਰ ਹੈ।

ਪਤਨੀ–ਸਮਝ ਨਹੀਂ ਸੀ ਆਂਦੀ ਕਿ ਕੀ ਕਰੀਏ। ਜਿਹੜੀ ਤੁਸੀਂ ਫੱਕੀ ਦੇ ਗਏ ਸੀ, ਉਸ ਨਾਲ ਤਾਂ ਕੋਈ ਫ਼ਰਕ ਨਹੀਂ ਪਿਆ।

ਸੁਸ਼ੀਲਾ–ਮੈਂ ਡਾਕਟਰ ਜਾਂ ਹਕੀਮ ਥੋੜੀ ਹਾਂ। ਇਹ ਟੋਟਕੇ ਤਾਂ ਮਾੜੀ ਮੋਟੀ ਤਕਲੀਫ਼ ਲਈ ਹੁੰਦੇ ਨੇ। ਜ਼ਿਆਦਾ ਤਕਲੀਫ ਹੋਵੇ, ਫੇਰ ਤਾਂ ਡਾਕਟਰਦਾ ਇਲਾਜ ਹੀ ਕਰਨਾ ਪੈਂਦਾ ਹੈ।

ਪਤਨੀ–ਤਾਹੀਓਂ ਤਾਂ ਡਾਕਟਰ ਵਲ ਗਏ ਨੇ। ਹਥ ਲਾ ਕੇ ਵੇਖੋ, ਕਿੜਾ ਸ਼ੂਕਦਾ ਬੁਖਾਰ ਹੈ।

ਸੁਸ਼ੀਲਾ–ਪਰ ਪੁਤਰ, ਤੂੰ ਖਤਰਾ ਬੜਾ ਸਹੇੜਿਆ ਹੈ। ਜੇ ਰਬ ਨਾ ਕਰੇ ਕੁਝ ਹੋ ਜਾਵੇ, ਤਾਂ.........

ਪਤਨੀ–ਪਰਮਾਤਮਾ ਹੀ ਰਖਿਆ ਕਰਨ ਵਾਲਾ ਹੈ।

ਸੁਸ਼ੀਲਾ–ਭਗਵਾਨ ਭਲਾ ਹੀ ਕਰੇਗਾ।

ਕਮਲੇਸ਼ ਨੂੰ ਖੰਘ ਦਾ ਦੌਰਾ ਪੈਂਦਾ ਹੈ। ਦੋਵੇਂ ਉਸ ਵਲ ਹੁੰਦੀਆਂ ਹਨ, ਛਾਤੀ ਮਲਦੀਆਂ ਹਨ, ਪਰ ਬਣਦਾ ਕੁਝ ਨਹੀਂ। ਉਹਦੀ ਖੰਘ ਵਧਦੀ ਹੀ ਚਲੀ ਜਾਂਦੀ ਹੈ। ਮਿੰਟ ਡੇਢ ਮਿੰਟ ਬਾਦ ਰਤਾ ਕੁ ਘਟਦੀ ਹੈ।

ਪਤਨੀ–ਇਹੋ ਤਾਂ ਪਤਾ ਨਹੀਂ ਲਗਦਾ ਕੀ ਕਰੀਏ। ਖੰਘ ਜੂ ਛਿੜਦੀ ਹੈ, ਜੂ ਛਿੜਦੀ ਹੈ, ਹਟਣ ਦਾ ਨਾਂ ਨਹੀਂ ਲੈਂਦੀ।

ਸੁਸ਼ੀਲਾ–ਸ਼ਾਮ ਵੇਲੇ ਇੰਨਾ ਨਹੀਂ ਸੀ ਲਗਦਾ ਕਿ ਹਾਲਤ ਇੰਨੀ ਖਰਾਬ ਹੋ ਜਾਵੇਗੀ।

ਪਤਨੀ–ਜੇ ਮੈਨੂੰ ਇੰਨਾ ਖਿਆਲ ਹੁੰਦਾ ਤਾਂ ਜ਼ਰੂਰ ਕੋਈ ਨਾ ਕੋਈ ਬੰਦੋ-ਬਸਤ ਕਰਦੀ।

ਸੁਸ਼ੀਲਾ–ਮੈਂ ਤਾਂ ਤੈਨੂੰ ਕਿਹਾ ਸੀ ਕਿ ਬਚੀ ਦੀ ਹਾਲਤ ਠੀਕ ਨਹੀਂ।

ਪਤਨੀ–ਮੈਂ ਵੀ ਉਹਨਾਂ ਨੂੰ ਇਸੇ ਕਰ ਕੇ ਸੁਨੇਹਾ ਭੇਜਿਆ ਸੀ, ਪਰ ਉਹ ਵੇਲੇ ਸਿਰ ਆ ਹੀ ਨਹੀਂ ਸਕੇ।

ਸੁਸ਼ੀਲਾ–ਇਹੋ ਤਾਂ ਮਰਦਾਂ ਦਾ ਦੁਖ ਹੁੰਦਾ ਹੈ। ਆਪਣੇ ਕੰਮਾਂ ਵਿਚ ਲਗੇ ਰਹਿੰਦੇ ਨੇ ਤੇ ਘਰ ਵਾਲੀ ਤੇ ਬਚਿਆਂ ਨੂੰ ਭੁਲ ਹੀ ਜਾਂਦੇ ਨੇ।

ਪਤਨੀ–ਅਜ ਕਲ ਕੰਮ ਹੀ ਅਜੇਹਾ ਹੈ ਇਹਨਾਂ ਦਾ ਕਿ ਹਿਲ ਹੀ ਨਹੀਂ ਸਕਦੇ। ਨਹੀਂ ਤਾਂ ਕਮਲੇਸ਼ ਦੀ ਬੀਮਾਰੀ ਦਾ ਸੁਣ ਕੇ ਉਹ ਦੂਜੇ ਸ਼ਹਿਰੋਂ ਵੀ ਆ ਜਾਣ।

ਸੁਸ਼ੀਲਾ–(ਬੱਚੀ ਦੇ ਸਿਰ ਉਪਰ ਹਥ ਫੇਰ ਕੇ) ਪਿਆਰ ਤਾਂ ਉਹ ਬੜਾ ਕਰਦੇ ਨੇ ਬਚੀ ਨੂੰ, ਪਰ ਕੀ ਬਣਿਆ? ਜੇ ਵੇਲੇ ਸਿਰ ਰਾਤੀਂ ਆਏ ਹੁੰਦੇ ਤਾਂ ਇੰਨੀ ਤਕਲੀਫ਼ ਨਾ ਹੁੰਦੀ ਹੁਣ।

ਪਤਨੀ–ਤੇ ਇੰਨਾ ਖਤਰਾ ਵੀ ਨਾ ਸਹੇੜਨਾ ਪੈਂਦਾ।

ਸੁਸ਼ੀਲਾ–ਹੋਰ ਕੀ!

ਪਤਨੀ–(ਡੂੰਘਾ ਸਾਹ ਭਰ ਕੇ) ਅਛਾ, ਰਬ ਹੁਣ ਵੀ ਸੁਖ ਹੀ ਕਰੇਗਾ।

ਸੁਸ਼ੀਲਾ–ਇਹਦਾ ਸਾਹ ਸੁਣ, ਕਿਵੇਂ ਉਖੜਿਆ ਉਖੜਿਆ ਹੈ।

ਪਤਨੀ–(ਭੈ-ਭੀਤ ਹੋ ਕੇ) ਰਬ ਸੁਖ ਕਰੇ! ਪਤਾ ਨਹੀਂ ਕਿਥੇ ਗੋਲੀ ਚਲੀ ਏ!

ਸੁਸ਼ੀਲਾ–ਕੋਈ ਪਤਾ ਨਹੀਂ ਇਹਨਾਂ ਸਿਪਾਹੀਆਂ ਦਾ? ਮਸਤੇ ਪਏ ਨੇ ਅਜ ਕਲ।

ਪਤਨੀ–(ਕਾਂਬਾ ਛਿੜਦੇ ਹੋਏ ਪਰਤੀਤ ਕਰ ਕੇ) ਨਹੀਂ ਸੀ ਜਾਣ ਦੇਣਾ ਚਾਹੀਦਾ। ਗ਼ਲਤੀ ਕੀਤੀ ਹੈ ਮੈਂ।

ਸੁਸ਼ੀਲਾ–ਬੜੀ ਭਾਰੀ ਗ਼ਲਤੀ ਕੀਤੀ ਹੈ।

ਪਤਨੀ–ਪਤਾ ਨਹੀਂ ਹੁਣ ਉਹ ਕਿਥੇ ਨੇ, ਕਿਵੇਂ ਨੇ। ਕੀ ਪਤਾ ਹੈ!...... (ਉਹਦਾ ਗਲਾ ਭਰ ਆਉਂਦਾ ਹੈ ਤੇ ਉਹ ਕੁਝ ਨਹੀਂ ਕਹਿ ਸਕਦੀ)।

ਸੁਸ਼ੀਲਾ–ਪੁਤਰ, ਦਿਲਾਸਾ ਕਰ ਹੁਣ, ਦਿਲਾਸਾ। ਹੁਣ ਉਹ ਜਿਨੇ ਤਕ ਵਾਪਸ ਨਹੀਂ ਆਉਂਦੇ, ਦਿਲ ਦਾ ਫਿਕਰ ਤਾਂ ਮਠਾ ਨਹੀਂ ਹੋ ਸਕਦਾ।

ਪਤਨੀ–(ਰੋਣ-ਭਰੀ ਆਵਾਜ਼ ਵਿਚ) ਜਿਥੇ ਇਨੀ ਰਾਤ ਲੰਘ ਗਈ ਸੀ, ਦੋ ਘੰਟੇ ਹੋਰ ਵੀ ਲੰਘ ਜਾਂਦੇ। (ਬੱਚੀ ਵਲ ਤਕਦੀ ਹੈ ਤੇ ਸਗੋਂ ਹੋਰ ਰੋਣ ਲਗ ਪੈਂਦੀ ਹੈ)।

ਸੁਸ਼ੀਲਾ–ਹੌਸਲਾ ਕਰ, ਪੁਤਰ, ਹੌਸਲਾ। ਭਗਵਾਨ ਸਭ ਭਲੀ ਕਰੇਗਾ। ਘਬਰਾਣ ਨਾਲ ਤਾਂ ਕੁਝ ਨਹੀਂ ਬਣਦਾ।

ਪਤਨੀ–ਮੇਰੀ ਗ਼ਲਤੀ ਹੋਈ ਹੈ। ਮੈਨੂੰ ਨਹੀਂ ਸੀ ਜਾਣ ਦੇਣਾ ਚਾਹੀਦਾ।

ਸੁਸ਼ੀਲਾ–ਹੁਣ ਅਫ਼ਸੋਸ ਕਰਨ ਦਾ ਕੋਈ ਫ਼ਾਇਦਾ ਨਹੀਂ। ਜਿਨੇ ਤਕ ਉਹ ਮੁੜ ਕੇ ਨਹੀਂ ਆਉਂਦੇ, ਫ਼ਿਕਰ ਤਾਂ ਲਗਿਆ ਹੀ

ਰਹੇਗਾ । ਪਰ ਹੁਣ ਬੱਚੀ ਵਲ ਧਿਆਨ ਕਰ, ਮਤੇ ਇਹਨੂੰ ਕੋਈ ਹੋਰ ਤਕਲੀਫ਼ ਹੋ ਜਾਵੇ।

ਪਤਨੀ–(ਨਿਢਾਲ ਆਵਾਜ਼ ਵਿਚ) ਪਰ ਕੀ ਕਰੀਏ ? ਦਵਾਈ ਵੀ ਤਾਂ ਕੋਈ ਨਹੀਂ ਜਿਹੜੀ ਦੇਵੀਏ। ਜੋ ਕੁਝ ਹੈ ਸੀ ਦੇ ਬੈਠੀ ਹਾਂ। ਤੁਹਾਡੀ ਟੱਕੀ ਦਾ ਵੀ ਕੋਈ ਅਸਰ ਨਹੀਂ ਹੋਇਆ।

ਸੁਸ਼ੀਲਾ–(ਦਿਲਾਸੇ ਦੀ ਆਵਾਜ਼ ਵਿਚ) ਸਮਝੋ ਹੁਣੇ ਦਵਾਈ ਲੈ ਕੇ ਆਏ ਤੇ ਆਏ।

ਪਤਨੀ–ਗੋਲੀਆਂ ਚਲਦੀਆਂ ਪਈਆਂ ਨੇ ਬਾਹਰ। ਪਤਾ ਨਹੀਂ ਕੀ ਹੁੰਦਾ ਹੈ !

ਸੁਸ਼ੀਲਾ–(ਗਲ ਪਰਤਾਣ ਦੀ ਖ਼ਾਤਰ) ਕਰਫ਼ੀਊ ਵੇਲੇ ਕਈ ਵਾਰੀ ਗੋਲੀਆਂ ਚਲਦੀਆਂ ਹੀ ਹੁੰਦੀਆਂ ਨੇ।

ਪਤਨੀ–ਉਹਨਾਂ ਸ਼ਿਕਾਰੇ ਵਿਚ ਪਾਰ ਜਾਣਾ ਸੀ। ਕੀ ਪਤਾ ਹੈ ਸ਼ਿਕਾਰੇ ਤੇ ਗੋਲੀ ਚਲੀ ਹੋਵੇ।

ਸੁਸ਼ੀਲਾ–(ਥਾਪੀ ਦੇ ਕੇ) ਪੁਤਰ, ਐਵੇਂ ਸੋਚੀ ਜਾਣ ਨਾਲ ਤਾਂ ਦਿਲ ਨੂੰ ਫ਼ਿਕਰ ਹੀ ਲਗਦਾ ਹੈ, ਤਸੱਲੀ ਤਾਂ ਨਹੀਂ ਮਿਲਦੀ। ਇਸ ਵਾਸਤੇ ਬਹੁਤਾ ਨਾ ਸੋਚ ਤੂੰ...।

ਪਤਨੀ–ਸੋਚਾਂ ਕਿਸ ਤਰ੍ਹਾਂ ਨਾ ?

ਕਮਲੇਸ਼ ਨੂੰ ਖੰਘ ਦਾ ਇਕ ਹੋਰ ਦੋਰਾ ਪੈਂਦਾ ਹੈ। ਦੋਹਾਂ ਦਾ ਧਿਆਨ ਉਸ ਵਲ ਹੋ ਜਾਂਦਾ ਹੈ। ਦੂਰੋਂ ਦੋੜਦੇ ਕਦਮਾਂ ਦੀ ਆਪਾਜ਼ ਸੁਣੀਂਦੀ ਹੈ। ਫੇਰ ਅਚਾਨਕ ਬਹਾ ਜ਼ੋਰ ਨਾਲ ਖੁਲ੍ਹਦਾ ਹੈ ਤੇ ਪਤੀ ਅੰਦਰ ਜਾਂਦਾ ਹੈ। ਪਤਨੀ ਅਬੜਵਾਹੇ ਉਠ ਖੜੋਂਦੀ ਹੈ ਤੇ ਦੌੜ ਕੇ ਉਹਨੂੰ ਫੜ ਲੈਂਦੀ ਹੈ।

ਪਤਨੀ–ਤੁਸੀਂ ਆ ਗਏ, ਸ਼ੁਕਰ ਹੈ ! ਪਰਮਾਤਮਾ ਦਾ ਲਖ ਲਖ ਸ਼ੁਕਰ ਹੈ। ਗੋਲੀਆਂ ਚਲਦੀਆਂ ਸਨ–ਮੈਂ ਕਿਹਾ ਰਬ ਸੁਖ ਕਰੇ।

ਪਤੀ–(ਸਾਹੋ ਸਾਹੀ ਬੋਲਦਾ ਹੋਇਆ) ਬੜੀ ਮੁਸ਼ਕਲ ਨਾਲ ਬਚਿਆ ਹਾਂ। ਸਿਪਾਹੀਆਂ ਨੇ ਮੈਨੂੰ ਵੇਖ ਲਿਆ ਸੀ। ਇਕ ਨੇ ਮੈਨੂੰ ਵਾਜ ਮਾਰੀ, ਮੈਂ ਦੌੜ ਪਿਆ। ਉਹਨਾਂ ਨੇ ਪਿਛੋਂ ਗੋਲੀਆਂ ਚਲਾ ਦਿਤੀਆਂ।

ਪਤਨੀ–ਮੇਰਾ ਤਾਂ ਦਿਲ ਧਕ ਧਕ ਕਰਦਾ ਸੀ। ਸੋਚਾਂ, ਪਤਾ ਨਹੀਂ ਕੀ ਹੋਇਆ ਹੋਣਾ ਹੈ !

ਪਤੀ–ਮੈਂ ਇਕ ਦੁਕਾਨ ਦੇ ਨਾਲ ਇਕ ਗਲੀ ਵਿਚ ਲੁਕ ਗਿਆ। ਜੇ ਨਾ ਲੁਕਦਾ ਤਾਂ ਸ਼ਾਇਦ ਗੋਲੀ ਲਗ ਹੀ ਜਾਣੀ ਸੀ।

ਪਤਨੀ–(ਖ਼ੁਸ਼ੀ ਦੇ ਹੰਝੂਆਂ ਨਾਲ) ਇਹ ਚੰਗਾ ਕੀਤਾ ਤੁਸੀਂ।

ਪਤੀ–(ਕਮਲੇਸ਼ ਵਲ ਤਕ ਕੇ) ਕਿਸ ਤਰ੍ਹਾਂ ਹਾਲਤ ਹੈ ਇਸ ਦੀ ? ਕੋਈ ਨਵੀਂ ਗਲ ਤਾਂ ਨਹੀਂ ਹੋਈ ?

ਪਤਨੀ–ਖੰਘਦੀ ਉਸੇ ਤਰ੍ਹਾਂ ਪਈ ਹੈ ਤੇ ਗਸ਼ੀ ਵੀ ਕੋਈ ਨਹੀਂ ਹਟੀ।

ਪਤੀ–(ਬਚੀ ਨੂੰ ਪਿਆਰ ਕਰ ਕੇ) ਹੁਣ ਤਾਂ ਕਰਫ਼ੀਊ ਖੁਲ੍ਹਣ ਤੇ ਹੀ ਦਵਾਈ ਆ ਸਕੇਗੀ।

ਪਤਨੀ–ਉਸ ਵੇਲੇ ਮੈਂ ਆਪ ਚਲੀ ਜਾਵਾਂਗੀ।

ਪਤੀ–ਤੂੰ ?

ਪਤਨੀ–ਕੀ ਹੋ ਗਿਆ ? ਜੇ ਮੈਨੂੰ ਕਹਿਣਗੇ ਮਹਾਰਾਜੇ ਦੀ ਜੈ ਕਹਿ ਤਾਂ ਮੈਂ ਕਹਿ ਦੇਵਾਂਗੀ। ਜੇ ਕਹਿਣ ਨਾਲ ਭਲਾ ਜੈ ਥੋੜੀ ਹੋ ਜਾਂਦੀ ਹੈ !

ਪਤੀ–ਤੇਰੀ ਮਰਜ਼ੀ।

ਪਤਨੀ–ਬੱਚੀ ਦੀ ਖ਼ਾਤਰ ਜੇ ਇਕ ਵਾਰੀ ਝੂਠ ਬੋਲ ਦੇਵਾਂਗੀ ਤਾਂ ਆਖ਼ਰ ਕਿਹੜੀ ਆ ਜਾਵੇਗੀ ? (ਪਤੀ ਨੂੰ ਚੁਪ ਵੇਖ ਕੇ) ਤੁਹਾਡੇ ਤੇ

ਕੋਈ ਹਰਫ਼ ਨਹੀਂ ਆਵੇਗਾ।

ਪਤੀ–ਲੋਕੀ ਇਹੋ ਕਹਿਣਗੇ ਪੰਜਾਬਣ ਸੀ ਆਖ਼ਰ!

ਪਤਨੀ–ਕਹਿੰਦੇ ਨੇ ਤਾਂ ਕਹਿਣ ਦੇਵੋ, ਮੈਂ ਇਹਨਾਂ ਗਲਾਂ ਪਿਛੇ ਆਪਣੀ ਬੱਚੀ ਗੁਆ ਲੈਣੀ ਏ!

ਬਚੀ ਨੂੰ ਫੇਰ ਖੰਘ ਦਾ ਦੌਰਾ ਪੈਂਦਾ ਹੈ। ਦੋਵੇਂ ਉਧਰ ਮੁੜਦੇ ਹਨ।

ਸੁਸ਼ੀਲਾ–ਇਹ ਗਲਾਂ ਫੇਰ ਕਰ ਲੈਣਾ, ਇਸ ਵੇਲੇ ਬੱਚੀ ਦਾ ਧਿਆਨ ਕਰੋ।

ਦੋਵੇਂ ਬੱਚੀ ਦੀ ਛਾਤੀ ਮਲਦੇ ਹਨ। ਪਤਨੀ ਹੋਰ ਗਰਮ ਪਾਣੀ ਰਖਦੀ ਹੈ ਸਟੋਵ ਤੇ। ਅਚਾਨਕ ਬੂਹੇ ਤੇ ਜ਼ੋਰ ਜ਼ੋਰ ਨਾਲ ਟਕ ਟਕ ਹੁੰਦੀ ਹੈ। ਸਾਰੇ ਸਹਿਮ ਜਾਂਦੇ ਹਨ। ਟਕ ਟਕ ਉਚੀ ਹੁੰਦੀ ਜਾਂਦੀ ਹੈ। ਇਹ ਕੋਈ ਜਵਾਬ ਨਹੀਂ ਦੇਂਦੇ। ਫੇਰ ਬਾਹਰੋਂ ਆਵਾਜ਼ਾਂ ਆਂਦੀਆਂ ਹਨ –'ਬੂਹਾ ਖੋਲ੍ਹੋ, ਬੂਹਾ ਖੋਲ੍ਹੋ।' ਪਤੀ ਤੇ ਪਤਨੀ ਇਕ ਦੂਜੇ ਵਲ ਤਕਦੇ ਹਨ। ਬਚੀ ਪਹਿਲਾਂ ਵਾਂਗ ਬੜੇ ਜ਼ੋਰਾਂ ਦੀ ਖੰਘਦੀ ਪਈ ਹੈ। ਸੁਸ਼ੀਲਾ ਰਾਣੀ ਬੋਲਦੀ ਹੈ।

ਸੁਸ਼ੀਲਾ–ਬੂਹਾ ਖੋਲ੍ਹੋ। ਪਤਾ ਨਹੀਂ ਕੌਣ ਹੈ!

ਪਤੀ–(ਅੰਦਰਲੀ ਘਬਰਾਹਟ ਨੂੰ ਲੁਕਾਂਦੇ ਹੋਏ) ਕਰਫ਼ੀਊ ਵਿਚ ਇਸ ਵੇਲੇ ਕੌਣ ਆਇਆ ਹੈ?

ਪਤਨੀ–ਗਸ਼ਤ ਵਾਲੇ ਸਿਪਾਹੀ ਰੌਸ਼ਨੀ ਵੇਖ ਕੇ ਨਾ ਆ ਗਏ ਹੋਣ!

ਟਕ ਟਕ ਉਸੇ ਤਰ੍ਹਾਂ ਹੋਈ ਜਾਈ ਜਾਂਦੀ ਹੈ। ਸਗੋਂ ਹੋਰ ਉਚੀ ਹੋ ਜਾਂਦੀ ਹੈ। ਨਾਲ ਹੀ ਧਮਕੀਆਂ ਵੀ ਸੁਣੀਨ ਲਗ ਜਾਂਦੀਆਂ ਹਨ, "ਖੋਲ੍ਹੋ ਨਹੀਂ ਤਾਂ ਬੂਹਾ ਤੋੜ ਦੇਵਾਂਗੇ।"

ਸੁਸ਼ੀਲਾ—ਖੋਲ੍ਹਣਾ ਹੀ ਪੈਣਾ ਹੈ।

ਟਕ ਟਕ ਕਰ ਕੇ ਕਮਲੇਸ਼ ਦੀ ਖੰਘ ਸਗੋਂ ਹੋਰ ਛਿੜ ਪੈਂਦੀ ਹੈ। ਉਹ ਬੇਹਾਲ ਹੋ ਰਹੀ ਹੈ ਤੇ ਸਾਹ ਉਹਦਾ ਉਖੜ ਜਾਂਦਾ ਹੈ। ਪਤੀ ਅਗੇ ਹੋ ਕੇ ਬੂਹਾ ਖੋਲ੍ਹਦਾ ਹੈ ਤੇ ਪਤਨੀ ਬੱਚੀ ਦੇ ਕੋਲ ਹੈ। ਦੋ ਸਿਪਾਹੀ ਜਿਨ੍ਹਾਂ ਦ ਹਥਾਂ ਵਿਚ ਬੰਦੂਕਾਂ ਨੇ, ਸਾਫ਼ ਦਿਸਦੇ ਹਨ। ਉਹਨਾਂ 'ਚੋਂ ਇਕ ਝਟ ਅਗੇ ਹੋ ਕੇ ਪਤੀ ਨੂੰ ਫੜ ਲੈਂਦਾ ਹੈ।

ਸਿਪਾਹੀ—ਹਰਾਮਜ਼ਾਦੇ, ਸਾਤੋਂ ਕੋਲੋਂ ਨਸ ਕੇ ਆ ਗਿਆ ਹੈਂ।

ਪਤੀ—(ਸੰਭਲਣ ਦੀ ਕੋਸ਼ਿਸ਼ ਕਰਦੇ ਹੋਏ) ਮੈਂ, ਮੈਂ, ਮੈਂ ਤਾਂ ਕਿਧਰੇ ਨਹੀਂ ਗਿਆ।

ਬੱਚੀ ਦੀ ਖੰਘ ਉਸੇ ਤਰ੍ਹਾਂ ਜ਼ੋਰਾਂ ਤੇ ਹੈ। ਪਤਨੀ ਉਸ ਕੋਲੋਂ ਉਠ ਕੇ ਪਤੀ ਵਲ ਆਂਦੀ ਹੈ, ਪਰ ਉਹਦੀ ਖੰਘ ਹੋਰ ਵਧ ਜਾਂਦੀ ਹੈ। ਸੋ ਓਹ ਮੁੜ ਜਾਂਦੀ ਹੈ।

ਸਿਪਾਹੀ—(ਪਤੀ ਨੂੰ ਜ਼ੋਰ ਦਾ ਝਟਕਾ ਮਾਰ ਕੇ) ਬਕਵਾਸ ਕਰਦਾ ਹੈ। ਤੇਰੇ ਕਪੜੇ ਮੈਂ ਪਛਾਣ ਨਹੀਂ ਸਕਦਾ ? (ਦੂਜੇ ਸਿਪਾਹੀ ਨੂੰ)

ਕਿਸਮਤ ਨਾਲ ਬਚ ਗਿਆ ਏ, ਨਹੀਂ ਤਾਂ ਹੁਣ ਨੂੰ ਬਾਹਰ ਨਾਲੀ ਵਿਚ ਪਿਆ ਹੋਣਾ ਸੀ।

ਕਮਲੇਸ਼ ਦੀ ਖੰਘ ਇਨੀ ਵਧ ਜਾਂਦੀ ਹੈ ਕਿ ਉਹਦਾ ਸਾਹ ਬਿਲਕੁਲ ਸਾਫ਼ ਉਖੜਨਾ ਸ਼ੁਰੂ ਹੋ ਜਾਂਦਾ ਹੈ।

ਪਤੀ–ਮੈਂ ਧਰਮ ਨਾਲ ਕਹਿੰਦਾ ਹਾਂ ਮੈਂ ਕਿਧਰੇ ਨਹੀਂ ਗਿਆ। (ਬੱਚੀ ਵਲ ਇਸ਼ਾਰਾ ਕਰ ਕੇ) ਵੇਖੋ, ਸਾਡੀ ਬਚੀ ਬੀਮਾਰ ਪਈ ਹੈ, ਖੰਘ ਨਾਲ ਇਹਦਾ ਬੁਰਾ ਹਾਲ ਹੈ। ਮੈਂ ਇਹਨੂੰ ਛਡ ਕੇ ਕਿਧਰੇ ਜਾ ਸਕਦਾ ਹਾਂ !

ਨੀ–(ਕਮਲੇਸ਼ ਦੀ ਮੰਜੀ ਤੋਂ ਉਠ ਕੇ) ਸੰਤਰੀ ਜੀ, ਤੁਹਾਨੂੰ ਗ਼ਲਤੀ ਲਗਦੀ ਹੋਣੀ ਹੈ; ਇਹ ਤਾਂ ਕਿਧਰੇ ਵੀ ਨਹੀਂ ਗਏ।

ਸਪਾਹੀ–ਤੁਸੀ ਦੋਵੇਂ ਝੂਠ ਬੋਲਦੇ ਹੋ। ਮੈਂ ਇਹਨੂੰ ਆਪ ਦੌੜਦੇ ਵੇਖਿਆ ਹੈ। (ਪਤੀ ਨੂੰ ਧਕਾ ਮਾਰ ਕੇ) ਚਲ ਮੇਰੇ ਨਾਲ। ਮੈਂ ਤੈਨੂੰ ਗ੍ਰਿਫ਼ਤਾਰ ਕਰਦਾ ਹਾਂ, ਤੂੰ ਰਾਤ ਨੂੰ ਕਰਫ਼ੀਊ ਤੋੜਿਆ ਹੈ।

ਪਤੀ–ਸੰਤਰੀ ਜੀ, ਤੁਹਾਨੂੰ ਗ਼ਲਤੀ ਲਗਦੀ ਹੈ, ਕੋਈ ਹੋਰ ਆਦਮੀ ਹੋਣਾ ਹੈ।

ਸਿਪਾਹੀ–ਬਕਵਾਸ ਨਾ ਕਰੋ। ਮੈਂ ਇਸੇ ਘਰ ਵਿਚ ਉਸ ਆਦਮੀ ਨੂੰ ਵੜਦੇ ਵੇਖਿਆ ਹੈ। ਤੇਰੇ ਇਲਾਵਾ ਹੋਰ ਕੌਣ ਹੋ ਸਕਦਾ ਹੈ ?

ਪਤੀ–ਸੰਤਰੀ ਜੀ (ਬਾਂਹ ਛੁੜਾਂਦੇ ਹੋਏ) ਮੈਂ ਸਚ ਕਹਿੰਦਾ ਹਾਂ ਮੈਂ ਨਹੀਂ ਸਾਂ, ਮੈਂ ਬਿਲਕੁਲ ਨਹੀਂ ਸਾਂ।

ਸਿਪਾਹੀ–(ਧਕਾ ਮਾਰਦੇ ਹੋਏ) ਚਲੋ, ਚਲੋ। ਇਹ ਬਕਵਾਸ ਥਾਣੇ ਵਿਚ ਜਾ ਕੇ ਕਰਨੀ।

ਪਤੀ ਜਾਣਾ ਨਹੀਂ ਚਾਹੁੰਦਾ, ਪਰ ਸਿਪਾਹੀ ਧਕੇ ਮਾਰਦਾ ਹੈ। ਬੱਚੀ, ਜਿਹੜੀ ਵਿਚ ਸਾਰਾ ਚਿਰ ਖੰਘਦੀ ਰਹੀ ਹੈ

ਇਕ ਅਜੀਬ ਜਿਹਾ ਸਾਹ ਲੈਂਦੀ ਹੈ। ਪਤਨੀ ਉਸ ਵਲ ਹੁੰਦੀ ਹੈ। ਕਾਫ਼ੀ ਖੰਘਣ ਦੇ ਬਾਦ ਉਸ ਦਾ ਸਾਹ ਰੁਕ ਜਾਂਦਾ ਹੈ, ਫੇਰ ਤੁਰ ਪੈਂਦਾ ਹੈ। ਬੱਚੀ ਦਾ ਉਖੜਿਆ ਸਾਹ ਵੇਖ ਕੇ ਸੁਸ਼ੀਲਾ ਰਾਣੀ ਸਿਪਾਹੀ ਨੂੰ ਕਹਿੰਦੀ ਹੈ–

ਸੁਸ਼ੀਲਾ–ਬਚੀ ਦੀ ਹਾਲਤ ਤੇ ਰਹਿਮ ਕਰੋ।

ਸਿਪਾਹੀ–ਅਸੀਂ ਆਪਣੀ ਡਿਊਟੀ ਦੀ ਜਗ੍ਹਾ ਤੇ ਪਹੁੰਚਣਾ ਹੈ।

ਕਮਲੇਸ਼ ਨੂੰ ਇਕ ਡੂੰਘਾ ਜਿਹਾ ਗੋਤਾ ਆਂਦਾ ਹੈ। ਉਹ ਮੁਠੀਆਂ ਵਟਦੀ ਹੈ ਤੇ ਸੁਆਸ ਛਡ ਦੇਂਦੀ ਹੈ। ਪਰ ਇਸ ਦੇ ਬਾਵਜੂਦ ਸਿਪਾਹੀ ਪਤੀ ਨੂੰ ਬਾਹਰ ਵਲ ਧਰੀਕ ਰਿਹਾ ਹੈ। ਉਹਦੀਆਂ ਅਖਾਂ ਮਿੰਨਤ ਕਰ ਰਹੀਆਂ ਹਨ ਕਿ ਮੈਨੂੰ ਬਾਹਰ ਨਾ ਧਰੀਕੋ, ਪਰ ਕੋਈ ਨਾ। ਬੱਚੀ ਨੂੰ ਸਵਾਸ ਛਡਦਿਆਂ ਵੇਖ ਕੇ ਕੜਕ ਬੋਲਦੀ ਹੈ –

ਪਤਨੀ–ਮੇਰੀ ਬੱਚੀ ਨੂੰ ਤਾਂ ਲੈ ਲਿਆ ਜੇ, ਹੁਣ ਮੇਰੇ ਪਤੀ ਨੂੰ ਵੀ ਲੈ ਚਲੇ ਹੋ ?

ਦੋਵੇਂ ਸਿਪਾਹੀ ਇਕ ਦੂਜੇ ਵਲ ਤਕਦੇ ਹਨ। ਮਾੜੀ ਜਿਹੀ ਆਪਸ ਵਿਚ ਘੁਸਰ ਮੁਸਰ ਕਰਦੇ ਹਨ। ਫੇਰ ਇਕ ਸਿਪਾਹੀ ਪਤੀ ਦੀ ਬਾਹ ਛਡ ਦੇਂਦਾ ਹੈ।

ਸਿਪਾਹੀ–ਦੇਰ ਨਾ ਲਾਣਾ, ਅਸੀਂ ਉਡੀਕਦੇ 'ਪਏ ਹਾਂ।

ਇਹ ਕਹਿ ਕੇ ਦੋਵੇਂ ਸਿਪਾਹੀ ਬਾਹਰ ਵਲ ਬੂਹੇ ਦੇ ਨੇੜੇ ਹੁੰਦੇ ਹਨ ਤੇ ਪਤੀ, ਪਤਨੀ ਤੇ ਸੁਸ਼ੀਲਾ ਰਾਣੀ ਕਮਲੇਸ਼ ਉਪਰ ਝੁਕਦੇ ਸਨ।